ਕੈਨੇਡਾ ਦਰਪਣ

ਅਪ੍ਰੈਲ 1-14, 1988

April 1-14, 1988

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

APRIL 1-14, 1988 Vol. 07 No. 12 Out of Greater Vancouver 75¢ Second Class Mail Reg. No. 5991

ਕੈਨੇਡਾ ਦਰਪਣ

The Canada Darpan The Punjabi Newspaper

Ph. (604) 581-4473
P.O.BOX 265, Surrey, B.C. V3T 4W8

ਦਹਿਸ਼ਤਗਰਦ ਸਰਕਾਰ ਦੇ ਹੱਥਾਂ ਵਿੱਚ ਖੇਡ ਰਹੇ ਹਨ

ਪੰਜਾਬ 'ਚ ਫੌਜੀ ਰਾਜ ਦੀ ਤਿਆਰੀ

ਚੰਡੀਗੜ੍ਹ — ਪਿਛਲੇ ਦੋ ਹਫਤੇ ਤੋਂ ਦਹਿਸ਼ਤਗਰਦੀ ਕਾਰਵਾਈਆਂ 'ਚ ਲਗਾਤਾਰ ਵਾਧੇ ਕਾਰਨ ਪੰਜਾਬ 'ਚ ਐਮਰਜੈਂਸੀ ਲਗਾ ਕੇ ਫੌਜ ਭੇਜੇ ਜਾਣ ਦੇ ਸੰਕੇਤ ਮਿਲੇ ਹਨ। ਪਿਛਲੇ 48 ਘੰਟੇ ਵਿਚ ਪੰਜਾਬ 'ਚ 51 ਕਤਲ ਹੋਏ ਹਨ। ਪਿਛਲੇ ਤਿੰਨ ਮਹੀਨਿਆਂ ਵਿਚ ਦਹਿਸ਼ਤਗਰਦਾਂ ਹੱਥੋਂ 678 ਨਿਰਦੋਸ਼ ਵਿਅਕਤੀ ਕਤਲ ਕੀਤੇ ਗਏ। ਇਥੋਂ ਦੇ ਸੂਤਰਾਂ ਦਾ ਕਹਿਣਾ ਹੈ ਕਿ ਆਪਣੇ ਦਿੱਲੀ ਦੌਰੇ ਤੋਂ ਵਾਪਸ ਆ ਕੇ ਪੰਜਾਬ ਦੇ ਗਵਰਨਰ ਸ੍ਰੀ ਸਿਧਾਰਥ ਸ਼ੰਕਰ ਰੇਅ ਨੇ ਆਪਣੇ ਸਲਾਹਕਾਰਾਂ ਨੂੰ ਕੇਂਦਰੀ ਆਗੂਆਂ ਦੀ ਇੱਛਾ ਤੋਂ ਜਾਣੂ ਕਰਾ ਦਿੱਤਾ ਹੈ ਕਿ ਕੇਂਦਰ ਪੰਜਾਬ 'ਚ ਹੰਗਾਮੀ ਹਾਲਤ ਲਾਗੂ ਕਰਨ ਲਈ ਤਿਆਰ ਹੈ।

ਦਹਿਸ਼ਤਗਰਦੀ ਕਾਰਵਾਈਆਂ

ਸਾਡੇ ਪੱਤਰਕਾਰ ਦਾ ਕਹਿਣਾ ਹੈ ਕਿ ਦਹਿਸ਼ਤਗਰਦੀ ਕਾਰਵਾਈਆਂ 'ਚ ਵਾਧਾ ਇਸੇ ਕਾਰਨ ਹੋਇਆ ਹੈ ਤਾਂਕਿ ਕੇਂਦਰ ਜਲਦੀ ਐਮਰਜੈਂਸੀ ਲਾਗੂ ਕਰੇ। ਮੁੱਖ-ਗੁੰਥੀਆਂ ਨੂੰ ਛੱਡੇ ਜਾਣ ਦਾ ਕਾਰਨ ਵੀ ਇਹੀ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦੀ ਰਿਹਾਈ ਪਿਛੇ ਕੇਂਦਰ ਦੀ ਇਹੀ ਚਾਲ ਸੀ ਕਿ ਮੁੱਖ-ਗੁੰਥੀ ਕਤਲ ਰੋਕਣ ਤੋਂ ਅਸਮਰਥ ਰਹਿਣਗੇ ਤੇ ਕੇਂਦਰ ਨੂੰ ਐਮਰਜੈਂਸੀ ਲਾਉਣ ਦਾ ਮੌਕਾ ਮਿਲੇਗਾ।

ਇਕ ਪ੍ਰਵਾਰ ਦੇ 10 ਜੀਅ ਹਲਾਕ

ਅੰਮ੍ਰਿਤਸਰ ਜ਼ਿਲੇ ਦੇ ਪਿੰਡ ਕੌਰਾ ਭਗਵਾਨ ਵਿਚ ਦਹਿਸ਼ਤਗਰਦਾਂ ਨੇ ਜਸਵੰਤ ਸਿੰਘ ਦੇ ਪ੍ਰਵਾਰ ਦੇ ਅੱਠ ਜੀਅ ਅਤੇ ਦੋ ਰਿਸ਼ਤੇਦਾਰ ਗੋਲੀਆਂ ਨਾਲ ਮੌਤ ਦੀ ਘਾਟ ਉਤਾਰ ਦਿੱਤੇ। ਮਰਨ ਵਾਲਿਆਂ ਵਿਚ ਚਾਰ ਔਰਤਾਂ ਸਨ ਅਤੇ ਚਾਰ ਬੱਚੇ ਸਨ ਜੋ ਪੰਜ ਸਾਲ ਦੀ ਉਮਰ ਤੋਂ ਵੀ ਛੋਟੇ ਸਨ। ਗੈਰ-ਕਾਨੂੰਨੀ ਕਰਾਰ ਦਿਤੀ ਅਖੌਤੀ ਖਾਲਿਸਤਾਨ ਕਮਾਂਡੋ ਫੋਰਸ ਦੀ ਇਕ ਚਿੱਠੀ ਘਰ ਵਿਚੋਂ ਮਿਲੀ ਜਿਸ ਵਿਚ ਪ੍ਰਵਾਰ ਉਤੇ ਮੁਖਬਰ ਹੋਣ ਦਾ ਦੋਸ਼ ਲਾਇਆ ਹੋਇਆ ਸੀ। ਜਸਵੰਤ ਸਿੰਘ ਦੇ ਪਿਤਾ ਸ: ਪਾਲ ਸਿੰਘ ਦੋ ਸਾਲ ਪਹਿਲਾਂ ਦਹਿਸ਼ਤਗਰਦਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਏ ਸਨ। ਜਸਵੰਤ ਸਿੰਘ ਦੇ ਪ੍ਰਵਾਰ ਉਤੇ ਛੇ ਦਹਿਸ਼ਤਗਰਦਾਂ ਨੇ ਹਮਲਾ ਕੀਤਾ।

ਬਾਕੀ ਪੰਨਾ 2 'ਤੇ

ਅਸੰਬਲੀ ਚੋਣਾਂ ਹੋਈਆਂ ਤਾਂ ਮਾਨ ਪੰਜਾਬ ਦੇ ਮੁਖ ਮੰਤਰੀ ਹੋਣਗੇ?



ਸਿਮਰਨਜੀਤ ਸਿੰਘ ਮਾਨ

ਪਟਨਾ — ਪੰਜਾਬ ਵਿਚ ਵਿਧਾਨ ਸਭਾ ਲਈ ਜਦੋਂ ਵੀ ਚੋਣਾਂ ਹੋਈਆਂ ਸੰਯੁਕਤ ਅਕਾਲੀ ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦਾ ਹੱਥ ਉਤੇ ਹੋਵੇਗਾ। ਮਾਨ ਜਿਨ੍ਹਾਂ 'ਤੇ ਬਗਾਵਤ ਅਤੇ ਭਾਰਤ ਸਰਕਾਰ ਵਿਰੁਧ ਲੜਾਈ ਛੇੜਨ ਦੇ ਮੁਕੱਦਮੇ ਹਨ, ਇਸ ਸਮੇਂ ਬਿਹਾਰ ਦੀ ਭਾਗਲਪੁਰ ਜੇਲ੍ਹ ਵਿਚ ਹਨ। ਮਾਨ ਦੇ ਇਕ ਨਜ਼ਦੀਕੀ ਨੇ ਏਥੇ ਕਿਹਾ ਕਿ ਉਹ ਰਾਜ ਸਭਾ ਦੀ ਚੋਣ ਲਈ ਖੜ੍ਹੇ ਨਹੀਂ ਹੋ ਰਹੇ ਸਨ, ਜਿਸ ਤਰ੍ਹਾਂ ਕਿ ਕੁਝ ਅਖਬਾਰਾਂ ਵਿਚ ਖਬਰਾਂ ਛਪੀਆਂ . ਪਰ ਮਾਨ, ਜੇ ਸੰਯੁਕਤ ਅਕਾਲੀ ਦਲ ਚਾਹੇਗਾ, ਤਾਂ ਉਹ ਪੰਜਾਬ ਵਿਧਾਨ ਸਭਾ ਲਈ ਚੋਣ ਅਵੱਸ਼ ਲੜਨਗੇ। ਇਸ ਗੱਲ ਤੇ ਹੈਰਾਨੀ ਨਹੀਂ ਹੋਵੇਗੀ ਕਿ ਮਾਨ ਦੀ ਅਗਵਾਈ ਵਿਚ ਸੰਯੁਕਤ ਅਕਾਲੀ ਦਲ ਅਸੰਬਲੀ ਚੋਣਾਂ ਜਿੱਤ ਲਵੇ ਅਤੇ ਉਹ (ਮਾਨ) ਪੰਜਾਬ ਦੇ ਅਗਲੇ ਮੁਖ ਮੰਤਰੀ ਬਣ ਜਾਣ। ਉਹਨਾਂ ਨੂੰ ਇਸ ਤਰ੍ਹਾਂ ਦੇ ਮੁਕਾਬਲੇ ਤੋਂ ਰੋਕਣ ਦਾ ਇਕੋ ਇਕ ਰਾਹ ਹੋਵੇਗਾ ਕਿ ਕੇਂਦਰ ਉਹਨਾਂ ਨੂੰ ਅਦਾਲਤ ਤੋਂ ਸਜ਼ਾ ਦਿਵਾਉਣ ਵਿਚ ਸਫਲ ਹੋ ਜਾਵੇ। ਇਹ ਵੀ ਸੰਭਵ ਹੈ ਕਿ ਕੇਂਦਰ ਆਪਣੀ ਬਦਲੀ ਨੀਤੀ ਅਧੀਨ ਨਰਮ ਰਵੱਈਆ ਧਾਰਨ ਕਰੇ ਅਤੇ ਪੰਜਾਬ ਮਸਲਾ ਹਲ ਕਰਨ ਲਈ ਜੁਝਾਰੂਆਂ ਨਾਲ ਹੋਣ ਵਾਲੀ ਗੱਲਬਾਤ ਵਿਚ ਮਾਨ ਨੂੰ ਵੀ ਸ਼ਾਮਿਲ ਕਰ ਲਿਆ ਜਾਵੇ। ਨੇੜੇ ਦੇ ਸੂਤਰਾਂ ਅਨੁਸਾਰ ਮਾਨ ਦਾ ਜੁਝਾਰੂਆਂ ਵਿਚ ਵਿਸ਼ੇਸ਼ ਸਨਮਾਨ ਹੈ ਅਤੇ ਇਸ ਦੇ ਨਾਲ ਹੀ ਉਹ ਪੰਜਾਬ ਵਿਚ ਕੀਤੇ ਜਾ ਰਹੇ ਕਤਲਾਂ ਦੇ ਵਿਰੋਧੀ ਹਨ। ਕੁਝ ਦਿਨ ਪਹਿਲਾਂ ਹੀ ਉਹਨਾਂ ਜੇਲ੍ਹ ਵਿਚ ਮਿਲਣ ਗਈ ਆਪਣੀ ਭੈਣ ਨੂੰ ਕਿਹਾ ਸੀ ਕਿ ਉਹ ਸਿਖ ਜਾਂ ਹਿੰਦੂ ਮਾਂ ਦੀਆਂ ਅੱਖਾਂ ਵਿਚ ਹੰਝੂ ਦੇਖਣਾ ਨਹੀਂ ਚਾਹੁੰਦੇ। ਉਹ ਇਹ ਵੀ ਕਹਿ ਚੁਕੇ ਹਨ ਕਿ ਉਹ ਖਾਲਿਸਤਾਨ ਦੇ ਹਾਮੀ ਨਹੀਂ ਤੇ ਮਾਮਲਾ ਭਾਰਤੀ ਸੰਵਿਧਾਨ ਅਧੀਨ ਹਲ ਕਰਨਾ ਚਾਹੁੰਦੇ ਹਨ ਪਰ ਕੇਂਦਰ ਸਰਕਾਰ ਬਲਿਊ ਸਟਾਰ ਪਿਛੋਂ ਦੀਆਂ ਉਹਨਾਂ ਦੀਆਂ ਸਰਗਰਮੀਆਂ ਕਾਰਨ ਉਹਨਾਂ ਬਾਰੇ ਸ਼ੰਕਿਤ ਹੈ। ਸਰਕਾਰ ਅਜਿਹੇ ਸਬੂਤ ਇਕੱਠੇ ਕਰਨ ਦੇ ਯਤਨ ਵੀ ਕਰ ਰਹੀ ਹੈ ਜਿਸ ਤੋਂ ਸਾਬਤ ਹੋ ਸਕੇ ਕਿ ਸ੍ਰੀਮਤੀ ਗਾਂਧੀ ਦੇ ਕਤਲ ਦੀ ਸਾਜ਼ਿਸ਼ ਵਿਚ ਉਹ ਵੀ ਸ਼ਾਮਲ ਸਨ।

'ਕੈਨੇਡਾ ਦਰਪਣ' ਦੇ ਪਾਠਕਾਂ ਅਤੇ ਸਹਿਯੋਗੀਆਂ ਨੂੰ ਵਿਸਾਖੀ ਮੁਬਾਰਕ!



Ph. 588-5808

9373 - 120 St., (Scott Rd.),
Delta, B. C.



ਏ. ਸੀ. ਜਿਊਲਰਜ਼

ਕਪੂਰਥਲੇ 'ਚ ਪ੍ਰਵਾਰ ਦੇ ਤਿੰਨ ਜੀਅ ਕਤਲ

ਜ਼ਿਲਾ ਕਪੂਰਥਲੇ ਦੇ ਪਿੰਡ ਸੰਗੋਲ ਵਿਚ ਚਾਰ ਦਹਿਸ਼ਤਗਰਦਾਂ ਨੇ ਇਕ ਪ੍ਰਵਾਰ ਦੇ ਤਿੰਨ ਜੀਅ ਗੋਲੀਆਂ ਨਾਲ ਭੁੰਨ ਦਿੱਤੇ। ਜ਼ਿਲਾ ਜਲੰਧਰ ਵਿਚ ਬਾਠਾ ਪਿੰਡ ਵਿਚ ਛੇ ਹਥਿਆਰਬੰਦ ਦਹਿਸ਼ਤਗਰਦਾਂ ਨੇ ਰਾਮ ਲਾਲ ਤੇ ਕੇਵਲ ਚੰਦ ਦੇ ਕਤਲ ਕੀਤੇ। ਜ਼ਿਲਾ ਗੁਰਦਾਸਪੁਰ 'ਚ ਦੋ ਆਤੰਕਵਾਦੀਆਂ ਵਲੋਂ ਜਗਜੀਤ ਸਿੰਘ ਨਾਂ ਦਾ ਵਿਅਕਤੀ ਹਲਾਕ ਹੋ ਗਿਆ। ਇਸ ਤਰ੍ਹਾਂ 29 ਮਾਰਚ ਨੂੰ ਇਕੋ ਦਿਨ ਵਿਚ 17 ਵਿਅਕਤੀ ਦਹਿਸ਼ਤਗਰਦੀ ਕਾਰਨ ਮਾਰੇ ਗਏ।

28 ਮਾਰਚ ਨੂੰ ਪੰਜਾਬ ਵਿਚ 18 ਕਤਲ

28 ਮਾਰਚ ਨੂੰ ਪੰਜਾਬ 'ਚ 18 ਨਿਰਦੋਸ਼ ਵਿਅਕਤੀ ਕਤਲ ਹੋਏ ਜਦ ਕਿ 27 ਮਾਰਚ ਨੂੰ 7 ਵਿਅਕਤੀ ਹਲਾਕ ਕੀਤੇ ਗਏ। ਇਸ ਤਰ੍ਹਾਂ ਦੋ ਦਿਨਾਂ ਵਿਚ 25 ਵਿਅਕਤੀਆਂ ਦੇ ਕਤਲ ਹੋਏ।

ਚੀਮਾ ਬਾਠ ਵਿਚ ਦੋ ਪ੍ਰਵਾਰ ਖਤਮ

ਜ਼ਿਲਾ ਅੰਮ੍ਰਿਤਸਰ ਦੇ ਚੀਮਾ ਬਾਠ ਵਿਚ ਦੋ ਪ੍ਰਵਾਰਾਂ ਦੇ ਸੱਤ ਜੀਅ ਹਲਾਕ ਕੀਤੇ ਗਏ। ਦਿਲਬਾਗ਼ ਸਿੰਘ ਦੇ ਘਰ ਉਤੇ ਦਹਿਸ਼ਤਗਰਦਾਂ ਨੇ ਹਮਲਾ ਕਰਕੇ ਦਿਲਬਾਗ਼ ਸਿੰਘ ਅਤੇ ਅਮਰੀਕਾ ਸਿੰਘ ਨੂੰ ਹਲਾਕ ਕਰ ਦਿੱਤਾ। ਅਮਰੀਕ ਸਿੰਘ ਪੰਜਾਬ ਪੁਲਸ ਵਿਚ ਹੈਡ ਕਾਂਸਟੇਬਲ ਸੀ। ਇਸੇ ਤਰ੍ਹਾਂ ਇਕ ਪਿੰਡ ਦੇ ਇਟਾਂ ਦੇ ਭੱਠੇ ਉਤੇ ਤਿੰਨ ਵਿਅਕਤੀ ਹਰਬੰਸ ਸਿੰਘ, ਮੰਗਲਦਾਸ ਅਤੇ ਜੋਗਿੰਦਰ ਸਿੰਘ ਮਾਰੇ ਗਏ।

ਅੰਮ੍ਰਿਤਸਰ ਦੇ ਪਿੰਡ ਜਗਤਪੁਰਾ ਵਿਚ ਸਵਰਨ ਕੁਮਾਰ ਤੇ ਕੁਲਮਾਤਵ ਕਤਲ ਕੀਤੇ ਗਏ। ਵੱਖ ਵੱਖ ਦੋ ਪਿੰਡਾਂ ਵਿਚ ਚਾਰ ਵਿਅਕਤੀ ਹੋਰ ਮਾਰੇ ਗਏ। ਬਾਰਡਰ ਸਕਿਉਰਿਟੀ ਫੋਰਸ ਦੇ ਸਿਪਾਹੀਆਂ ਨੂੰ ਦੋ ਯੁਵਕਾਂ ਦੀਆਂ ਲਾਸ਼ਾਂ ਮਿਲੀਆਂ ਜਿਨ੍ਹਾਂ ਦੇ ਸਰੀਰਾਂ ਉਤੇ ਗੋਲੀਆਂ ਦੇ ਨਿਸ਼ਾਨ ਸਨ।

ਬਲਦੇਵ ਪ੍ਰਕਾਸ਼ ਦਾ ਰਿਸ਼ਤੇਦਾਰ ਕਤਲ

ਭਾਰਤੀ ਜਨਤਾ ਪਾਰਟੀ ਦੇ ਲੀਡਰ ਸ੍ਰੀ ਬਲਦੇਵ ਪ੍ਰਕਾਸ਼ ਦਾ ਇਕ ਰਿਸ਼ਤੇਦਾਰ ਕਿਸ਼ਨ ਚੰਦ ਅੰਮ੍ਰਿਤਸਰ ਸ਼ਹਿਰ ਵਿਚ ਹਲਾਕ ਕਰ ਦਿੱਤਾ ਗਿਆ ਹੈ। ਲੁਧਿਆਣੇ ਸ਼ਹਿਰ ਤੋਂ 20 ਕਿਲੋਮੀਟਰ ਦੂਰ ਇਕ ਪਿੰਡ ਬੀੜ ਵਿਚ ਪੂਰਨਦਾਸ ਮਹੰਤ ਕਤਲ ਕਰ ਦਿੱਤਾ ਗਿਆ। ਅੰਮ੍ਰਿਤਸਰ 'ਚ ਹੀ ਚੁੱਗ ਪਿੰਡ ਵਿਚ ਇਕ ਦੁਕਾਨਦਾਰ ਮਾਰਿਆ ਗਿਆ ਤੇ ਬਾਬੂਵਾਲ ਪਿੰਡ ਵਿਚ ਸਰਦੂਲ ਸਿੰਘ ਨਾਂ ਦਾ ਵਿਅਕਤੀ ਹਲਾਕ ਕਰ ਦਿੱਤਾ ਗਿਆ।

ਹੁਸ਼ਿਆਰਪੁਰ 'ਚ ਦੋ ਅਤਿਵਾਦੀ ਹਲਾਕ

ਹੁਸ਼ਿਆਰਪੁਰ ਜ਼ਿਲੇ ਵਿਚ ਦੋ ਅਤਿਵਾਦੀ ਪੁਲਸ ਮੁਕਾਬਲੇ ਵਿਚ ਮਾਰੇ ਗਏ। ਇਨ੍ਹਾਂ ਦੋਵਾਂ ਦੇ ਨਾਂ ਪਰਮਜੀਤ ਸਨ। ਇਨ੍ਹਾਂ ਉਪਰ ਪੰਜਾਬ ਦੇ ਸਾਬਕਾ ਮੰਤਰੀ ਜੋਗਿੰਦਰਪਾਲ ਪਾਂਡੇ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂ ਖ਼ੁਸ਼ੀ ਰਾਮ ਦੇ ਕਤਲਾਂ ਦਾ ਦੋਸ਼ ਸੀ।

ਅੰਮ੍ਰਿਤਸਰ 'ਚ 3 ਦਹਿਸ਼ਤਗਰਦ ਹਲਾਕ

ਅੰਮ੍ਰਿਤਸਰ ਵਿਚ ਅਖੌਤੀ ਖਾਲਿਸਤਾਨ ਕਮਾਂਡੋ ਫੋਰਸ ਦੇ ਦੋ 'ਜਰਨੈਲ' ਮਨਜੀਤ ਸਿੰਘ ਤੇ ਸੁਖਜੀਤ ਸਿੰਘ ਪੁਲਸ ਮੁਕਾਬਲੇ 'ਚ ਹਲਾਕ ਹੋ ਗਏ। ਮੁਕਾਬਲੇ ਸਮੇਂ ਇਨ੍ਹਾਂ ਦੇ 6 ਸਾਥੀ ਫਰਾਰ ਹੋ ਗਏ। ਇਨ੍ਹਾਂ ਕੋਲੋਂ ਚੀਨੀ ਅਸਾਲਟ ਰਾਈਫਲਾਂ ਤੇ ਹੋਰ ਦਾਰੂ ਸਿੱਕਾ ਮਿਲਿਆ। ਅੰਮ੍ਰਿਤਸਰ 'ਚ ਹੀ ਡੇਰੀਵਾਲ ਲਾਗੇ ਇਕ ਹੋਰ ਦਹਿਸ਼ਤਗਰਦ ਮਾਰਿਆ ਗਿਆ।

ਰਾਜ ਸਭਾ ਵਿਚ ਵਿਰੋਧੀ ਪਾਰਟੀਆਂ ਨੇ 23 ਸੀਟਾਂ ਜਿੱਤੀਆਂ

ਨਵੀਂ ਦਿੱਲੀ — 28 ਮਾਰਚ ਨੂੰ ਰਾਜ ਸਭਾ ਦੀਆਂ ਹੋਈਆਂ ਚੋਣਾਂ ਵਿਚ ਵਿਰੋਧੀ ਪਾਰਟੀਆਂ ਨੇ 23 ਸੀਟਾਂ ਜਿਤ ਲਈਆਂ ਹਨ ਅਤੇ 8 ਸੀਟਾਂ ਦੇ ਨਤੀਜੇ ਅਜੇ ਆਉਣੇ ਬਾਕੀ ਹਨ। ਕਾਂਗਰਸ (ਆਈ) ਨੇ 62 ਸੀਟਾਂ ਵਿਚੋਂ 31 ਸੀਟਾਂ ਉਤੇ ਕਬਜ਼ਾ ਜਾਰੀ ਰੱਖਿਆ ਹੈ।

ਵਿਰੋਧੀ ਫਰੰਟ ਦੀ ਜਨਤਾ ਪਾਰਟੀ ਨੇ 8 ਸੀਟਾਂ, ਮਾਰਕਸਵਾਦੀ ਕਮਿਉਨਿਸਟ ਪਾਰਟੀ ਨੇ 4 ਸੀਟਾਂ ਜਿਤ ਲਈਆਂ ਹਨ। ਗੁਜਰਾਤ ਦੀਆਂ ਚਾਰ ਸੀਟਾਂ ਉਤੇ ਗੜਬੜ ਕਾਰਨ ਕੋਈ ਫੈਸਲਾ ਨਹੀਂ ਹੋ ਸਕਿਆ ਰਾਜ ਸਭਾ ਲਈ ਚੁਣੇ ਜਾਣ ਵਾਲਿਆਂ ਵਿਚ ਕਾਂਗਰਸ (ਆਈ) ਦੇ ਛੇ ਮੰਤਰੀ ਵੀ ਸ਼ਾਮਲ ਹਨ।

ਵਿਰੋਧੀ ਨੇਤਾਵਾਂ ਵਿਚ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਅਡਵਾਨੀ ਤੋਂ ਬਿਨਾਂ ਸ੍ਰੀ ਜੇਠਮਲਾਨੀ, ਸੁਬਰਾਮਨੀਅਮ ਸੁਆਮੀ ਵੀ ਸ਼ਾਮਲ ਹਨ। ਸੀ ਪੀ ਐਮ ਦੇ ਹਨੂੰਮੰਤ ਰਾਓ ਵੀ ਜਿਤ ਗਏ ਹਨ।

ਕੇਂਦਰ 84 ਦੇ ਦੰਗਿਆਂ ਲਈ ਜ਼ਿੰਮੇਵਾਰ ਲੋਕਾਂ ਨੂੰ ਵੀ ਸਜ਼ਾ ਦੇਵੇ — ਮਲਹੋਤਰਾ

ਫਿਰੋਜ਼ਪੁਰ — ਭਾਰਤੀ ਕਮਿਊਨਿਸਟ ਪਾਰਟੀ ਦੇ ਰਾਸ਼ਟਰੀ ਕੌਂਸਲ ਦੇ ਸਕੱਤਰ ਸ੍ਰੀ ਅਵਤਾਰ ਸਿੰਘ ਮਲਹੋਤਰਾ ਨੇ ਮੰਗ ਕੀਤੀ ਹੈ ਕਿ ਕੇਂਦਰ ਪੰਜਾਬ ਬਾਰੇ ਕੋਈ ਠੋਸ ਉਕਾ-ਪੁੱਕਾ ਕਦਮ ਚੁਕੇ। ਪੰਜਾਬ ਸਥਿਤੀ ਲਈ ਕਾਂਗਰਸ (ਇ) ਨੂੰ ਜ਼ਿਮੇਂਵਾਰ ਠਹਿਰਾਉਂਦਿਆਂ ਸ੍ਰੀ ਮਲਹੋਤਰਾ ਨੇ ਕਿਹਾ ਕਿ ਕੇਂਦਰ ਨੂੰ ਜੋਧਪੁਰ ਦੇ ਕੁਝ ਨਜ਼ਰਬੰਦ ਛੱਡਣ ਦੀ ਥਾਂ ਸਾਰੇ ਨਜ਼ਰਬੰਦ ਛੱਡਣੇ ਚਾਹੀਦੇ ਸਨ। ਤੇ ਪੰਜਾਬ ਮਸਲੇ ਦੇ ਹੱਲ ਲਈ ਦੂਜੇ ਲੋੜੀਂਦੇ ਕਦਮ ਚੁਕਣ ਦੇ ਨਾਲ ਨਾਲ ਨਵੰਬਰ 1984 ਦੇ ਦੰਗਿਆਂ ਦੇ ਦੋਸ਼ੀਆਂ ਨੂੰ ਨਾਲ ਹੀ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ ਅਤੇ ਉਜੜੇ ਲੋਕਾਂ ਦਾ ਵਸੇਬਾ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਕਾਂਗਰਸ (ਇ) ਨੇ ਪਿਛੇ ਜਿਹੇ ਆਪਣੇ ਜਨ-ਸੰਪਰਕ ਪ੍ਰੋਗਰਾਮਾਂ 'ਚ ਮਤੇ ਪਾਸ ਕਰਨ ਤੋਂ ਬਿਨਾਂ ਕੁਝ ਨਹੀਂ ਕੀਤਾ ਤੇ ਇਹ ਸਾਰਾ ਇਕ ਚੋਣ-ਸਟੰਟ ਹੀ ਸੀ। ਉਨ੍ਹਾਂ ਅਕਾਲੀਆਂ ਦੀ ਵੀ ਆਲੋਚਨਾ ਕਰਦਿਆਂ ਕਿਹਾ ਕਿ ਉਹ ਵੀ ਚੋਣਾਂ ਨੂੰ ਮੁਖ ਰੱਖ ਕੇ ਮੌਜੂਦਾ ਅੰਦੋਲਨ ਚਲਾ ਰਹੇ ਹਨ। ਸ੍ਰੀ ਮਲਹੋਤਰਾ ਨੇ ਮੰਗ ਕੀਤੀ ਕਿ ਕਾਂਗਰਸ (ਇ) ਪੰਜਾਬ ਮਸਲੇ ਦੇ ਹਲ ਲਈ ਰਾਸ਼ਟਰੀ ਇਕ-ਮੱਤ ਤਿਆਰ ਕਰਨ ਲਈ ਸਾਰੀਆਂ ਰਾਸ਼ਟਰੀ ਪਾਰਟੀਆਂ ਨੂੰ ਭਰੋਸੇ ਵਿਚ ਲਵੇ। ਪੰਜ ਸਿੰਘ ਸਾਹਿਬਾਨ ਅਤੇ ਜੋਧਪੁਰ ਦੇ ਨਜ਼ਰਬੰਦਾਂ ਦੀ ਰਿਹਾਈ ਪਿਛੇ ਜੈਨ ਸੰਤ ਆਚਾਰੀਆ ਸੁਸ਼ੀਲ ਕੁਮਾਰ ਦੀ ਵਿਚੋਲਗੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਦਹਿਸ਼ਤਪਸੰਦਾਂ ਦੇ ਦਿਲ ਜਿੱਤਣ ਲਈ ਇਕ ਮੌਕਾ-ਪ੍ਰਸਤ ਕਾਰਵਾਈ ਸੀ।

ਬੋਫ਼ਰਜ਼ ਕੇਸ ਵਿਚ ਸ਼ਾਮਲ ਹਰਸ਼ ਚੱਢਾ ਫੜਿਆ ਗਿਆ

ਨਵੀਂ ਦਿੱਲੀ — ਪਿਛਲੇ ਹਫ਼ਤੇ ਵਿਨ ਚੱਢਾ ਦਾ ਪੁੱਤਰ ਹਰਸ਼ ਚੱਢਾ ਏਥੇ ਹਵਾਈ ਅੱਡੇ ਉਤੇ ਗ੍ਰਿਫਤਾਰ ਕਰ ਲਿਆ ਗਿਆ ਜਿਸ ਸਮੇਂ ਉਹ ਅਮਰੀਕਾ ਜਾਣ ਦੀ ਤਿਆਰੀ ਵਿਚ ਸੀ।

ਵਿਨ ਚੱਢਾ ਤੇ ਹਰਸ਼ ਚੱਢਾ ਦਾ ਨਾਂ ਬੋਫਰਜ਼ ਦੇ ਘਪਲੇ ਵਿਚ ਸ਼ਾਮਲ ਹੈ ਜਿਸ ਵਿਚ ਕੁਝ ਦਲਾਲਾਂ ਵਲੋਂ ਕਰੋੜਾਂ ਰੁਪਏ ਹਜ਼ਮ ਕੀਤੇ ਗਏ ਹਨ। ਸੂਤਰਾਂ ਅਨੁਸਾਰ ਪੁਲਸ ਨੂੰ ਇਹ ਸੂਹ ਮਿਲ ਚੁਕੀ ਸੀ ਕਿ ਹਰਸ਼ ਚੱਢਾ ਭਾਰਤ ਵਿਚ ਹੀ ਹੈ।

ਛੇ ਨੇਤਾ ਹੋਰ ਰਿਹਾ ਕੀਤੇ ਗਏ

ਅੰਮ੍ਰਿਤਸਰ — ਐਤਵਾਰ ਨੂੰ ਪੰਜਾਬ ਸਰਕਾਰ ਨੇ ਨੈਸ਼ਨਲ ਸਕਿਉਰਿਟੀ ਐਕਟ ਅਧੀਨ ਫੜੇ ਛੇ ਹੋਰ ਨੇਤਾ ਰਿਹਾ ਕਰ ਦਿੱਤੇ ਜੋ ਦਮਦਮੀ ਟਕਸਾਲ ਤੇ ਬਾਬਾ ਜੋਗਿੰਦਰ ਸਿੰਘ ਦੇ ਧੜੇ ਨਾਲ ਸਬੰਧਤ ਹਨ। ਦਮਦਮੀ ਟਕਸਾਲ ਦੇ ਸਾਬਕ ਬੁਲਾਰੇ ਮੋਹਕਮ ਸਿੰਘ ਨੂੰ ਛੱਡ ਦਿੱਤਾ ਗਿਆ ਹੈ। ਹੋਰ ਰਿਹਾ ਹੋਣ ਵਾਲਿਆਂ ਵਿਚ ਬਾਬਾ ਜੋਗਿੰਦਰ ਸਿੰਘ ਦੇ ਅਕਾਲੀ ਦਲ ਦੇ ਧੜੇ ਦਾ ਸਾਬਕਾ ਜਨਰਲ ਸਕੱਤਰ ਸੂਰਤ ਸਿੰਘ, ਬਠਿੰਡੇ ਦੇ ਸੰਯੁਕਤ ਅਕਾਲੀ ਦਲ ਦਾ ਨੇਤਾ ਗੇਜਾ ਸਿੰਘ, ਪਟਿਆਲੇ ਜ਼ਿਲੇ ਦਾ ਗੁਰਸੇਵਕ ਸਿੰਘ ਤੇ ਫਰੀਦਕੋਟ ਦਾ ਪ੍ਰੀਤਮ ਸਿੰਘ ਸ਼ਾਮਲ ਹਨ।

ਮੁੱਖ ਗ੍ਰੰਥੀਆਂ ਦੇ ਛੱਡੇ ਜਾਣ ਤੇ 40 ਵਿਅਕਤੀ ਜੋਧਪੁਰ ਜੇਲ੍ਹ 'ਚੋਂ ਰਿਹਾ ਕੀਤੇ ਜਾਣ ਪਿਛੋਂ ਇਹ ਦਮਦਮੀ ਟਕਸਾਲ ਤੇ ਸੰਯੁਕਤ ਅਕਾਲੀ ਦਲ ਦੇ ਮੈਂਬਰਾਂ ਦੀ ਦੂਜੀ ਖੇਪ ਹੈ।

ਹਰਜਿੰਦਰ ਜਿੰਦੇ ਦੇ ਕੇਸ ਮੁਲਤਵੀ

ਨਵੀਂ ਦਿੱਲੀ — ਮਸ਼ਹੂਰ ਦਹਿਸ਼ਤਗਰਦ ਹਰਜਿੰਦਰ ਜਿੰਦੇ ਦੇ ਨਵੀਂ ਦਿੱਲੀ ਵਿਚ ਚਲ ਰਹੇ ਕੇਸ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿਤੇ ਗਏ ਹਨ ਕਿਉਂਕਿ ਸਕਿਉਰਿਟੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਿੰਦੇ ਨੂੰ ਪੂਨੇ ਤੋਂ ਲਿਆਉਣਾ ਖਤਰਨਾਕ ਹੋਵੇਗਾ। ਜਿੰਦਾ ਇਸ ਸਮੇਂ ਪੂਨਾ ਜੇਲ੍ਹ ਵਿਚ ਹੈ ਜਿਥੇ ਉਸ ਉਤੇ ਜਨਰਲ ਵੈਦਿਆ ਨੂੰ ਕਤਲ ਕਰਨ ਦੇ ਦੋਸ਼ ਵਿਚ ਕੇਸ ਚਲ ਰਿਹਾ ਹੈ।

ਨਵੀਂ ਦਿੱਲੀ ਦੀ ਕੋਰਟ ਵਿਚ ਪਾਰਲੀਮੈਂਟ ਮੈਂਬਰ ਲਲਿਤ ਮਾਕਨ ਤੇ ਅਰਜਨ ਦਾਸ ਦੇ ਕਤਲਾਂ ਵਿਚ ਵੀ ਜਿੰਦਾ ਸ਼ਰੀਕ ਦੱਸਿਆ ਜਾਂਦਾ ਹੈ ਤੇ ਇਹ ਕੇਸ ਏਥੇ ਕੋਰਟ ਵਿਚ ਹਨ।

ਨਜ਼ਰਬੰਦਾਂ ਲਈ ਇਮ-ਤਿਹਾਨਾਂ ਦਾ ਪ੍ਰਬੰਧ

ਪਟਿਆਲਾ — ਇਥੋਂ ਪ੍ਰਾਪਤ ਖਬਰ ਅਨੁਸਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਜੇਲ੍ਹਾਂ ਵਿਚ ਨਜ਼ਰਬੰਦ 265 ਸਿਖ ਨੌਜਵਾਨਾਂ ਲਈ ਇਮਤਿਹਾਨਾਂ ਦਾ ਪ੍ਰਬੰਧ ਜੇਲ੍ਹ ਵਿਚ ਹੀ ਕਰ ਦਿੱਤਾ ਹੈ।

ਇਸ ਮਹੀਨੇ ਸ਼ੁਰੂ ਹੋ ਰਹੇ ਇਮਤਿਹਾਨਾਂ ਵਿਚ ਜੋਧਪੁਰ ਜੇਲ੍ਹ ਵਿਚ ਨਜ਼ਰਬੰਦ 125 ਨੌਜਵਾਨ ਪ੍ਰੀਖਿਆ ਵਿਚ ਸ਼ਾਮਲ ਹੋਣਗੇ। ਅੰਮ੍ਰਿਤਸਰ ਤੇ ਨਾਭਾ ਜੇਲ੍ਹ ਵਿਚ ਵੀ ਅਜਿਹੇ ਪ੍ਰਬੰਧ ਦੋਵਾਂ ਯੂਨੀਵਰਸਿਟੀਆਂ ਵਲੋਂ ਕੀਤੇ ਗਏ ਹਨ।

ਮੂਵਿੰਗ ਸੇਲ

ਦਫ਼ਤਰ ਲਈ ਮੇਜ਼, ਕੁਰਸੀਆਂ, ਟਾਈਪਰਾਈਟਰ, ਫਾਈਲਿੰਗ ਕੈਬਨਿਟ, ਕਿਚਨ ਟੇਬਲ ਤੇ ਕੁਰਸੀਆਂ, ਕਿਚਨ ਦੇ ਭਾਂਡੇ, ਕਿਚਨ ਦਾ ਸਾਰਾ ਸਾਮਾਨ, ਡਰੇਪ, ਕੱਪੜੇ, ਵੈਕੂਅਮ ਕਲੀਨਰ, 10-ਪੀਸ ਹੈਟੇਚੀ ਮਿਊਜ਼ਕ ਸੈਂਟਰ, ਵੀ. ਸੀ. ਆਰ, ਕੰਨਸੋਲ ਟੀ. ਵੀ., ਟੋਸ਼ੀਬਾ ਮਾਈਕਰੋਵੇਵ ਓਵਨ, ਡੈਸਕ, ਕੈਬਨਿਟਾਂ ਤੇ ਹੋਰ ਬਹੁਤ ਸਾਰੀਆਂ ਚੀਜ਼ਾਂ।

ਸਾਰੀਆਂ ਚੀਜ਼ਾਂ ਬਹੁਤ ਵਧੀਆ ਹਾਲਤ ਵਿਚ ਹਨ। ਹੁਣੇ ਫ਼ੋਨ ਕਰੋ ਤੇ ਆਫ਼ਰ ਦਿਓ।

ਚੀਜ਼ਾਂ ਦੇਖਣ ਲਈ ਤੇ ਹੋਰ ਜਾਣਕਾਰੀ ਲਈ ਫ਼ੋਨ ਕਰੋ:

588-1651

BERNARD SIMPSON & COMPANY

NO CHARGE
for initial
consultation

Translation
services
available

• HANDLING CAR ACCIDENTS FOR OVER 15 YEARS

• CONTINGENCY FEES AVAILABLE
(IF NO RECOVERY NO LEGAL FEE)

● ਵੈਨਕੂਵਰ ਵਿਚ ਸ਼ਾਡੀ ਹੀ ਇਕ ਅਜਿਹੀ ਕਾਨੂੰਨੀ ਫਰਮ ਹੈ, ਜਿਹੜੀ ਕਿ ਸਿਰਫ ਕਾਰ ਐਕਸੀਡੈਂਟ ਦੇ ਕੇਸ ਹੀ ਹੈਂਡਲ ਕਰਦੀ ਹੈ
● ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ. ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

PHONE (604) 734-2272

999 WEST BROADWAY, VANCOUVER, B.C.
(SITUATED IN THE AUTOMOBILE ASSOCIATION BUILDING)

PRACTICE
RESTRICTED
TO INJURIES
SUFFERED
DUE TO
CAR ACCIDENTS
(ICBC CLAIMS)

ਦਹਿਸ਼ਤਗਰਦਾਂ ਨਾਲ ਗੱਲਬਾਤ ਨਹੀਂ ਹੋਵੇਗੀ — ਰਾਜੀਵ ਗਾਂਧੀ

ਨਵੀਂ ਦਿੱਲੀ — 28 ਮਾਰਚ ਨੂੰ ਸਵੇਰੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਪੰਜਾਬ ਦੇ ਮਸਲੇ ਦੀ ਗੰਭੀਰਤਾ ਨੂੰ ਦੇਖਦਿਆਂ ਨਾਸ਼ਤੇ ਉਤੇ ਬੁਧੀਜੀਵੀਆਂ, ਅਖਬਾਰਾਂ ਦੇ ਸੰਪਾਦਕਾਂ, ਮੰਨੇ ਪ੍ਰਮੰਨੇ ਨੇਤਾਵਾਂ ਤੇ ਦਾਰਸ਼ਨਿਕਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦਹਿਸ਼ਤਗਰਦਾਂ ਨਾਲ ਗੱਲਬਾਤ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸ਼ਾਮਲ ਵਿਅਕਤੀਆਂ ਨੇ ਪੰਜਾਬ 'ਚ ਐਮਰਜੈਂਸੀ ਲਾਏ ਜਾਣ ਬਾਰੇ ਖਦਸ਼ਾ ਜ਼ਾਹਿਰ ਕਰਦਿਆਂ ਕਿਹਾ ਕਿ ਇਸ ਨਾਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਵੇਗੀ।

ਪ੍ਰਧਾਨ ਮੰਤਰੀ ਨੇ ਵਿਸ਼ਵਾਸ ਦਿਵਾਉਣ ਦੀ ਕੋਸ਼ਿਸ਼ ਕੀਤੀ ਕਿ ਪੰਜਾਬ ਵਿਚ ਅਤਿਵਾਦੀ ਕਾਰਵਾਈਆਂ ਕਾਰਨ ਹਾਲਾਤ ਗੰਭੀਰ ਹਨ, ਏਸੇ ਲਈ ਕੇਂਦਰੀ ਸਰਕਾਰ ਨੇ ਹੰਗਾਮੀ ਹਾਲਾਤ ਬਾਰੇ ਬਿਲ ਪਾਸ ਕੀਤਾ ਹੈ ਪਰ ਆਖਰੀ ਹਥਿਆਰ ਵਜੋਂ ਹੀ ਐਮਰਜੈਂਸੀ ਲਾਗੂ ਕੀਤੀ ਜਾਵੇਗੀ।

ਇਸ ਗੱਲਬਾਤ ਵਿਚ ਪੰਜਾਬ ਦੇ ਗਵਰਨਰ ਸਿਧਾਰਥ ਸ਼ੰਕਰ ਰੇਅ ਤੋਂ ਬਿਨਾਂ ਪ੍ਰਸਿਧ ਪੱਤਰਕਾਰ ਕੁਲਦੀਪ ਨਈਅਰ, ਸਾਬਕਾ ਮੰਤਰੀ ਤੇ ਰਾਜਦੂਤ ਇੰਦਰ ਕੁਮਾਰ ਗੁਜਰਾਲ, ਪ੍ਰਸਿਧ ਐਕਟਰ ਸੁਨੀਲ ਦੱਤ, ਮਾਰਕਸੀ ਪਾਰਟੀ ਦੇ ਨੇਤਾ ਹਰਕਿਸ਼ਨ ਸਿੰਘ ਸੁਰਜੀਤ, ਪ੍ਰਸਿਧ ਪੰਜਾਬੀ ਲੇਖਕਾ ਅੰਮ੍ਰਿਤਾ ਪ੍ਰੀਤਮ, ਪ੍ਰਧਾਨ ਮੰਤਰੀ ਦੇ ਸਾਬਕਾ ਪ੍ਰਿੰਸੀਪਲ ਸਕੱਤਰ ਬੀ ਐਨ ਹਕਸਰ, ਗੋਆ ਦੇ ਗਵਰਨਰ ਸ: ਗੋਪਾਲ ਸਿੰਘ, ਗ੍ਰਹਿ ਰਾਜ ਮੰਤਰੀ ਚਿੰਦਬਰਮ ਤੇ ਪੰਜਾਬ ਦੇ ਅਖਬਾਰਾਂ ਦੇ ਸੰਪਾਦਕ ਵੀ ਸ਼ਾਮਲ ਸਨ।

ਸਿਖ ਭਾਈਚਾਰਾ ਨੇਤਾ-ਹੀਣ ਹੈ

ਮੀਟਿੰਗ ਵਿਚ ਪ੍ਰਮੁੱਖ ਵਿਅਕਤੀਆਂ ਨੇ ਦੁੱਖ ਜ਼ਾਹਿਰ ਕੀਤਾ ਕਿ ਇਸ ਸਮੇਂ ਸਿੱਖਾਂ ਵਿਚ ਕੋਈ ਵੀ ਅਜਿਹਾ ਨੇਤਾ ਨਹੀਂ ਰਿਹਾ ਜਿਸ ਦੀ ਗੱਲ ਸਮੁੱਚਾ ਸਿਖ ਭਾਈਚਾਰਾ ਮੰਨਦਾ ਹੋਵੇ। ਏਸੇ ਕਾਰਨ ਪੰਜਾਬ ਵਿਚ ਰਾਜਨੀਤਕ ਖਲਾਅ ਪੈਦਾ ਹੋ ਗਿਆ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਪੰਜਾਬ ਵਿਚ ਦੁਖਦਾਈ ਹਾਲਤ ਨੂੰ ਹਲ ਕਰਨ ਲਈ ਸਿੱਖਾਂ ਦੀ ਪ੍ਰਤੀਨਿਧਤਾ ਕਰਨ ਵਾਲਾ ਕੋਈ ਵੀ ਅਜਿਹਾ ਲੀਡਰ ਨਹੀਂ ਜਿਸ ਉਤੇ ਕੇਂਦਰ ਟੇਕ ਰੱਖ ਕੇ ਗੱਲਬਾਤ ਰਾਹੀਂ ਫੈਸਲਾ ਕਰ ਸਕੇ।

ਇੰਡੀਅਨ ਸਿੱਖ ਯੂਥ ਫੋਰਮ ਵਲੋਂ ਦਹਿਸ਼ਤਗਰਦਾਂ ਅਤੇ ਬਾਲ ਠਾਕਰੇ ਦੀ ਨਿੰਦਾ

ਨਵੀਂ ਦਿੱਲੀ — ਇੰਡੀਅਨ ਸਿਖ ਯੂਥ ਫੋਰਮ ਦੇ ਵਰਕਰਾਂ ਵਲੋਂ 29 ਮਾਰਚ ਨੂੰ ਇਥੇ ਮੁਜ਼ਾਹਰਾ ਕੀਤਾ ਗਿਆ ਜਿਸ ਵਿਚ ਦਹਿਸ਼ਤਗਰਦਾਂ ਉਤੇ ਦੋਸ਼ ਲਾਇਆ ਗਿਆ ਕਿ ਉਹ ਬਦੇਸ਼ੀ ਤਾਕਤਾਂ ਦੇ ਹੱਥਾਂ ਵਿਚ ਖੇਡ ਰਹੇ ਹਨ। ਰਾਕਟ-ਲਾਂਚਰਾਂ ਦੇ ਹਮਲਿਆਂ ਨੇ ਇਹ ਸਿਧ ਕਰ ਦਿੱਤਾ ਹੈ ਕਿ ਬਦੇਸ਼ੀ ਤਾਕਤਾਂ ਦਹਿਸ਼ਤਗਰਦੀ ਫੈਲਾਉਣ ਵਿਚ ਮੱਦਦ ਕਰ ਰਹੀਆਂ ਹਨ।

ਮੁਜ਼ਾਹਰਾ ਕਰਨ ਵਾਲਿਆਂ ਨੇ ਕਾਲੇ ਬਿੱਲੇ ਲਾਏ ਹੋਏ ਸਨ। ਬੁਲਾਰਿਆਂ ਨੇ ਸ਼ਿਵ ਸੈਨਾ ਦੇ ਲੀਡਰ ਬਾਲ ਠਾਕਰੇ ਉਤੇ ਦੋਸ਼ ਲਾਇਆ ਕਿ ਉਹ ਸਿੱਖਾਂ ਨੂੰ ਧਮਕੀਆਂ ਦੇ ਰਹੇ ਹਨ ਕਿ ਜੇ ਪੰਜਾਬ ਵਿਚ ਕਤਲੇਆਮ ਬੰਦ ਨਾ ਹੋਈ ਤਾਂ ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਦਾ ਰਹਿਣਾ ਮੁਸ਼ਕਲ ਕਰ ਦਿੱਤਾ ਜਾਵੇਗਾ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਬਾਲ ਠਾਕਰੇ ਨੂੰ ਗ੍ਰਿਫਤਾਰ ਕੀਤਾ ਜਾਵੇ।

ਬੱਸ ਹਾਦਸਿਆਂ ਵਿਚ 47 ਮੌਤਾਂ

ਨਵੀਂ ਦਿੱਲੀ — 30 ਮਾਰਚ ਨੂੰ ਵੱਖ ਵੱਖ ਬੱਸ ਹਾਦਸਿਆਂ ਵਿਚ 47 ਬੰਦੇ ਮਾਰੇ ਗਏ ਅਤੇ 57 ਜ਼ਖਮੀ ਹੋਣ ਦੀ ਖਬਰ ਹੈ।

ਮਹਾਂਰਾਸ਼ਟਰ ਵਿਚ ਬੱਸ ਦੇ ਇਕ ਖੱਡ ਵਿਚ ਡਿਗਣ ਕਾਰਨ 24 ਵਿਅਕਤੀ ਥਾਂ ਤੇ ਹੀ ਮਰ ਗਏ ਤੇ 20 ਜ਼ਖਮੀ ਹੋਏ। ਵਾਰਾਨਸੀ ਵਿਚ ਇਕ ਬੱਸ ਤੇ ਟਰੱਕ ਦੀ ਟੱਕਰ ਵਿਚ 5 ਬੰਦੇ ਮਾਰੇ ਗਏ ਅਤੇ 12 ਜ਼ਖਮੀ ਹੋਏ।

ਨੇਪਾਲ ਸਰਹੱਦ ਉਤੇ ਇਕ ਬੱਸ ਨਦੀ 'ਚ ਡਿਗਣ ਕਾਰਨ 18 ਵਿਅਕਤੀਆਂ ਦੀ ਮੌਤ ਹੋ ਗਈ ਅਤੇ 25 ਜ਼ਖਮੀ ਹੋਏ।

ਕੈਨੇਡਾ ਦੀ ਪੁਲਸ ਵਲੋਂ ਜੈਪੁਰ ਵਿਚ ਮਨਿੰਦਰ ਸਿੰਘ ਤੋਂ ਪੁੱਛਗਿਛ ਜਾਰੀ

ਜੈਪੁਰ — ਕੈਨੇਡਾ ਦੀ ਆਰ. ਸੀ. ਐਮ. ਪੀ. ਦੇ ਚਾਰ ਅਧਿਕਾਰੀ ਇਸ਼ ਸਮੇਂ ਰਾਜਸਥਾਨ ਵਿਚ ਜੈਪੁਰ ਦੀ ਜੇਲ੍ਹ ਵਿਚ ਕਥਿਤ ਦਹਿਸ਼ਤਪਸੰਦ ਮਨਿੰਦਰ ਸਿੰਘ ਦੀ ਪੁਛਗਿਛ ਕਰ ਰਹੇ ਹਨ।

ਖਬਰਾਂ ਅਨੁਸਾਰ ਮਨਿੰਦਰ ਸਿੰਘ ਦਾ ਹੱਥ ਏਅਰ-ਇੰਡੀਆ ਦੇ ਹਾਦਸੇ ਵਿਚ ਦੱਸਿਆ ਜਾਂਦਾ ਹੈ ਜਿਸ ਵਿਚ 329 ਨਿਰਦੋਸ਼ ਵਿਅਕਤੀ ਮਾਰੇ ਗਏ ਸਨ। ਖਬਰਾਂ ਵਿਚ ਇਹ ਵੀ ਕਿਹਾ ਗਿਆ ਹੈ ਕਿ ਏਸ ਹਾਦਸੇ ਵਿਚ ਮਨਿੰਦਰ ਸਿੰਘ ਸ਼ਾਇਦ ਸ਼ਾਮਲ ਨਾ ਵੀ ਹੋਵੇ, ਘੱਟੋ ਘੱਟ ਉਸਨੂੰ ਉਨ੍ਹਾਂ ਵਿਅਕਤੀਆਂ ਬਾਰੇ ਜ਼ਰੂਰ ਪਤਾ ਹੋਵੇਗਾ ਜਿਨ੍ਹਾਂ ਇਹ ਹਾਦਸਾ ਕਰਨ ਵਿਚ ਹਿਸਾ ਲਿਆ।

ਕੈਨੇਡਾ ਦੀ ਪੁਲਸ ਦੇ ਅਧਿਕਾਰੀ ਬਦੇਸ਼ੀ ਖਾਲਿਸਤਾਨੀਆਂ ਵਲੋਂ ਢਾਈ ਕਰੋੜ ਰੁਪਏ ਪੰਜਾਬ ਵਿਚ ਭੇਜੇ ਜਾਣ ਬਾਰੇ ਵੀ ਮਨਿੰਦਰ ਸਿੰਘ ਤੋਂ ਪੁਛਗਿਛ ਕਰ ਰਹੇ ਦੱਸੇ ਜਾਂਦੇ ਹਨ।

ਇਨ੍ਹਾਂ ਪੁਲਸ ਅਧਿਕਾਰੀਆਂ ਵਿਚ ਇਕ ਔਰਤ ਵੀ ਸ਼ਾਮਲ ਹੈ।

ਪੱਛਮੀ ਬੰਗਾਲ ਸਰਕਾਰ ਵਲੋਂ ਹਿਲ ਡੀਵੈਲਪਮੈਂਟ ਕੌਂਸਲ ਕਾਇਮ ਹੋਵੇਗੀ

ਕਲਕੱਤਾ — ਪੱਛਮੀ ਬੰਗਾਲ ਦੇ ਮੁਖ ਮੰਤਰੀ ਸ੍ਰੀ ਜੋਤੀ ਬਾਸੂ ਨੇ ਐਲਾਨ ਕੀਤਾ ਹੈ ਕਿ ਦਾਰਜੀਲਿੰਗ ਅਤੇ ਹੋਰ ਪਹਾੜੀ ਇਲਾਕਿਆਂ ਦੀ ਤਰੱਕੀ ਲਈ ਹਿਲ ਡੀਵੈਲਪਮੈਂਟ ਕੌਂਸਲ ਕਾਇਮ ਕੀਤੀ ਜਾਵੇਗੀ। ਇਸ ਦਾ ਸਾਲਾਨਾ ਬਜਟ 30 ਕਰੋੜ ਰੁਪਏ ਹੋਵੇਗਾ। ਪਹਾੜੀ ਇਲਾਕਿਆਂ ਦੀ ਆਰਥਿਕ ਉਨਤੀ ਲਈ ਇਹ ਕਦਮ ਚੁਕਿਆ ਜਾ ਰਿਹਾ ਹੈ।

ਗੋਰਖਾਲੈਂਡੀਆਂ ਵਲੋਂ ਮੰਗ ਰੱਦ

ਕੇਂਦਰੀ ਸਰਕਾਰ ਦੇ ਆਗੂਆਂ ਵਲੋਂ ਸ਼ਹਿ ਦੇ ਕੇ ਭੜਕਾਏ ਗੋਰਖਾਲੈਂਡੀਏ ਲੀਡਰ ਘੀਸ਼ਿੰਗ ਨੇ ਕਿਹਾ ਕਿ ਪਹਿਲਾਂ ਪੱਛਮੀ ਬੰਗਾਲ ਸਰਕਾਰ ਇਲਾਕੇ ਵਿਚੋਂ ਨੀਮ ਫੌਜੀ ਦਸਤਿਆਂ ਨੂੰ ਬਾਹਰ ਕੱਢੇ ਫਿਰ ਗੱਲਬਾਤ ਹੋ ਸਕਦੀ ਹੈ।

ਮੁੱਖ ਮੰਤਰੀ ਜੋਤੀ ਬਾਸੂ ਨੇ ਕਿਹਾ ਕਿ ਜੇ ਅਮਨ ਦੀ ਹਾਲਤ ਬਹਾਲ ਹੋ ਜਾਂਦੀ ਹੈ ਤਾਂ ਐਂਟੀ-ਟੈਰਰਿਸਟ ਐਕਟ ਵਾਪਸ ਲਿਆ ਜਾਵੇਗਾ ਪਰ ਜਿੰਨਾ ਚਿਰ ਹਿਸਾ ਬੰਦ ਨਹੀਂ ਹੁੰਦੀ ਉਹ ਕੋਈ ਕਦਮ ਚੁਕਣ ਲਈ ਤਿਆਰ ਨਹੀਂ ਹੈ।

ਗੋਰਖਾਲੈਂਡੀਆਂ ਵਲੋਂ 40 ਦਿਨਾਂ ਹੜਤਾਲ ਖਤਮ ਹੋ ਗਈ ਹੈ। ਦਾਰਜੀਲਿੰਗ ਤੇ ਸਿਲੀਗੁੜੀ ਵਿਚਕਾਰ ਸੇਵਾਵਾਂ ਆਮ ਵਾਂਗ ਹੋ ਗਈਆਂ ਹਨ।

BOOK NOW — FLY LATER

GOYAL TRAVELS INC.

4152 FRASER ST., VANCOUVER, B.C. V5V 4E8
PHONE (604) 877—7777



GOYAL TRAVEL & TOURS CANADA INC.

TORONTO ਟਰਾਂਟੋ	CALGARY ਕੈਲਗਰੀ	EDMONTON ਐਡਮਿੰਟਨ
SUITE 211, 593 YONGE ST. TORONTO, ONT. M4Y 1Z4 PH. (416) 960-3666	UNIT 1-5320-8th. AVE. S.E. CALGARY, ALBERTA, T2A 4L7 PH. (403) 235-6808	9344 -34th. AVE., STRATHCONA SQUARE, EDMONTON, ALTA. T6E 5X8 PH. (403) 462-2424

We offer Low Low Fares to:
New Delhi, Bombay, Calcutta, Madras, Cochin, Trivandrum, Columbo, Karachi, Lahore, Islamabad, Peshawar, Kathmandu & other destinations.

ASSOCIATED OFFICES IN INDIA
Jalandhar City: Opposite Nehru Gardens, G. T. Road, Ph. 77526
Moga: Court Rd. Ph. 2798
Jagraon: Court Rd. Ph. 252

WE ARE AUTHORIZED AGENTS FOR
JAPAN AIR LINES
Air Canada, Air India, Air France, British Airways, Canadian Pacific Airlines, KLM, Pan Am, Wardair & other major Airlines.

TOLL FREE IN B.C. ALBERTA, SASKATECHEWAN and MANITOBA 1-800-663-8638

ਜਾਇਦਾਦ ਖ਼੍ਰੀਦਣੀ ਜਾਂ ਵੇਚਣੀ ਚਾਹੁੰਦੇ ਹੋ?



ਭੂਪਿੰਦਰ ਸਿੰਘ ਸੋਢੀ

ਫਾਰਮ, ਘਰ, ਲਾਟ ਜਾਂ ਕਮਰਸ਼ੀਅਲ ਜਾਇਦਾਦ ਖ਼੍ਰੀਦਣ ਜਾਂ ਵੇਚਣ ਤੋਂ ਪਹਿਲਾਂ ਸਾਨੂੰ ਜ਼ਰੂਰ ਮਿਲੋ। ਅਸੀਂ ਤੁਹਾਨੂੰ ਅੱਛੀ ਡੀਲ ਦਿਵਾਉਣ ਵਿਚ ਮਦਦ ਕਰਾਂਗੇ

ਭੂਪਿੰਦਰ ਸਿੰਘ ਸੋਢੀ
PH. Bus. 437-9431
Res. 434-8987
UNITED REALTY
2443 Kingsway, Vancouver, B.C.
V5R 5G8

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: **DARSHAN GILL**
Art: **N. DHALIWAL**
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ । ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।
Ph. 581-4473

ਲੋਕ-ਬਾਣੀ

ਪ੍ਰਸਿੱਧ ਪੰਜਾਬੀ ਕਵੀ ਪਾਸ਼ ਦਾ ਕਤਲ

23 ਮਾਰਚ 1931 ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਦੇਸ਼ ਦੀ ਆਜ਼ਾਦੀ ਲਈ ਫਾਂਸੀ ਚੜ੍ਹਨਾ ਪਿਆ ਸੀ ਤਾਂਕਿ ਦੇਸ਼ਵਾਸੀ ਆਜ਼ਾਦੀ ਦੀ ਫਿਜ਼ਾ ਵਿਚ ਸਾਹ ਲੈ ਸਕਣ ਅਤੇ ਜ਼ਾਲਮ ਅੰਗਰੇਜ਼ ਹਕੂਮਤ ਤੋਂ ਨਿਜਾਤ ਪਾ ਸਕਣ । 23 ਮਾਰਚ 1988 ਨੂੰ ਆਜ਼ਾਦ ਦੇਸ਼ ਵਿਚ ਦਿਨ-ਦਿਹਾੜੇ ਸਟੇਨਗੰਨਾਂ ਵਾਲਿਆਂ ਨੇ ਪੰਜਾਬ ਦੇ ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਪਾਸ਼ ਨੂੰ ਸਦਾ ਦੀ ਨੀਂਦੇ ਸੁਲਾ ਦਿੱਤਾ । ਪਾਸ਼ ਇਕ ਵਧੀਆ ਇਨਸਾਨ ਹੋਣ ਦੇ ਨਾਲ ਨਾਲ ਇਕ ਵਧੀਆ ਸ਼ਾਇਰ ਸੀ ਜਿਸ ਕੋਲ ਦੇਸ਼ 'ਚ ਨਪੀੜੀ ਜਾ ਰਹੀ ਜਨਤਾ ਲਈ ਅਥਾਹ ਦਰਦ ਸੀ ਅਤੇ ਅਜਿਹੇ ਨਿਜ਼ਾਮ ਵਿਰੁੱਧ ਲੜਨ ਦਾ ਜਿਗਰਾ ਸੀ । ਏਸੇ ਦਰਦ ਕਾਰਨ ਉਹ ਅਠਾਰਾਂ ਸਾਲ ਦੀ ਉਮਰ 'ਚ ਹੀ ਗਲਤ ਕੀਮਤਾਂ ਭਰੇ ਨਿਜ਼ਾਮ ਵਿਰੁੱਧ ਉਠ ਖੜੋਤਾ ਅਤੇ ਗਲਤ ਰਾਜਨੀਤਕ ਢਾਂਚੇ ਨੇ ਉਸ ਨੂੰ ਜੇਲ੍ਹ ਦੀਆਂ ਸਲਾਖਾਂ ਪਿਛੇ ਤੂੰਨ ਦਿੱਤਾ ।

ਅੱਜ ਜੋ ਜਾਗੀਰਦਾਰ-ਆਗੂ ਨੌਜਵਾਨਾਂ ਦੇ ਨਾਂ ਉਤੇ ਲੀਡਰੀਆਂ ਚਮਕਾਉਣ ਲੱਗੇ ਹੋਏ ਹਨ — ਇਹ ਹੀ ਸ੍ਰੀ ਬਾਦਲ ਸਾਹਿਬ ਉਸ ਸਮੇਂ ਮੁੱਖ ਮੰਤਰੀ ਸਨ ਜਦੋਂ ਇਨ੍ਹਾਂ ਪੰਜਾਬ ਦੀ ਨੌਜਵਾਨ ਪਨੀਰੀ ਨੂੰ ਵੇਲਣਿਆਂ ਵਿਚ ਪੀੜਿਆ ਸੀ — ਸੰਤ ਰਾਮ ਉਦਾਸੀ ਵਰਗਿਆਂ ਦੀਆਂ ਅੱਖਾਂ 'ਚ ਮਿਰਚਾਂ ਇਨ੍ਹਾਂ ਨੇ ਹੀ ਧੂੜੀਆਂ ਸਨ — ਪਾਸ਼ ਵਰਗੇ ਨੌਜਵਾਨ ਸ਼ਾਇਰਾਂ ਨੂੰ ਸੀਖਾਂ ਪਿਛੇ ਦੇਣ ਵਾਲੇ ਇਹ ਹੀ ਜਾਗੀਰਦਾਰ-ਆਗੂ ਸਨ ।

ਪੰਜਾਬ ਦੀ ਲੜਾਈ ਮਜ਼੍ਹਬ ਜਾਂ ਧਰਮ ਦੀ ਲੜਾਈ ਨਹੀਂ ਹੈ — ਇਹ ਲੜਾਈ ਆਰਥਿਕ ਹਿਤਾਂ ਦੀ ਹੈ । ਪਾਸ਼ ਨੂੰ ਵੀ ਜਿਨ੍ਹਾਂ ਲੋਕਾਂ ਨੇ ਕਤਲ ਕੀਤਾ ਹੈ ਉਹ ਮਜ਼੍ਹਬ ਜਾਂ ਧਰਮ ਦੇ ਪੈਰੋਕਾਰ ਨਹੀਂ — ਉਹ ਤਾਂ ਇਨ੍ਹਾਂ ਜਾਗੀਰਦਾਰ ਆਗੂਆਂ ਦੇ ਹੱਥਾਂ ਵਿਚ ਹਥਿਆਰ ਹਨ ਜਿਨ੍ਹਾਂ ਨੂੰ ਇਹ ਆਪਣੇ ਸੰਦ ਬਣਾ ਕੇ ਵਰਤ ਰਹੇ ਹਨ । ਜੋ ਨੌਜਵਾਨ ਇਨ੍ਹਾਂ ਗੁੰਮਰਾਹ ਕੀਤੇ ਹਨ ਉਹ ਪੈਸੇ ਅਤੇ ਹਥਿਆਰਾਂ ਕਾਰਨ ਹੀ ਗੁੰਮਰਾਹ ਹੋਏ ਹਨ — ਪਾਸ਼ ਨੂੰ ਕਤਲ ਕਰਨ ਦੀ ਜ਼ਿਮੇਂਵਾਰੀ ਬੇਸ਼ਕ ਕੋਈ ਕਮਾਂਡੋ ਫੋਰਸ ਲੈਂਦੀ ਹੋਵੇ — ਲੋਕਾਂ ਦਾ ਇਸ ਨਾਲ ਵਾਸਤਾ ਨਹੀਂ — ਲੋਕਾਂ ਦਾ ਵਾਸਤਾ ਤਾਂ ਇਸ ਗੱਲ ਨਾਲ ਹੈ ਕਿ ਇਹ ਕਮਾਂਡੋ ਫੋਰਸਾਂ ਕਿਸੇ ਆਜ਼ਾਦੀ ਲਈ ਨਹੀਂ ਲੜ ਰਹੀਆਂ ਸਗੋਂ ਬਦੇਸ਼ੀ ਸਾਮਰਾਜੀਆਂ ਦੀਆਂ ਪੂਛਾਂ ਬਣ ਕੇ ਆਪਣੇ ਹੀ ਲੋਕਾਂ ਦਾ ਘਾਣ ਕਰ ਰਹੀਆਂ ਹਨ ।

ਸੁਮੀਤ ਤੋਂ ਸ਼ੁਰੂ ਹੋਏ ਇਨ੍ਹਾਂ ਸ਼ਹੀਦਾਂ ਦੀ ਲੜੀ ਵਿਚ ਸੁਖਰਾਜ, ਜੈਮਲ, ਬਲਦੇਵ ਮਾਨ ਤੇ ਪਾਸ਼ ਨੂੰ ਲੋਕਾਂ ਨੇ ਹਮੇਸ਼ਾਂ ਯਾਦ ਰੱਖਣਾ ਹੈ ਕਿਉਂਕਿ ਆਉਣ ਵਾਲਾ ਸਮਾਂ ਏਨ੍ਹਾਂ ਦੇ ਕਾਤਲਾਂ ਨੂੰ ਬਖਸ਼ੇਗਾ ਨਹੀਂ ਕਿਉਂਕਿ ਲੇਖਕ ਲੋਕ ਦੇਸ਼ ਦੀ ਅਜਿਹੀ ਪੂੰਜੀ ਹੁੰਦੇ ਹਨ ਜਿਨ੍ਹਾਂ ਨੂੰ ਦੇਸ਼ ਅਤੇ ਦੇਸ਼ ਦੇ ਲੋਕ ਕਦੇ ਵਿਸਾਰਦੇ ਨਹੀਂ ।

ਪਾਸ਼ ਦੀ ਸ਼ਹੀਦੀ ਪੰਜਾਬੀ ਦੇ ਸਾਹਿਤਕਾਰਾਂ ਲਈ ਹਮੇਸ਼ਾ ਚਾਨਣ-ਮੁਨਾਰੇ ਦਾ ਕੰਮ ਕਰੇਗੀ ਤੇ ਪੰਜਾਬ ਦੀਆਂ ਦੋਖੀ ਤਾਕਤਾਂ ਵਿਰੁਧ 95% ਪੰਜਾਬ ਦੇ ਸਾਹਿਤਕਾਰ ਪਾਸ਼ ਦੀਆਂ ਨਰੋਈਆਂ ਕੀਮਤਾਂ ਦੇ ਨਾਲ ਖੜ੍ਹੇ ਹਨ । ਪਾਸ਼ ਅਮਰ ਰਹੇਗਾ !

ਪਾਕਿਸਤਾਨ ਤੋਂ ਇਕ ਖਤ

ਵੀਰ ਦਰਸ਼ਨ ਜੀ,

ਆਦਾਬ

ਇਸ ਤੋਂ ਪਹਿਲਾਂ ਮੈਂ ਚਿੱਠੀ ਲਿਖੀ ਸੀ ਪਰ ਤੁਸਾਂ ਜਵਾਬ ਨਾ ਦਿੱਤਾ । ਹੋ ਸਕਦਾ ਹੈ ਪਈ ਤੁਹਾਨੂੰ ਵਿਹਲ ਨਾ ਲੱਗਾ ਹੋਵੇ ਪਰ ਮੈਂ ਸਮਝਿਆ ਪਈ ਹੋ ਸਕਦਾ ਹੈ ਤੁਸੀਂ ਲੈਂਹਦੇ ਪੰਜਾਬ ਨੂੰ ਪੰਜਾਬ ਈ ਨਾ ਗਿਣਦੇ ਹੋਵੋਂ ਪਰ ਅਸੀਂ ਚੜ੍ਹਦੇ ਪੰਜਾਬ ਨੂੰ ਆਪਣੀ ਧਰਤੀ ਮਾਂ ਈ ਸਮਝਦੇ ਹਾਂ ਤੇ ਧਰਮਾਂ ਦੀ ਵੰਡ ਨੂੰ ਨਹੀਂ ਮੰਨਦੇ ਇਸੇ ਲਈ ਕਿ ਇਕ ਵੇਲਾ ਆਵੇਗਾ ਜਦੋਂ ਫੇਰ ਅਸੀਂ ਇਕ ਹੋਵਾਂਗੇ । ਖਤ ਦਾ ਜਵਾਬ ਨਾ ਦੇ ਸਕੋ ਤਾਂ ਵੀ ਦੱਸੋ ਅਸੀਂ ਤੁਹਾਨੂੰ ਤਕਲੀਫ਼ ਨਹੀਂ ਦਿਆਂਗੇ । ਬਾਕੀ ਮੈਂ ਆਪਣੀ ਇਕ ਨਜ਼ਮ ਘੱਲ ਰਿਹਾ ਵਾਂ ਜੇਕਰ ਪਸੰਦ ਆਵੇ ਤਾਂ ਛਾਪ ਦੇਣਾ ਬਾਕੀ ਹੋ ਸਕੇ ਤਾਂ ਪਰਚਾ ਕਦੇ ਕਦੇ ਘੱਲ ਦਿਆ ਕਰੋ । ਚੜ੍ਹਦੇ ਪੰਜਾਬ ਦੀ ਸੂਰਤੇ ਹਾਲ ਪਤਾ ਲਗਦੀ ਰਹਿੰਦੀ ਹੈ । ਜਿਵੇਂ ਖਾਲਿਸਤਾਨੀ ਦਹਿਸ਼ਤਗਰਦਾਂ ਤਬਾਹੀ ਮਚਾਈ ਹੋਈ ਹੈ ! ਮੇਰੇ ਵੱਲੋਂ ਤੁਹਾਨੂੰ ਤੇ "ਕੈਨੇਡਾ ਦਰਪਣ" ਦੇ ਹੋਰ ਕਾਮਿਆਂ ਨੂੰ ਸਲਾਮ ।

ਪਰਚੇ ਤੇ ਖਤ ਦੀ ਉਡੀਕ 'ਚ

ਤੁਹਾਡਾ ਸਾਥੀ
ਰਾਵਲ ਰਾਠ, ਕਰਾਚੀ
ਐਡੀਟਰ "ਚਾਨਣ" ਮੈਗਜ਼ੀਨ
(ਪਾਕਿਸਤਾਨ)

ਝੂਠੀ ਤੁਹਮਤਬਾਜ਼ੀ

ਸੰਪਾਦਕ ਜੀ,

ਵੈਨਕੂਵਰ ਤੋਂ ਲੈ ਕੇ ਟਰਾਂਟੋ ਤੀਕਰ, ਹਰ ਪੱਧਰੀ ਸੋਚ ਵਾਲੇ ਵਿਅਕਤੀ ਉਪਰ ਚਿੱਕੜ ਉਛਾਲਕੇ ਅਤੇ ਵੈਨਕੂਵਰ ਦੇ ਅੱਗ ਉਗਲਦੇ ਅਖਬਾਰ ਦੀ ਬੁੱਕਲ ਵਿਚ ਬੈਠ ਕੇ, ਓਂਟੇਰੀਓ ਦੇ ਇਕ ਅਖਾਉਤੀ ਪ੍ਰਗਤੀਵਾਦੀ ਸੁਖਿੰਦਰ ਨੇ ਆਪਣੀ ਚਿੱਬੀ ਨਜ਼ਰ, ਈਰਖਾ ਤੇ ਖਚਰੇਪਣ ਦਾ ਤਕੜਾ ਮੁਜ਼ਾਹਰਾ ਕੀਤਾ ਹੈ । ਟਰਾਂਟੋ ਤੋਂ ਚਲਦੇ ਪੰਜਾਬੀ ਰੇਡੀਓ ਪ੍ਰੋਗਰਾਮ "ਪੰਜ ਦਰਿਆ" ਨੂੰ ਰਾਜੀਵ ਪੱਖੀ ਜਾਂ ਬਰਨਾਲਾ ਪੱਖੀ ਗਰਦਾਨਕੇ ਇਸ ਸ਼ਰਾਰਤੀ ਵਿਅਕਤੀ ਨੇ ਆਪਣੀ ਝੂਠੀ ਤੁਹਮਤਬਾਜ਼ੀ ਅਤੇ ਤੰਗਨਜ਼ਰੀ ਦਾ ਪੜਦਾ ਹੀ ਉਧੇੜਿਆ ਹੈ । "ਪੰਜ ਦਰਿਆ" ਇਕੋ ਇਕ ਪ੍ਰੋਗਰਾਮ ਹੈ ਜਿਸ ਨੇ ਰਾਜੀਵ ਗਾਂਧੀ, ਬਰਨਾਲਾ, ਫਿਰਕੂ ਸਿਆਸਤ ਅਤੇ ਅਸ਼ਲੀਲ ਗੀਤਾਂ ਦੇ ਖਿਲਾਫ ਜਹਾਦ ਕੀਤਾ ਹੈ । ਅਜੇਹੇ ਪ੍ਰੋਗਰਾਮ ਨੂੰ ਨਿੰਦਣ ਵਾਲਾ ਬੰਦਾ ਜਾਂ ਤਾਂ ਦਿਮਾਗੀ ਤੌਰ ਤੇ ਬੀਮਾਰ ਹੈ, ਜਾਂ ਜਾਣ ਬੁਝ ਕੇ ਇਹ ਕੁਝ ਕਰ ਰਿਹਾ ਹੈ ।

ਅਸਲ ਵਿਚ ਦਸ ਪੰਦਰਾਂ ਸਾਲ ਕਲਮ ਘਸਾਈ ਕਰਨ ਦੇ ਬਾਵਜੂਦ, ਪੰਜਾਬੀ ਕਵਿਤਾ ਵਿਚ ਇਸ ਵਿਅਕਤੀ ਦੇ ਪੈਰ ਨਹੀਂ ਲੱਗ ਸਕੇ । ਹੁਣ ਬੁਖਲਾਹਟ ਵਿਚ ਆ ਕੇ ਇਹ ਆਪਣੇ ਸਮਕਾਲੀਆਂ ਦੀ ਨਿੰਦਿਆ ਰਾਹੀਂ ਤੇ ਵੈਨਕੂਵਰ ਚੋਂ ਨਿਕਲਦੇ ਇਕ ਬਰੂਦੀ ਅਖਬਾਰ ਰਾਹੀਂ, ਪੰਜਾਬੀ ਕਵਿਤਾ ਵਿਚ ਸਥਾਪਤ ਹੋਣ ਦੇ ਚੱਕਰ ਵਿਚ ਹੈ ।

ਇਸ ਹੋਛੇ ਵਿਅਕਤੀ ਦੀ ਬੁਖਲਾਹਟ ਅਤੇ ਈਰਖਾ ਦੀ ਇਕ ਹੋਰ ਮਿਸਾਲ ਇਹ ਹੈ ਕਿ ਹੁਣ ਇਹ ਕੁਲਦੀਪ ਦੀਪਕ ਦੇ ਪ੍ਰੋਗਰਾਮ ਨੂੰ ਸ਼੍ਰੇਸ਼ਟ ਪ੍ਰੋਗਰਾਮ ਦਸਦਾ ਹੈ ਤੇ ਕੁਝ ਵਰੇ ਪਹਿਲਾਂ ਇਸੇ ਦੀਪਕ ਦੇ ਪ੍ਰੋਗਰਾਮ ਦੀ ਨਿੰਦਿਆ ਗੁਰਦਿਆਲ ਕੰਵਲ ਦੇ ਅਖਬਾਰ ਵਿਚ ਕਰਦਾ ਰਿਹਾ ਹੈ ।

ਬਾਕੀ ਤੁਹਾਡੀ ਗੱਲ ਬਿਲਕੁਲ ਸਹੀ ਹੈ ਕਿ "ਵਿਹਲੜ" ਬੰਦਾ ਸ਼ਰਾਰਤਾਂ ਹੀ ਸੋਚਦਾ ਹੈ । ਵੈਨਕੂਵਰ ਦੇ ਇਕ ਅਖਬਾਰ ਨੂੰ ਤੁਹਾਡੇ ਅਤੇ ਸਾਡੇ ਖਿਲਾਫ ਵਰਤਣ ਲਈ ਇਹ ਵਧੀਆ ਛੁਣਛੁਣਾ ਮਿਲ ਗਿਆ ਹੈ ।

ਸੁਖਰਾਜ ਸਿੰਘ ਕਾਲੀ ਰਾਏ
ਬਰੈਂਪਟਨ, ਓਨਟੈਰੀਓ ।

ਦੋਗਲੇ ਕਿਰਦਾਰ ਦੇ ਲੇਖਕ

ਪਿਆਰੇ ਦਰਸ਼ਨ ਗਿੱਲ,

'ਕੈਨੇਡਾ ਦਰਪਣ' ਮੈਂ ਅਜੇ ਤਕ ਨਹੀਂ ਦੇਖਿਆ ਜਦੋਂ ਕਿ ਇਹਦੇ ਬਾਰੇ ਕਾਫੀ ਕੁੱਝ ਸੁਣ ਚੁੱਕਾ ਹਾਂ । ਕੁੱਝ ਹੀ ਦੇਰ ਹੋਈ ਹੈ ਕਿ ਅਮਰਜੀਤ ਚੰਦਨ ਦਾ ਫੂਨ ਆਇਆ ਤਾਂ ਤੇਰੇ ਬਾਰੇ ਅਤੇ ਪਰਚੇ ਬਾਰੇ ਵੀ ਗੱਲ ਹੋਈ । ਸਾਥੀਆ ਬਸ ਦੱਬੀ ਚੱਲ । ਇਥੇ ਅਸੀਂ 'ਪੰਜਾਬੀ ਦਰਪਣ' ਕੱਢਦੇ ਹਾਂ ਤਾਂ ਕਿ "ਖਾਲਿਸਤਾਨ" ਦਾ ਡੱਟ ਕੇ ਮੁਕਾਬਲਾ ਕੀਤਾ ਜਾ ਸਕੇ ।

ਮੈਂ ਪਰਚੇ ਦਾ ਮਿਡਲੈਂਡ ਤੋਂ ਰੀਪੋਰਟਰ ਹਾਂ ਅਤੇ ਅਜੇ ਪਿਛੇ ਜਹੇ ਹੀ ਮੇਰੀ ਪਲੇਠੀ ਕਿਤਾਬ "ਜਾਅਲੀ ਦੁਨੀਆਂ" ਜਲੰਧਰ ਦੇ ਦੀਪਕ ਪਬਲਿਸ਼ਰਜ਼ ਮਾਈ ਹੀਰਾ ਗੇਟ ਵਾਲਿਆਂ ਛਾਪੀ ਹੈ ।

ਮੈਂ ਸ਼ੁਕਰਗੁਜ਼ਾਰ ਹੋਵਾਂਗਾ ਅਗਰ ਤੁਸੀਂ ਪਰਚਾ ਰੈਗੂਲਰਲੀ ਅਪੜਦਾ ਕਰਿਆ ਕਰੋ ਅਤੇ ਮੈਂ ਗਾਹੇ ਵਗਾਹੇ ਆਪਣੀਆਂ ਲਿਖਤਾਂ ਭੇਜਦਾ ਰਿਹਾ ਕਰਾਂਗਾ ।

ਇਕ ਗੱਲ ਮੈਂ ਤੁਹਾਡੇ ਰਵਿੰਦਰ ਸਿੰਘ ਰਵੀ ਬਾਰੇ ਲਿਖਣੀ ਚਾਹੁੰਦਾ ਹਾਂ ਇਸ ਦਾ ਰੋਲ ਖਚਰਾ ਤੇ ਦੋਗਲਾ ਹੈ । ਇਥੇ ਦੇ ਖਾਲਿਸਤਾਨੀ ਧੁਤਰੂ ਪਰਚੇ 'ਦੇਸ ਪ੍ਰਦੇਸ' 'ਚ ਇਹ ਦਸਤਾਰ ਸਜਾ ਕੇ "ਵਾਹਿਗੁਰੂ ਜੀ ਕੀ ਖਾਲਸਾ, ਵਾਹਿਗੁਰੂ ਜੀ ਕੀ ਫਤਿਹ" ਨਾਲ ਗੱਲ ਸ਼ੁਰੂ ਕਰਕੇ ਖਾਲਿਸਤਾਨ ਦੇ ਹੱਕ 'ਚ ਲਿਖਤਾਂ ਛਪਵਾਉਂਦਾ ਹੈ ਪਰ ਹਿੰਦੁਸਤਾਨੀ ਪਰਚਿਆਂ 'ਚ ਸਿਰਫ ਰਵਿੰਦਰ ਰਵੀ ਲਿਖ ਕੇ ਕੁੱਝ ਹੋਰ ਲਿਖਤਾਂ ਭੇਜਦਾ ਹੈ । ਇਹੋ ਜਿਹਾ ਹਾਲ ਇਥੇ ਦੇ ਕੁਝ ਲੇਖਕਾਂ ਦਾ ਹੈ । ਇਹਨਾਂ ਨੂੰ ਜਿੰਨਾਂ ਵੀ ਨੰਗਿਆ ਕੀਤਾ ਜਾ ਸਕੇ ਕਰਨਾ ਚਾਹੀਦਾ ਹੈ । ਇਥੋਂ ਦੇ ਚੰਨਣ ਸਿਹੁੰ ਬਾਰੇ ਤਾਂ ਤੁਹਾਨੂੰ ਪਤਾ ਹੀ ਹੋਣਾ ਹੈ ।

ਬਾਕੀ ਫਿਰ ਸਹੀ । ਪਰਚੇ ਦੀ ਉਡੀਕ ਰਹੇਗੀ । ਇਕ ਛੋਟੀ ਜੇਹੀ ਰਚਨਾ ਵੀ ਨੱਥੀ ਕਰ ਰਿਹਾਂ ।

ਹਰੀਸ਼ ਮਲਹੋਤਰਾ, ਬਰਮਿੰਘਮ (ਇੰਗਲੈਂਡ)

ਸਿੱਖ-ਰਾਜਨੀਤੀ

ਸਤਿਕਾਰ ਯੋਗ ਵੀਰ ਗਿੱਲ ਜੀ,

ਸਤਿ ਸ੍ਰੀ ਅਕਾਲ ।

ਆਪਜੀ ਦਾ ਪਾਠਕ ਆਪਜੀ ਨੂੰ ਦੋ ਲੇਖ ਸਿੱਖ-ਰਾਜਨੀਤੀ ਭੇਜਦਾ ਹੈ ਸੋ ਇਹ "ਦਰਪਣ" ਵਿਚ ਪ੍ਰਕਾਸ਼ਤ ਕਰਨ ਦੀ ਖੇਚਲ ਕਰਨੀ ਅਤੇ ਬਾਕੀ ਦੀਆਂ ਦੋ ਕਿਸ਼ਤਾਂ ਉਮੀਦ ਹੈ ਅਗਲੇ ਹਫਤੇ ਵਿਚ ਹੀ ਸ਼ਾਇਦ ਭੇਜ ਦੇਵਾਂ ।

ਮੇਹਰ ਸਿੰਘ ਸੰਧੂ

ਹਾਰਟ ਫਾਊਂਡੇਸ਼ਨ ਲਈ ਮੱਦਦ

ਸਤਿਕਾਰਯੋਗ ਸੰਪਾਦਕ ਜੀ,

ਕੈਨੇਡਾ ਦਰਪਣ ਠੀਕ ਵਕਤ ਸਿਰ ਮਿਲ ਜਾਂਦਾ ਹੈ । ਕੈਨੇਡਾ ਦਰਪਣ ਦੇ ਫਰਵਰੀ ਦੇ ਸਾਰੇ ਅੰਕਾਂ ਵਿਚ B.C. Heart Foundation ਬਾਰੇ ਬੜੇ ਹੀ ਪ੍ਰੇਰਨਾਤਮਕ ਸੰਦੇਸ਼ ਛਪੇ ਹਨ । ਤੁਸੀਂ ਇਸ ਮਹਾਨ ਕੰਮ ਲਈ ਵਧਾਈ ਦੇ ਹੱਕਦਾਰ ਹੋ ।

B.C. Heart Foundation ਨੇ ਫੰਡ (ਦਾਨ) ਇਕੱਠਾ ਕਰਨ ਲਈ ਮੈਨੂੰ at randim ਵਲੰਟੀਅਰ (ਸੇਵਾਦਾਰ) ਚੁਣਿਆ ਸੀ । ਮੈਨੂੰ ਮੇਰੇ ਗੁਆਂਢ ਵਿਚ ਹੀ ਦੋ ਛੋਟੇ ਛੋਟੇ ਏਰੀਆ (ਇਲਾਕੇ) canvass ਕਰਨ ਲਈ ਦਿਤੇ ਸਨ । ਇਸ ਤੋਂ ਇਲਾਵਾ ਮੈਂ ਆਪਣੇ ਕਈ ਦੋਸਤਾਂ, ਜਾਣਕਾਰਾਂ ਤੇ ਰਿਸ਼ਤੇਦਾਰਾਂ ਤੋਂ ਵੀ ਦਾਨ ਇਕੱਠਾ ਕੀਤਾ । ਜਿਥੇ ਜਿਥੇ ਵੀ ਮੈਂ ਗਿਆ ਸਭ ਨੇ ਖੁਸ਼ੀ ਖੁਸ਼ੀ 5-5 ਦਸ ਦਸ ਡਾਲਰ B.C. Heart Foundation ਲਈ ਦਾਨ ਦਿਤੇ ।

——→

Immigration and Citizenship Matters
JAMES SUE & COMPANY
Immigration Advocates

- Filing a successful application for immigrant & business Visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters
- Assisted relative applications for brother, sister, uncles, Aunts, nephews and Nieces — Married or single regardless of age.
- Hindi, Punjabi spoken

If you need help and require updated information — Contact :

BABU JIM NARAIN of James, Sue & Company who has 18 years of experience on Immigration and Citizenship matters with top Immigration Lawyers.

5024 Victoria Drive, Vancouver, B.C. V5P 3T8

Evening Office : 433-4685

Tel: Off. 324-9441

ਸਪੈਸ਼ਲ ਅਨਾਊਂਸਮੈਂਟ

ਨਵੀਂ ਇਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers) ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇਮੀਗਰੈਂਟ ਬਣ ਸਕਦੇ ਹਨ । ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ । ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ !

ਮੈਂ ਟੋਟਲ $196.00 ਡਾਲਰ ਫੰਡ ਇਕੱਠਾ ਕਰਕੇ B.C. Heart Foundation ਨੂੰ ਦਿੱਤਾ। ਇਸ ਫੰਡ ਵਿਚ ਪੰਜ ਡਾਲਰ ਮੇਰੀ ਪਤਨੀ ਨੇ ਵੀ ਦਿੱਤੇ ਸਨ।

ਆਪਦਾ ਪਾਠਕ
ਅਜੀਤ ਧਨੋਆ।

ਉਸਾਰੂ ਰੁਚੀਆਂ

ਪਿਆਰੇ ਦਰਸ਼ਨ,

ਯਾਦ!

'ਕੈਨੇਡਾ ਦਰਪਣ' ਦੇ ਮਾਰਚ 1-15, 1988, ਅੰਕ ਵਿਚ ਗੁਰਮੇਲ ਨੇ 'ਸੰਵਾਦ ਵਾਲੇ ਸੁਖਿੰਦਰ ਦੇ ਨਾਂ ਖੁੱਲ੍ਹਾ ਖਤ' ਵਿਚ, ਪੰਜਾਬੀ ਸਾਹਿਤ ਅਤੇ ਸਭਿਆਚਾਰ ਦੇ ਇੱਕ ਗੰਭੀਰ ਪਾਠਕ ਵਜੋਂ, ਕੁਝ ਨੁਕਤੇ ਖੜ੍ਹੇ ਕੀਤੇ ਹਨ। ਮੈਂ ਸਮਝਦਾ ਹਾਂ ਕਿ ਪੰਜਾਬੀ ਪਾਠਕਾਂ ਵਿਚ ਉਭਰ ਰਹੀਆਂ ਅਜਿਹੀਆਂ ਉਸਾਰੂ, ਆਲੋਚਨਾਤਮਿਕ ਰੁਚੀਆਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਇਸ ਬਹਿਸ ਨੂੰ ਅੱਗੇ ਤੋਰਣ ਲਈ 'ਵਿਚਾਰ ਚਰਚਾ' ਅਧੀਨ ਮਈ 1 ਅਤੇ ਮਈ 15 ਨੂੰ ਪ੍ਰਕਾਸ਼ਤ ਹੋਣ ਵਾਲੇ ਅੰਕਾਂ ਵਾਸਤੇ, ਮੈਂ ਆਪਣਾ ਇਕ ਵਿਸਥਾਰ ਵਿਚ ਲਿਖਿਆ ਨਿਬੰਧ ਭੇਜ ਰਿਹਾ ਹਾਂ। ਨਿਬੰਧ ਹੈ: 'ਕੈਨੇਡਾ ਵਿਚ ਪੰਜਾਬੀ ਸਾਹਿਤਕ-ਸਭਿਆਚਾਰ ਦੀ ਉਸਾਰੀ'। ਨਿਬੰਧ 15 ਅਪ੍ਰੈਲ ਤੱਕ ਤੁਹਾਨੂੰ ਪਹੁੰਚ ਜਾਵੇਗਾ।

ਧੰਨਵਾਦ ਸਹਿਤ

ਸੁਖਿੰਦਰ, ਓਂਟੇਰੀਓ।

ਜਬਲਪੁਰ 'ਚ ਬਾਰੂਦ ਫੈਕਟਰੀ ਨੂੰ ਅੱਗ

'ਅਖੇ ਅੱਗ ਅਸੀਂ ਲਾਈ ਹੈ' — ਖਾਲਿਸਤਾਨੀ ਕਮਾਂਡੋ

ਜਬਲਪੁਰ — ਮੱਧ ਪ੍ਰਦੇਸ਼ ਦੀ ਫੈਕਟਰੀ ਜਿਸਨੂੰ ਸੈਂਟਰਲ ਆਰਡੀਨੈਂਸ ਫੈਕਟਰੀ ਵਜੋਂ ਜਾਣਿਆ ਜਾਂਦਾ ਹੈ ਉਸ ਵਿਚ ਅੱਗ ਲੱਗਣ ਕਾਰਨ ਕਰੋੜਾਂ ਰੁਪਏ ਦਾ ਨੁਕਸਾਨ ਹੋ ਗਿਆ ਹੈ। ਅੱਗ ਦਾ ਫੈਲਾਅ ਵਧਣ ਕਾਰਨ ਨੇੜੇ ਦੇ ਪਿੰਡਾਂ ਦੇ ਲੋਕਾਂ ਨੂੰ ਘਰ ਛੱਡ ਕੇ ਦੌੜਨਾ ਪਿਆ। ਜਬਲਪੁਰ ਦੇ ਆਲੇ ਦੁਆਲੇ ਏਨਾ ਧੂੰਆਂ ਸੀ ਕਿ ਹਵਾਈ ਉਡਾਣਾਂ ਵੀ ਬੰਦ ਕਰਨੀਆਂ ਪਈਆਂ।

2000 ਕਰਮਚਾਰੀ ਇਸ ਅੱਗ ਨੂੰ ਕਾਬੂ 'ਚ ਕਰਨ ਲਈ ਤਿੰਨ ਦਿਨ ਲੱਗੇ ਰਹੇ ਹਨ। ਅਮਨੀਸ਼ਨ ਦੇ ਦਸ ਹਜ਼ਾਰ ਰਾਊਂਡ ਤਬਾਹ ਹੋ ਗਏ ਸਰਕਾਰ ਵਲੋਂ ਇਕ ਛੇ-ਮੈਂਬਰੀ ਪੜਤਾਲ ਕਮਿਸ਼ਨ ਮੁਕੱਰਰ ਕੀਤਾ ਗਿਆ ਹੈ ਜੋ ਅੱਗ ਦੇ ਕਾਰਨਾਂ ਦੀ ਦੇਖਭਾਲ ਕਰੇਗਾ ਅਤੇ ਹੋਏ ਨੁਕਸਾਨ ਦਾ ਜਾਇਜ਼ਾ ਲਵੇਗਾ।

ਅਖੇ 'ਅੱਗ ਅਸੀਂ ਲਾਈ'

ਪੰਜਾਬ 'ਚ ਸਥਿਤ ਦਹਿਸ਼ਤਗਰਦਾਂ ਦੇ ਇਕ ਗਰੁਪ ਜਿਸ ਨੂੰ ਖਾਲਿਸਤਾਨ ਕਮਾਂਡੋ ਫੋਰਸ ਕਿਹਾ ਜਾਂਦਾ ਹੈ ਇਕ ਬਿਆਨ ਵਿਚ ਕਿਹਾ ਹੈ ਕਿ ਜਬਲਪੁਰ ਦੀ ਫੈਕਟਰੀ ਨੂੰ ਅੱਗ ਉਨ੍ਹਾਂ ਨੇ ਲਾਈ ਹੈ।

ਈਰਾਨੀਆਂ ਵਲੋਂ ਭਾਰਤੀ ਟੈਂਕਰ ਉਤੇ ਹਮਲਾ

ਡੁਬਈ — ਈਰਾਨੀਆਂ ਨੇ ਭਾਰਤ ਦੇ ਇਕ ਤੇਲ ਟੈਂਕਰ ਉਤੇ ਰਾਕਟਾਂ ਤੇ ਮਸ਼ੀਨਗੰਨਾਂ ਨਾਲ ਹਮਲਾ ਕੀਤਾ ਜਿਸ ਨਾਲ ਟੈਂਕਰ ਵਿਚ ਛੇਕ ਹੋ ਗਏ ਅਤੇ ਇਕ ਵਿਅਕਤੀ ਜ਼ਖਮੀ ਹੋਇਆ। ਜਹਾਜ਼ ਵਿਚ ਉਸ ਸਮੇਂ 98 ਵਿਅਕਤੀ ਸਨ।

ਈਰਾਨੀਆਂ ਵਲੋਂ ਹਮਲਾ 4 ਕਿਸ਼ਤੀਆਂ ਰਾਹੀਂ ਕੀਤਾ ਗਿਆ। ਟੈਂਕਰ ਸਾਊਦੀ ਅਰਬੀਆ ਤੇਲ ਲੈਣ ਲਈ ਜਾ ਰਿਹਾ ਸੀ। ਡੁਬਈ ਦੀ ਬੰਦਰਗਾਹ ਉਤੇ ਲੰਗਰ ਲਾ ਦਿੱਤਾ ਗਿਆ ਹੈ।

ਡੁਬਈ 'ਚ ਭਾਰਤ ਦੇ ਰਾਜਦੂਤ ਸ੍ਰੀ ਮਹਾਜਨ ਨੇ ਕਿਹਾ ਕਿ ਇਹ ਹਮਲਾ ਈਰਾਨੀਆਂ ਵਲੋਂ ਕੀਤਾ ਗਿਆ ਹੈ। ਯਾਦ ਰਹੇ ਕਿ ਭਾਰਤ ਸਰਕਾਰ ਨੇ ਆਪਣੇ ਤਹਿਰਾਨ 'ਚ ਦੂਤਾਵਾਸ ਵਿਚੋਂ ਕਾਫੀ ਅਧਿਕਾਰੀਆਂ ਦੇ ਪ੍ਰਵਾਰ ਵਾਪਸ ਬੁਲਾ ਲਏ ਹਨ। ਬਹੁਤੇ ਵਪਾਰੀ ਵੀ ਵਾਪਸ ਪਹੁੰਚ ਚੁਕੇ ਹਨ।

ਦਹਿਸ਼ਤਗਰਦ ਹੀਰਾ ਸਿੰਘ ਤੂਫ਼ਾਨ ਸਮੇਤ ਛੇ ਗ੍ਰਿਫਤਾਰ

ਫਰੀਦਕੋਟ — ਅਖੌਤੀ ਖਾਲਿਸਤਾਨ ਕਮਾਂਡੋ ਫੋਰਸ ਦੇ ਆਗੂ ਹੀਰਾ ਸਿੰਘ ਤੂਫ਼ਾਨ ਨਾਲ 6 ਹੋਰ ਦਹਿਸ਼ਤਗਰਦ ਪੁਲਸ ਨੇ ਕਾਬੂ ਕਰ ਲਏ ਹਨ। ਪੁਲਸ ਅਧਿਕਾਰੀ ਅਨੁਸਾਰ ਇਹ ਗਰੁਪ ਬੈਂਕ ਡਾਕਿਆਂ ਅਤੇ ਪਟਰੋਲ ਪੰਪਾਂ ਉਤੇ ਹਮਲਿਆਂ ਤੇ ਲੁੱਟਮਾਰ ਦੀਆਂ ਕਾਰਵਾਈਆਂ ਵਿਚ ਸ਼ਾਮਲ ਸੀ। ਇਨ੍ਹਾਂ ਕੋਲੋਂ ਭਾਰੀ ਮਿਕਦਾਰ ਵਿਚ ਅਸਲਾ ਵੀ ਫੜਿਆ ਗਿਆ ਹੈ।

ਇਸੇ ਦੌਰਾਨ ਗੁਰਦਾਸਪੁਰ ਜ਼ਿਲੇ ਵਿਚ ਸੱਤ ਅਜਿਹੇ ਵਿਅਕਤੀ ਗ੍ਰਿਫਤਾਰ ਕੀਤੇ ਗਏ ਹਨ ਜਿਨ੍ਹਾਂ ਉਤੇ ਦਹਿਸ਼ਤਗਰਦਾਂ ਨੂੰ ਪਨਾਹ ਦੇਣ ਦਾ ਦੋਸ਼ ਹੈ। ਇਹ ਦਹਿਸ਼ਤਗਰਦੀ-ਵਿਰੋਧੀ ਕਾਨੂੰਨ ਹੇਠ ਫੜੇ ਗਏ।

ਸ਼੍ਰੋਮਣੀ ਕਮੇਟੀ 'ਚ ਵੱਖ ਵੱਖ ਪ੍ਰਧਾਨਾਂ ਸਮੇਂ ਕੁਰੱਪਸ਼ਨ ਦੇ ਚਰਚੇ

ਅੰਮ੍ਰਿਤਸਰ — ਸ਼੍ਰੋਮਣੀ ਗੁ: ਪ੍ਰੰ: ਕਮੇਟੀ ਨੇ ਇਕ ਪ੍ਰੈਸ ਬਿਆਨ ਵਿਚ ਸਾਬਕ ਅਕਾਲੀ ਮੰਤਰੀ ਸ੍ਰੀ ਆਤਮਾ ਸਿੰਘ ਦੇ ਇਸ ਬਿਆਨ ਦੀ ਤਰਦੀਦ ਕੀਤੀ ਹੈ ਕਿ ਜਿਸ ਵਿਚ ਉਹਨਾਂ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਉਹਨਾਂ ਸ਼੍ਰੋਮਣੀ ਕਮੇਟੀ ਦੇ ਉਹਨਾਂ ਮੁਲਾਜ਼ਮਾਂ ਨੂੰ ਦੁਬਾਰਾ ਨੌਕਰੀਆਂ ਉਤੇ ਲਿਆ ਸੀ ਜਿਹਨਾਂ ਨੂੰ ਕੁਰਪਸ਼ਨ ਦੇ ਦੋਸ਼ ਵਿਚ ਕੱਢਿਆ ਗਿਆ ਸੀ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਐਕਟਿੰਗ ਪ੍ਰਧਾਨ ਹਰਿੰਦਰ ਸਿੰਘ ਨੇ ਕਿਹਾ ਹੈ ਕਿ ਇਹਨਾਂ ਕੱਢੇ ਗਏ ਮੁਲਾਜ਼ਮਾਂ ਨੂੰ ਜਥੇਦਾਰ ਟੌਹੜਾ ਦੇ ਹੁਕਮ ਨਾਲ ਨਹੀਂ ਸਗੋਂ ਪ੍ਰਧਾਨ ਕਾਬਲ ਸਿੰਘ ਦੇ ਹੁਕਮ ਨਾਲ ਦੁਬਾਰਾ ਰਖਿਆ ਗਿਆ ਸੀ ਜੋ ਬਰਨਾਲਾ ਸਰਕਾਰ ਸਮੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ। ਕਿਉਂਕਿ ਇਹਨਾਂ ਦੀ ਪ੍ਰਧਾਨਗੀ ਹੇਠ ਕਮੇਟੀ ਨੇ ਇਹਨਾਂ ਮੁਲਾਜ਼ਮਾਂ ਦੀ ਪੜਤਾਲ ਕਰਕੇ ਇਹਨਾਂ ਨੂੰ ਪਹਿਲਾਂ ਨਿਰਦੋਸ਼ ਕਰਾਰ ਦਿੱਤਾ ਸੀ।




ਕੀ ਤੁਸੀਂ ਨਵੀਂ ਜਾਂ ਪੁਰਾਣੀ ਕਾਰ, ਵੈਨ ਜਾਂ ਪਿਕ ਅੱਪ ਲੱਭ ਰਹੇ ਹੋ ???

ਤਾਂ ਇਕ ਵਾਰ ਸਾਡੇ ਸ਼ੋਅ ਰੂਮ ਵਿਚ ਆਉ ਤੇ ਮਿਲੋ

ਭਵਖੰਡਨ ਸਿੰਘ ਰਖਰਾ
(BOB RAKHRA)

ਨੂੰ ਜੋ ਤੁਹਾਨੂੰ ਵਧੀਆ ਕਾਰ, ਵੈਨ ਜਾਂ ਪਿਕ ਅੱਪ ਵਾਜਬ ਕੀਮਤ ਤੇ ਦਿਵਾ ਸਕਦੇ ਹਨ



ਭਵਖੰਡਨ ਸਿੰਘ ਰਖਰਾ
Res. 324-4381

ਸਾਡੇ ਕੋਲ ਹਰ MAKE ਤੇ MODEL ਦੀਆਂ ਪੁਰਾਣੀਆਂ ਕਾਰਾਂ ਵੀ ਹਨ

G. M. FORD, CHRYSLER, TOYOTA, HONDA, MAZDA VOLKSWAGON, BMW SUZUKI AND MANY OTHERS.

ਕਾਰਾਂ ਤੁਸੀਂ ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਵੀ ਲੈ ਸਕਦੇ ਹੋ

ਅਸੀਂ ਤੁਹਾਡੇ ਲਈ ਫਾਈਨੈਂਸਿੰਗ ਦਾ ਵੀ ਪ੍ਰਬੰਧ ਕਰਵਾ ਸਕਦੇ ਹਾਂ

NISSAN ਦੀਆਂ 1988 MODEL ਦੀਆਂ ਨਵੀਆਂ ਜਪਾਨੀ ਕਾਰਾਂ

FAMILY CARS :— MICRA, STANZA, SENTRA, MAXIMA (FROM $8000 and UP)
SPORTS CARS :— 200SX, 300ZX, PULSAR
VANS :— MULTI, PATHFINDER
PICK UP :— KING CAB, REGULAR OR LONG BED, AND PATHFINDER

ਹੋਰ ਜਾਣਕਾਰੀ ਤੇ ਤਸੱਲੀਬਖਸ਼ ਸਰਵਿਸ ਲਈ ਸਾਡੇ ਸ਼ੋ ਰੂਮ 'ਚ ਆ ਕੇ BOB RAKHRA ਨੂੰ ਮਿਲੋ ਜਾਂ ਫੋਨ ਕਰੋ :

JIM PATTISON NISSAN

3333 MAIN ST., VANCOUVER, B.C.
West Side of Main Between 17th Ave. 18th Ave.)

Ph. Off: 876-3333

SERVING YOU SINCE 1980

MUSIC IS LIFE

MANN MUSIC VIDEO & PHOTO STUDIO

6512 MAIN ST., VANCOUVER, B.C.

PH. (604) 321-6667

ਖਾਲਸਾ ਪੰਥ ਦੇ 289 ਸਾਲਾ ਪ੍ਰਕਾਸ਼ ਦਿਹਾੜੇ ਅਤੇ ਨਗਰ ਕੀਰਤਨ ਵਿਚ ਸ਼ਾਮਲ ਹੋਣ ਵਾਲੀਆਂ ਸਮੂਹ ਸੰਗਤਾਂ ਨੂੰ

ਲੱਖ ਲੱਖ ਵਧਾਈ ਹੋਵੇ!

ਪਾਸਪੋਰਟ, ਵੀਜ਼ਾ, ਸਿਟੀਜ਼ਨ ਲਈ ਫੋਟੋ
ਪੰਜ ਮਿੰਟ ਦੀ ਸਰਵਿਸ

ਸ਼ਾਦੀਆਂ ਤੇ ਹੋਰ ਖੁਸ਼ੀ ਦੇ ਮੌਕਿਆਂ ਲਈ ਅਸੀਂ ਵੀਡੀਓ ਬਣਾਉਂਦੇ ਹਾਂ — ਸਪੈਸ਼ਲ ਰੇਟ — ਪ੍ਰੋਫੈਸ਼ਨਲ ਸਰਵਿਸ

- ਇਸ ਮੌਕੇ ਤੇ ਪ੍ਰਸਿੱਧ ਢਾਡੀ ਗਿ: ਬਲਦੇਵ ਸਿੰਘ ਐਮ. ਏ. ਦੀ ਆਵਾਜ਼ ਵਿਚ

ਵਾਰ ਸ਼ਾਮ ਸਿੰਘ ਅਟਾਰੀ

ਵਧੀਆ ਪ੍ਰਿੰਟ ਵਿਚ ਵੀਡੀਓ ਮੂਵੀ ਰੀਲੀਜ਼ ਕੀਤੀ ਜਾਵੇਗੀ

ਗਾਣਿਆਂ ਤੇ ਵੀਡੀਓ ਦਾ ਭੰਡਾਰ


ਪੰਜਾਬੀ ਗੀਤ, ਗ਼ਜ਼ਲਾਂ ਤੇ ਧਾਰਮਿਕ ਟੇਪਾਂ ਦਾ ਭੰਡਾਰ

ਨਵੀਆਂ ਤੇ ਪੁਰਾਣੀਆਂ ਮੂਵੀਆਂ ਦੇ ਵਧੀਆ ਪ੍ਰਿੰਟ

- ਪਾਕਿਸਤਾਨ ਦੇ ਮਸ਼ਹੂਰ ਡਰਾਮੇ • ਸੋਨਾ ਚਾਂਦੀ • ਵਾਰਿਸ • ਵਕਤ • ਦਸਤਕ • ਆਸਮਾਨ • ਤੇ ਹੋਰ ਵੀਡੀਓ ਸ਼ੋਅ
- ਡਰਾਮਾ — 'ਰਮਾਇਣ' — 17 ਪਾਰਟਾਂ ਵਿਚ

- ਪ੍ਰਸਿੱਧ ਗਾਇਕ **ਕੁਲਦੀਪ ਮਾਣਕ** ਤੇ **ਸੁਖਵੰਤ ਕੌਰ ਦਾ ਨਵਾਂ ਵੀਡੀਓ ਸ਼ੋਅ**






ਸੰਗੀਤ ਦੇ ਸਾਜ਼ —

ਸਿਤਾਰ, ਸਾਰੰਗੀ, ਤਬਲਾ, ਢੋਲਕ, ਭੰਗੜੇ ਲਈ ਢੋਲ, ਘੁੰਗਰੂ, ਚਿਮਟਾ, ਤੂੰਬੀਆਂ —

ਵਧੀਆ ਕੁਆਲਟੀ

ਤੁਸੀਂ ਹਰ ਆਈਟਮ ਮੇਲ ਆਰਡਰ ਰਾਹੀਂ ਮੰਗਵਾ ਸਕਦੇ ਹੋ



ਹਰ ਕਿਸਮ ਦੀਆਂ ਕਿਤਾਬਾਂ — ਨਾਵਲ, ਕਹਾਣੀਆਂ — ਅੰਗਰੇਜ਼ੀ-ਪੰਜਾਬੀ ਡਿਕਸ਼ਨਰੀਆਂ, ਧਾਰਮਿਕ ਪੁਸਤਕਾਂ, ਗੁਟਕੇ

ਗੁਰੂ ਮਹਾਰਾਜ ਦੇ ਸਰੂਪ, ਕੰਘੇ, ਕੜੇ, ਹਾਰ, ਕਲੀਰੇ, ਸੇਹਰੇ, ਕਲਗੀਆਂ

ਇੰਡੀਆ ਦੀ ਬਿਜਲੀ ਤੇ ਚਲਣ ਵਾਲੀਆਂ ਨਵੀਆਂ ਚੀਜ਼ਾਂ ਦੀ ਸ਼ਿਪਮਿੰਟ ਪੁਜ ਗਈ

- ਵੀਡੀਓ ਮਸ਼ੀਨਾਂ • ਇੰਡਿਆਂ ਦੀ ਬਿਜਲੀ ਤੇ ਚਲਣ ਵਾਲੀ ਬੈਟਰੀ • ਸਟੀਮ ਪ੍ਰੈਸ
- ਰੇਡੀਓ, ਟੇਪ ਰੀਕਾਰਡਰ (ਕੀਮਤ 80 ਡਾਲਰ ਤੋਂ ਸ਼ੁਰੂ ਹੁੰਦੀ ਹੈ)

ਖੁਸ਼ਖਬਰੀ! ਖੁਸ਼ਖਬਰੀ!

ਸੰਗੀਤ ਸੰਸਾਰ ਰੇਡੀਓ ਪ੍ਰੋਗਰਾਮ ਦੇ ਸਮੇਂ ਵਿਚ ਵਾਧਾ

ਹਰ ਸ਼ਨਿਚਰਵਾਰ 5 ਵਜੇ ਤੋਂ 8.30 ਵਜੇ ਤੱਕ ਸ਼ਾਮ

ਰੇਡੀਓ **1470 AM or 103 FM (Cable Only)**

7.30 ਤੋਂ 8.30 ਵਜੇ ਸ਼ਾਮ — ਸਪੈਸ਼ਲ ਗ਼ਜ਼ਲ ਪ੍ਰੋਗਰਾਮ

"ਮਹਿਫਲੇ-ਗ਼ਜ਼ਲ"

ਖਾੜਕੂਆਂ ਨੂੰ ਗੋਲੀਬੰਦੀ ਦਾ ਸੱਦਾ ਸੰਭਵ



ਭਾਈ ਜਸਬੀਰ ਸਿੰਘ ਰੋਡੇ

ਚੰਡੀਗੜ੍ਹ — ਭਾਈ ਜਸਬੀਰ ਸਿੰਘ ਰੋਡੇ ਸਮੇਤ ਪੰਜ ਸਿੰਘ ਸਾਹਿਬਾਨ ਦੀ ਰਿਹਾਈ ਪਿਛੋਂ ਕੀ ਗੱਲਬਾਤ ਹੋਈ ਹੈ ਇਹ ਹੌਲੀ ਹੌਲੀ ਹੁਣ ਸਾਹਮਣੇ ਆ ਰਹੀ ਹੈ। ਭਰੋਸੇਯੋਗ ਵਸੀਲਿਆਂ ਤੋਂ ਪਤਾ ਲੱਗਾ ਹੈ ਕਿ ਭਾਈ ਜਸਬੀਰ ਸਿੰਘ ਖਾੜਕੂਆਂ ਨੂੰ ਗੋਲੀਬੰਦੀ ਦਾ ਸੱਦਾ ਦੇਣਗੇ। ਉਨ੍ਹਾਂ ਤੇ ਸਰਕਾਰ ਵਿਚਕਾਰ ਜੋ ਗੱਲਬਾਤ ਹੋਈ ਹੈ ਉਸ ਵਿਚ ਇਹ ਗੱਲ ਤਹਿ ਹੋਈ ਹੈ ਕਿ ਉਹ ਖਾੜਕੂਆਂ ਨੂੰ ਗੋਲੀਬੰਦੀ ਲਈ ਕਹਿਣਗੇ। ਦੂਸਰਾ ਉਹ ਖਾੜਕੂਆਂ ਨੂੰ ਉਨ੍ਹਾਂ ਦੇ ਆਪਸੀ ਮਤਭੇਦ ਖਤਮ ਕਰਕੇ ਇਕੱਠਿਆਂ ਕਰਨਗੇ।

ਦੱਸਿਆ ਜਾਂਦਾ ਕਿ ਸਰਕਾਰ ਅਗਲੀ ਕਾਰਵਾਈ ਕਰਨ ਤੋਂ ਪਹਿਲਾਂ ਅਰਥਾਤ ਜੋਧਪੁਰ ਦੇ ਬਾਕੀ ਨਜ਼ਰਬੰਦਾਂ ਨੂੰ ਰਿਹਾਅ ਕਰਨ ਤੋਂ ਪਹਿਲਾਂ ਇਹ ਦੇਖੇਗੀ ਕਿ ਪੰਜ ਸਿੰਘ ਸਾਹਿਬਾਨ ਨਾਲ ਜੋ ਸਮਝੌਤਾ ਹੋਇਆ ਹੈ ਉਹ ਉਸ ਤੇ ਕਿਥੋਂ ਤੱਕ ਕਾਇਮ ਰਹਿੰਦੇ ਹਨ ਤੇ ਜੋ ਜੋ ਗੱਲਾਂ ਕਰਨ ਦਾ ਨਿਸ਼ਾਨਾ ਮਿਥ ਕੇ ਆਏ ਹਨ ਉਹ ਕਿਥੋਂ ਤੱਕ ਪੂਰਾ ਹੁੰਦਾ ਹੈ। ਭਾਈ ਜਸਬੀਰ ਸਿੰਘ ਰੋਡੇ ਦੀ ਰਿਹਾਈ ਨੇ ਸਾਰੀ ਸਿਆਸਤ ਵਿਚ ਹਲਚਲ ਮਚਾ ਦਿੱਤੀ ਹੈ। ਭਾਈ ਜਸਬੀਰ ਸਿੰਘ ਤੇ ਬਾਕੀ ਸਿੰਘ ਸਾਹਿਬਾਨ ਦੀ ਰਿਹਾਈ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਖਾੜਕੂਆਂ ਪ੍ਰਤੀ ਕੇਂਦਰੀ ਸਰਕਾਰ ਦੀ ਨੀਤੀ ਵਿਚ ਵੱਡੀ ਤਬਦੀਲੀ ਆਈ ਹੈ ਕਿਉਂਕਿ ਉਹ ਸਰਕਾਰ ਜਿਹੜੀ ਕਹਿੰਦੀ ਸੀ ਖਾੜਕੂਆਂ ਨਾਲ ਉਦੋਂ ਤੱਕ ਗੱਲਬਾਤ ਨਹੀਂ ਹੋਏਗੀ ਜਦੋਂ ਤੱਕ ਉਹ ਹਥਿਆਰ ਨਹੀਂ ਸੁੱਟਦੇ, ਸੋ ਉਸੇ ਸਰਕਾਰ ਵਲੋਂ ਸਿੰਘ ਸਾਹਿਬਾਨ ਨਾਲ ਪਹਿਲਾਂ ਗੱਲ ਕਰਨੀ ਤੇ ਫਿਰ ਰਿਹਾਅ ਕਰਨਾ ਤੇ ਨਾਲ ਜੋਧਪੁਰ ਦੇ ਨਜ਼ਰਬੰਦਾਂ ਦੀ ਰਿਹਾਈ ਸ਼ੁਰੂ ਕਰਨੀ ਇਹ ਗੱਲਾਂ ਇਸ ਗੱਲ ਦੀਆਂ ਪ੍ਰਤੀਕ ਹਨ ਕਿ ਕੇਂਦਰ ਪੰਜਾਬ ਬਾਰੇ ਕਾਫੀ ਕੁਝ ਕਰਨਾ ਚਾਹੁੰਦਾ ਹੈ। ਇਸ ਸਾਰੇ ਕੰਮ ਵਿਚ ਜੈਨ ਸੰਤ ਸੁਸ਼ੀਲ ਮੁਨੀ ਦਾ ਵਿਸ਼ੇਸ਼ ਰੋਲ ਹੈ ਜਿਨ੍ਹਾਂ ਨੇ ਪਹਿਲਾਂ ਸਾਰੇ ਸਿੰਘ ਸਾਹਿਬਾਨ ਨੂੰ ਇਕ ਜੇਲ੍ਹ ਵਿਚ ਇਕੱਠਿਆ ਕਰਵਾਇਆ ਤੇ ਫਿਰ ਉਨ੍ਹਾਂ ਨਾਲ ਗੱਲਬਾਤ ਕੀਤੀ। ਭਾਈ ਜਸਬੀਰ ਸਿੰਘ ਸਾਗਰ (ਮੱਧ ਪ੍ਰਦੇਸ਼) ਦੀ ਜੇਲ੍ਹ ਵਿਚ ਕੈਦ ਸਨ ਜਦੋਂ ਕਿ ਬਾਕੀ ਪੰਜਾਬ ਵਿਚ ਸਨ। ਚਾਰ ਸਿੰਘ ਸਾਹਿਬਾਨ ਨੂੰ ਪੰਜਾਬ ਵਿਚੋਂ ਅਤੇ ਭਾਈ ਜਸਬੀਰ ਸਿੰਘ ਰੋਡੇ ਨੂੰ ਸਾਗਰ ਤੋਂ ਲਿਆ ਕੇ ਤਿਹਾੜ ਜੇਲ ਵਿਚ ਇਕੱਠਾ ਕੀਤਾ ਗਿਆ। ਬਲਿਊ ਸਟਾਰ ਉਪਰੇਸ਼ਨ ਸਮੇਂ ਭਾਈ ਜਸਬੀਰ ਸਿੰਘ ਬਿਦੇਸ਼ ਵਿਚ ਸੀ। ਪਾਕਿਸਤਾਨ ਵਿਚ ਉਸ ਤੇ ਭਾਰਤ ਵਿਰੁਧ ਭੜਕਾਊ ਤਕਰੀਰਾਂ ਕਰਨ ਦਾ ਦੋਸ਼ ਸੀ। ਉਸ ਨੂੰ ਮਨੀਲਾ ਤੋਂ ਫੜ ਕੇ ਭਾਰਤ ਲਿਆਂਦਾ ਗਿਆ ਸੀ। ਭਾਈ ਜਸਬੀਰ ਸਿੰਘ ਦੀ ਰਿਹਾਈ ਦਾ ਸਭ ਤੋਂ ਵੱਡਾ ਉਦੇਸ਼ ਇਹ ਹੈ ਕਿ ਉਹ ਖਾੜਕੂਆਂ ਨੂੰ ਇਕੱਠੇ ਕਰ ਸਕਦੇ ਹਨ ਕਿਉਂਕਿ ਸਾਰੇ ਸਿੰਘ ਸਾਹਿਬਾਨ ਤੇ ਖਾੜਕੂ ਅੱਜ ਤੱਕ ਉਨ੍ਹਾਂ ਦੀ ਰਿਹਾਈ ਦੀ ਮੰਗ ਕਰਦੇ ਰਹੇ ਹਨ।


ਸੁਸ਼ੀਲ ਮੁਨੀ ਦੇ ਇਕ ਵਿਸ਼ਵਾਸਪਾਤਰ, ਜੋ ਇਸ ਸਿਲਸਿਲੇ ਵਿਚ ਅਹਿਮ ਰੋਲ ਅਦਾ ਕਰਦਾ ਰਿਹਾ ਹੈ ਨੇ ਦੱਸਿਆ ਕਿ ਪੰਜ ਸਿੰਘ ਸਾਹਿਬਾਨ ਨੇ ਗੱਲਬਾਤ ਦੌਰਾਨ ਇਕਸੁਰ ਹੋ ਕੇ ਮੰਗ ਕੀਤੀ ਹੈ ਕਿ ਜੋਧਪੁਰ ਦੇ ਨਜ਼ਰਬੰਦਾਂ ਦੀ ਰਿਹਾਈ ਕੀਤੀ ਜਾਏ, ਨਵੰਬਰ 84 ਦੇ ਦੰਗਿਆਂ ਲਈ ਜ਼ਿਮੇਵਾਰਾਂ ਨੂੰ ਸਜ਼ਾ ਦਿੱਤੀ ਜਾਏ, ਐਚ ਕੇ ਐਲ ਭਗਤ ਤੇ ਜਗਦੀਸ਼ ਟਾਈਟਲਰ ਨੂੰ ਵਜ਼ੀਰੀਆਂ ਤੋਂ ਹਟਾਇਆ ਜਾਏ ਕਿਉਂਕਿ 1984 ਦੇ ਦੰਗਿਆਂ ਵਿਚ ਇਨ੍ਹਾਂ ਦਾ ਅਹਿਮ ਰੋਲ ਸੀ। ਇਹਨਾਂ ਇਹ ਵੀ ਮੰਗ ਕੀਤੀ ਕਿ ਰੇਅ ਤੇ ਰੀਬੇਰੋ ਨੂੰ ਵੀ ਹਟਾਇਆ ਜਾਵੇ। ਸੋ ਆਉਣ ਵਾਲੇ ਦਿਨ ਸਰਕਾਰ ਤੇ ਸਿੰਘ ਸਾਹਿਬਾਨ ਦੋਹਾਂ ਲਈ ਇਮਤਿਹਾਨ ਵਾਲੇ ਹਨ। ਦੇਖਣਾ ਇਹ ਹੈ ਕਿ ਕੌਣ ਕਿੰਨਾ ਕੁ ਕਾਮਯਾਬ ਹੁੰਦਾ ਹੈ।

ਦਹਿਸ਼ਤਗਰਦਾਂ ਦੇ ਟਿਕਾਣਿਆਂ ਤੋਂ ਰਾਕਟ ਬਰਾਮਦ

ਅੰਮ੍ਰਿਤਸਰ — ਪੰਜਾਬ ਪੁਲਸ ਦੇ ਅਸਿਸਟੈਂਟ ਚੀਫ਼ ਐਡੀਸ਼ਨਲ ਡਾਇਰੈਕਟਰ ਸ੍ਰੀ ਕੇ. ਪੀ. ਐਸ. ਗਿੱਲ ਨੇ ਇਥੇ ਦਾਅਵਾ ਕੀਤਾ ਕਿ ਪੁਲਸ ਨੇ ਅਵਤਾਰ ਸਿੰਘ ਬ੍ਰਹਮਾ ਗਰੁੱਪ ਦੇ ਹਥਿਆਰਾਂ ਦੇ ਬਹੁਤ ਵੱਡੇ ਜ਼ਖੀਰੇ ਉਤੇ ਕਬਜ਼ਾ ਕਰ ਲਿਆ ਹੈ।

ਇਨ੍ਹਾਂ ਹਥਿਆਰਾਂ ਵਿਚ ਰਾਕਟ ਤੇ ਰਾਕਟ-ਲਾਂਚਰ ਵੀ ਸ਼ਾਮਲ ਹਨ। ਹਥਿਆਰਾਂ ਵਿਚ 14 ਰਾਕਟ, 18 ਰਾਕਟ-ਲਾਂਚਰ, 22 ਚੀਨੀ ਅਸਾਲਟ ਰਾਈਫਲਾਂ, 29 ਬੰਬ ਤੇ 100 ਕਿਲੋਗਰਾਮ ਬਰੂਦ ਫੜਿਆ ਗਿਆ ਹੈ। ਇਹ ਜ਼ਖੀਰੇ ਵਲਟੋਹਾ ਤੇ ਖੁਲੜ ਕਲਾਂ ਪਿੰਡਾਂ ਵਿਚੋਂ ਫੜੇ ਗਏ

ਪੁਲਸ ਚੀਫ਼ ਨੇ ਕਿਹਾ ਕਿ ਹਥਿਆਰ ਤੇ ਗੋਲਾ ਬਾਰੂਦ ਕੰਕਰੀਟ ਦੇ ਬੰਕਰਾਂ 'ਚ ਦਬਾ ਕੇ ਰੱਖਿਆ ਗਿਆ ਸੀ।



ਬਈ ਠੀਕ ਹੈ ਸੁਣਿਆ ਸੀ ਕਿ ਹਸਪਤਾਲਾਂ 'ਚ ਬੈੱਡਾਂ ਦੀ ਥੁੜ ਹੈ ਪਰ ਆਹ ਤੇ ਹੱਦ ਹੀ ਟੱਪ ਗਈ ਹੈ।......

ਇਕ ਦਿਨ ਸਵੇਰੇ ਵਿਲੀਅਮ ਡੀ[illegible] ਹਾਵੇਲਜ਼ ਤੇ ਪ੍ਰਸਿਧ ਹਾਸ ਲੇਖਕ ਮਾਰਕ ਟਵੇ[illegible] ਗਿਰਜੇ ਚੋਂ ਬਾਹਰ ਨਿਕਲੇ ਤਾਂ ਬੜੇ ਜ਼ੋਰ [illegible] ਮੀਂਹ ਪੈ ਰਿਹਾ ਸੀ।

'ਕੀ ਇਹ ਮੀਂਹ ਕਦੇ ਬੰਦ ਵੀ ਹੋਵੇਗਾ[illegible] ਹਾਵੇਲਜ਼ ਦੇ ਮੂੰਹੋਂ ਤਲਖੀ ਨਾਲ ਨਿਕਲਿਆ[illegible]

ਹਮੇਸ਼ਾ ਬੰਦ ਰਿਹਾ ਏ' ਮਾਰਕ ਟਵੇਨ ਨੇ ਬੜੇ ਸਹਿਜ ਭਾਵ ਨਾਲ ਕਿਹਾ ਤੇ ਇਸ ਵਾ[illegible] ਵੀ ਜ਼ਰੂਰ ਬੰਦ ਹੋਵੇਗਾ।'

ਏਅਰ-ਇੰਡੀਆ ਦੀਆਂ ਨਾਨ-ਸਟਾਪ ਉਡਾਣਾਂ

ਨਵੀਂ ਦਿੱਲੀ — ਕੇਂਦਰੀ ਹਵਾਵਾਜ਼ੀ ਮੰਤਰੀ ਹੀਰਾਲਾਲ ਵੋਹਰਾ ਨੇ ਰਾਜ ਸਭਾ ਵਿਚ ਦੱਸਿਆ ਕਿ ਏਅਰ-ਇੰਡੀਆ ਜਲਦੀ ਹੀ ਪੈਰਿਸ ਅਤੇ ਟੋਕੀਓ ਲਈ ਨਾਨ-ਸਟਾਪ ਸੇਵਾਵਾਂ ਸ਼ੁਰੂ ਕਰ ਦੇਵੇਗਾ। ਉਨ੍ਹਾਂ ਕਿਹਾ ਕਿ ਲੰਡਨ ਤੱਕ ਪਹਿਲਾਂ ਹੀ ਨਾਨ-ਸਟਾਪ ਸੇਵਾ ਚਾਲੂ ਹੈ।

ਇਸੇ ਦੌਰਾਨ ਇੰਡੀਅਨ ਏਅਰਲਾਈਨਜ਼ ਦੇ ਜਹਾਜ਼ ਹੁਣ ਮਦਰਾਸ ਤੋਂ ਕੁਆਲਾਲੰਪਰ ਜਾਇਆ ਕਰਨਗੇ। ਇੰਡੀਅਨ ਏਅਰ ਲਾਈਨਜ਼ ਬੇਸ਼ਕ ਘਰੇਲੂ ਸੇਵਾਵਾਂ ਮੁਹੱਈਆ ਕਰਦੀ ਹੈ ਪਰ ਕੌਮਾਂਤਰੀ ਉਡਾਣਾਂ ਵਿਚ ਉਹ ਪਹਿਲਾਂ ਹੀ ਸ਼ਾਮਲ ਹੈ। ਕੋਲੰਬੋ, ਢਾਕਾ, ਕਰਾਚੀ, ਖਟਮੰਡੂ, ਰੰਗੂਨ ਆਦਿ ਸ਼ਹਿਰਾਂ ਵਿਚ ਇਹ ਸੇਵਾਵਾਂ ਪਹਿਲਾਂ ਹੀ ਚਾਲੂ ਹਨ।

ਬੰਗਲਾ ਦੇਸ਼ 'ਚ 23 ਮੈਂਬਰੀ ਮੰਤਰੀ ਮੰਡਲ

ਢਾਕਾ — ਜਨਰਲ ਇਰਸ਼ਾਦ ਨੂੰ ਬੰਗਲਾ ਦੇਸ਼ ਦਾ ਪ੍ਰਬੰਧ ਸੰਭਾਲੇ ਛੇ ਸਾਲ ਹੋ ਗਏ ਹਨ ਅਤੇ ਹੁਣੇ ਹੋਈਆਂ ਜਾਅਲੀ ਚੋਣਾਂ ਵਿਚ ਉਸਨੇ ਬਹੁਗਿਣਤੀ ਪ੍ਰਾਪਤ ਕਰ ਲਈ ਹੈ।

ਕੱਲ੍ਹ 23-ਮੈਂਬਰੀ ਮੰਤਰੀ ਮੰਡਲ ਨੂੰ ਸਹੁੰ ਚੁਕਾਈ ਗਈ। ਪਹਿਲੇ ਪ੍ਰਧਾਨ ਮੰਤਰੀ ਸ੍ਰੀ ਰਹਿਮਾਨ ਨੂੰ ਹਟਾ ਕੇ ਨਵਾਂ ਪ੍ਰਧਾਨ ਮੰਤਰੀ ਸ੍ਰੀ ਮੁਵੱਦ ਅਹਿਮਦ ਨੂੰ ਬਣਾਇਆ ਗਿਆ ਹੈ।

ਨਵੀਂ ਸਰਕਾਰ ਬਣਨ ਵੇਲੇ 875 ਰਾਜਸੀ ਵਰਕਰ ਜੇਲ੍ਹਾਂ ਵਿਚੋਂ ਰਿਹਾ ਕਰ ਦਿਤੇ ਗਏ ਹਨ।

ਵਿਰੋਧੀ ਪਾਰਟੀਆਂ ਨੇ ਇਰਸ਼ਾਦ ਦੀ ਸਰਕਾਰ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ ਤੇ ਕਿਹਾ ਹੈ ਕਿ ਉਹ 8 ਅਪ੍ਰੈਲ ਤੱਕ ਅਸਤੀਫਾ ਦੇ ਦੇਵੇ ਨਹੀਂ ਤਾਂ ਮੁਜ਼ਾਹਰਿਆਂ ਦਾ ਪ੍ਰੋਗਰਾਮ ਸ਼ੁਰੂ ਹੋਵੇਗਾ।



"AIDS, THE NEW EPIDEMIC"

ਜਾਣਕਾਰੀ ਲਈ ਪ੍ਰੋਗਰਾਮ ਹੁਣ ਮਿਲ ਸਕਦਾ ਹੈ

ਪੂਰੇ ਸੂਬੇ ਵਿਚ ਵਿਦਿਤ ਕਰਨ ਲਈ ਚੱਲ ਰਹੇ ਅੰਦੋਲਨ ਲਈ, ਬ੍ਰਿਟਿਸ਼ ਕੁਲੰਬੀਆ ਦੀ ਸਰਕਾਰ ਨੇ ਏਡਜ਼ ਸੰਬੰਧੀ ਬਹੁਤ ਜ਼ਰੂਰੀ ਜਾਣਕਾਰੀ ਦਿੰਦੀ ਹੋਈ ਵੀਡੀਓ ਟੇਪ ਤਿਆਰ ਕੀਤੀ ਹੈ। ਇਹ ਹੁਣ ਹਿੰਦੀ, ਪੰਜਾਬੀ ਤੇ ਕੈਨਟੋਨੀਸ ਜ਼ੁਬਾਨਾਂ ਵਿਚ ਬਣ ਚੁੱਕੀ ਹੈ।

ਇਹ ਟੇਪਾਂ ਹੁਣ ਹੈਲਥ ਕਲਿਨਿਕਸ, ਕੁਝ ਚੁਣੇ ਹੋਏ ਵੀਡੀਓ ਸਟੋਰਾਂ, ਸਕੂਲਾ ਤੇ ਲਾਇਬਰੇਰੀਆਂ ਤੋਂ ਮੁਫਤ ਉਧਾਰ ਮਿਲ ਸਕਦੀਆਂ ਹਨ।

ਇਹਨਾਂ ਲਈ ਪੁੱਛੋ। ਏਡਜ਼ ਨੂੰ ਫੈਲਣ ਤੋਂ ਰੋਕਣ ਲਈ ਜ਼ਰੂਰੀ ਜਾਣਕਾਰੀ ਹਾਸਲ ਕਰੋ।

BC HON. PETER DUECK MINISTER OF HEALTH

DOSANJH & PIRANI

#202 - 5887 Victoria Drive, Vancouver, B.C. V5P 3W5

Phone 327-6381

- ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ
- ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
- ਵਿਉਪਾਰਕ ਮਸਲੇ
- ਪ੍ਰਵਾਰ ਤੇ ਤਲਾਕ
- ਫੌਜਦਾਰੀ ਤੇ ਸਿਵਲ
- ਕੋਰਟ ਟਰਾਇਲ

ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

INCOME TAX from $15
ACCOUNTING

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ। ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਉ। ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ।

- Income Tax
- Book-Keeping
- Accounting & Incorporation
- Insurance(Life, Sickness, Group, Travel, Visitors)



MANGAT AGENCIES
No. 2-7171 King George HWY
SURREY, B.C.
(Authorized Ad)

C.S. Mangat
(Ex. Bank Manager)

594-5711 594-2254

ਸੇਲ ਉਤੇ

ਕਮਰਸ਼ਲ ਵਾਸ਼ਰ ਜੋ ਡਰਾਈ ਕਲੀਨਿੰਗ ਵਾਲਿਆਂ ਦੇ ਕੰਮ ਆ ਸਕਦਾ ਹੈ ਜਾਂ ਛੋਟੀ ਲਾਂਡਰੀ ਲਈ ਵਰਤਿਆ ਜਾ ਸਕਦਾ ਹੈ। ਬਹੁਤ ਵਧੀਆ ਹਾਲਤ ਵਿਚ ਹੈ। 60 ਪੌਂਡ ਕੈਪਿਸਟਰੀ ਹੈ। ਬਰਾਊਨ ਵਾਸ਼ਰ — ਐਕਸਟਰੈਕਟਰ ਨਾਂ ਹੈ।

ਕੀਮਤ ਕੇਵਲ $2500
ਫੋਨ 753-5033
ਨਨਾਇਮੋ ਵਿਚ

ਪ੍ਰਿੰਸ ਰੂਪਰਟ ਵਿਚ
ਹਿੰਦੀ, ਪੰਜਾਬੀ, ਪਾਕਿਸਤਾਨੀ ਮੂਵੀਆਂ ਲਈ

ਮੋਨੀਕਾ ਵੀਡੀਓ

ਨੂੰ ਯਾਦ ਰੱਖੋ
ਜਿਥੋਂ ਤੁਹਾਨੂੰ ਨਵੀਆਂ ਫਿਲਮਾਂ ਤੇ ਵਧੀਆ ਪ੍ਰਿੰਟ ਮਿਲਦੇ ਹਨ

ਫ਼ੋਨ ਕਰੋ : ਪਾਲ ਮੋਦਗਿੱਲ
627-1637

ਦਿਉਲ ਐਗਰੀਕਲਚਰਲ ਐਜੂਕੇਸ਼ਨ ਅਤੇ ਰੀਸਰਚ ਸੁਸਾਇਟੀ ਅਤੇ
ਵੈਨਕੂਵਰ ਸੱਥ ਵਲੋਂ

ਨਾਟਕਾਂ ਦਾ ਪ੍ਰੋਗਰਾਮ

ਸਾਊਥ ਵੈਨਕੂਵਰ : ਡੇਵਿਡ ਥਾਮਸਨ ਸਕੂਲ — 1755 ਈਸਟ 55 ਐਵੇਨਿਊ, ਵੈਨਕੂਵਰ
3 ਅਪ੍ਰੈਲ ਸ਼ਾਮ 3 ਵਜੇ

ਐਬਟਸਫੋਰਡ : ਐਬੀ ਆਰਟਸ ਸੈਂਟਰ ਐਬਟਸਫੋਰਡ ਸੈਕੰਡਰੀ ਸਕੂਲ 2329 ਕਰੈਸੈਂਟ ਬੇਅ, ਐਬਟਸਫੋਰਡ
10 ਅਪ੍ਰੈਲ ਐਤਵਾਰ 3 ਵਜੇ ਸ਼ਾਮ

ਪ੍ਰੋਗਰਾਮ : ਵੈਨਕੂਵਰ ਸੱਥ ਦੇ ਦੋ ਨਾਟਕ, ਗੀਤ ਸੰਗੀਤ ਤੇ ਗਿੱਧਾ

ਬੁਲਾਰਾ : ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦਾ ਪ੍ਰਧਾਨ ਸਰਵਣ ਬੋਲ

ਨਾਟਕਾਂ ਬਾਰੇ : ਪਿਕਟ ਲਾਈਨ — ਇਹ ਨਾਟਕ ਖੇਤ ਮਜ਼ਦੂਰਾਂ ਵਲੋਂ ਖੇਤਾਂ ਵਿਚ ਯੂਨੀਅਨ ਬਨਾਉਣ ਦੀ ਜੱਦੋ ਜਹਿਦ ਦਰਸਾਉਂਦਾ ਹੈ। ਵੈਨਕੂਵਰ ਸੱਥ ਦਾ ਇਹ ਮਸ਼ਹੂਰ ਨਾਟਕ ਵੈਨਕੂਵਰ ਅਤੇ ਆਲੇ ਦੁਆਲੇ ਪੰਜਾਬੀ ਅਤੇ ਅੰਗਰੇਜ਼ੀ ਵਿਚ ਕਈ ਵਾਰੀ ਖੇਡਿਆ ਜਾ ਚੁੱਕਾ ਹੈ। (ਲੇਖਕ — ਸਾਧੂ, ਸੁਖਵੰਤ ਹੁੰਦਲ)

ਜ਼ਹਿਰ ਦੀ ਫਸਲ : ਖੇਤਾਂ ਵਿਚ ਵਰਤੀਆਂ ਜਾਂਦੀਆਂ ਕੀੜੇਮਾਰ ਦੁਆਈਆਂ ਦੇ ਖਤਰਿਆਂ ਬਾਰੇ ਵੈਨਕੂਵਰ ਸੱਥ ਵਲੋਂ ਤਿਆਰ ਕੀਤਾ ਨਵਾਂ ਨਾਟਕ (ਲੇਖਕ — ਸਾਧੂ, ਸੁਖਵੰਤ ਹੁੰਦਲ)

ਟਿਕਟ : ਦੋ ਡਾਲਰ — ਫਾਰਮ ਵਰਕਰਜ਼ : ਇਕ ਡਾਲਰ

ਹੋਰ ਜਾਣਕਾਰੀ ਲਈ ਫੋਨ ਕਰੋ :—

ਵੈਨਕੂਵਰ ਸੱਥ — 437-9014 ; ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ — 430- 6055

ਐਬਟਸਫੋਰਡ ਵਿਚ ਟਿਕਟ ਨਹੀਂ ਹੋਵੇਗੀ ਪਰ ਜੇ ਕੋਈ ਮੱਦਦ ਕਰਨੀ ਚਾਹੇ ਤਾਂ ਸੁਆਗਤ ਕੀਤਾ ਜਾਵੇਗਾ



Editor: ` Darshan Kaur Bains

ਨਵਰੰਗ ਵਿਚ ਇਸ਼ਤਿਹਾਰ ਦੇਣ ਵਾਸਤੇ
ਇਸ ਨੰਬਰ ਤੇ ਫੋਨ ਕਰੋ
274-1213
ਪਤਾ:
Navrang Publication Ltd.
P.O.BOX 23524
VANCOUVER AMF
B.C. V7B 1W2

ਨਵਰੰਗ ਦੇ ਮੈਂਬਰ ਬਣੋ
ਚੰਦਾ $20 ਡਾਲਰ
ਇਕ ਸਾਲ ਲਈ

A.M.C. Carpet Ltd.

Unit 8 - 12950 - 80th Ave. Surrey, B.C.

Carpet-Vinyl-Hardwood All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੈਟ ਜਾਂ Lino ਨਵੇਂ ਜਾਂ ਪੁਰਾਣੇ ਘਰ
ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ
ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

Free Estimate —
ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :
Phone for appointment



AMARJIT SINGH CHAHAL

Off. 594-6141
Res. 594-7595 **Pager 680-0214**

‘ਕੈਨੇਡਾ ਦਰਪਣ’ ਦੇ
ਚੰਦੇ ਦਾ ਫ਼ਾਰਮ

SUBSCRIPTION FORM

To
The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..
Address..
City...
Province.......................................
Postal code....................................
PHONE.

One Year	30 dollars
Two Year	55 dollars
Three year	80 dollars
Life membership..........	500 dollars
ASIA........................	150 dollars [a year]
U.S.A.	35 dollars [a year]
Europe	150 dollars[a year]
Africa	150 dollars [a year]

ਜਾਇਦਾਦ ਦੇ ਝਗੜੇ ਨੇ ਦੋ ਭਰਾਵਾਂ ਦੇ ਪਰਿਵਾਰਾਂ ਦੇ 8 ਜੀਆਂ ਦੀ ਜਾਨ ਲਈ

ਅੰਮ੍ਰਿਤਸਰ — ਇਥੋਂ 65 ਕਿਲੋਮੀਟਰ ਦੂਰ ਥਾਣਾ ਵੈਰੋਵਾਲ ਦੇ ਪਿੰਡ ਭੁਈਆਂ ਵਿਖੇ ਇਕ ਘਰ ਵਿਚ ਦੋ ਸਕੇ ਭਰਾਵਾਂ ਦੇ ਪਰਿਵਾਰ ਦੇ ਅੱਠ ਵਿਅਕਤੀਆਂ ਨੂੰ ਕਤਲ ਕਰਨ ਪਿਛੇ ਜਾਇਦਾਦ ਦੇ ਮਾਮਲੇ ਦੀ ਪਰਿਵਾਰਕ ਦੁਸ਼ਮਣੀ ਦਸੀ ਜਾਂਦੀ ਹੈ। ਸ਼ੱਕ ਕੀਤਾ ਜਾ ਰਿਹਾ ਹੈ ਕਿ ਕਥਿਤ ਅਤਿਵਾਦੀ ਗਰੋਹ ਨੂੰ ਪੈਸੇ ਦੇ ਕੇ ਇਹ ਕਾਰਾ ਕਰਵਾਇਆ ਗਿਆ।

ਪ੍ਰਤੀਨਿਧ ਜਦੋਂ ਮੌਕੇ ਤੇ ਗਿਆ ਤਾਂ ਪਿੰਡ ਵਿਚ ਵੀ ਇਹੀ ਚਰਚਾ ਸੀ ਅਤੇ ਪੁਲਸ ਕਪਤਾਨ ਸ੍ਰੀ ਰਾਜਿੰਦਰ ਸਿੰਘ ਨੇ ਵੀ ਬਚੇ ਹੋਏ ਪਰਿਵਾਰਕ ਮੈਂਬਰਾਂ ਦੀ ਮੌਜੂਦਗੀ ਵਿਚ ਇਹੀ ਗੱਲ ਪੱਤਰਕਾਰਾਂ ਨੂੰ ਦੱਸੀ। ਕੋਈ 25 ਘਰਾਂ ਦੇ ਛੋਟੇ ਜਿਹੇ ਇਸ ਪਿੰਡ ਵਿਚ ਘੂਲਾ ਸਿੰਘ ਅਤੇ ਜੁਗਿੰਦਰ ਸਿੰਘ ਦੋਵੇਂ ਸਕੇ ਭਰਾ ਇਕੋ ਹਵੇਲੀ ਵਿਚ ਵੱਖ ਵੱਖ ਰਹਿੰਦੇ ਸਨ। ਇਸੇ ਹਵੇਲੀ ਵਿਚ ਘੂਲਾ ਸਿੰਘ ਦਾ ਲੜਕਾ ਜਸਵੰਤ ਸਿੰਘ ਜੋ ਕਿ ਸਾਬਕ ਸਰਪੰਚ ਸੀ ਦਾ ਪਰਿਵਾਰ ਵੀ ਵੱਖਰੇ ਮਕਾਨ ਵਿਚ ਰਹਿੰਦਾ ਸੀ ਜੋ ਸਾਰੇ ਦਾ ਸਾਰਾ ਬਚ ਗਿਆ। ਇਸ ਪਰਿਵਾਰ ਦੇ ਛੇ ਜੀਆਂ ਵਿਚ ਬਚ ਜਾਣ ਪਿਛੇ ਜਸਵੰਤ ਸਿੰਘ ਦੀ ਪਤਨੀ ਅਮਰਜੀਤ ਕੌਰ ਦੀ ਦਲੇਰੀ ਅਤੇ ਸਿਆਣਪ ਦੱਸੀ ਜਾਂਦੀ ਹੈ ਜੋ ਕਿ ਵਰ੍ਹਦੀਆਂ ਗੋਲੀਆਂ ਵਿਚ ਆਪਣੇ ਪੰਜ ਛੋਟੇ ਬੱਚਿਆਂ ਨੂੰ ਲੈ ਕੇ ਘਰੋਂ ਬਾਹਰ ਦੌੜ ਗਈ ਜਦਕਿ ਸਤਵਾਂ ਵਿਅਕਤੀ ਅਮਰਜੀਤ ਕੌਰ ਦਾ ਘਰ ਵਾਲਾ ਅਤੇ ਘੂਲਾ ਸਿੰਘ ਦਾ ਲੜਕਾ ਸੀ, ਪਿੰਡੋਂ ਬਾਹਰ ਗਿਆ ਹੋਣ ਕਰਕੇ ਬਚ ਗਿਆ। ਬਾਕੀ ਸਾਰੇ ਮੈਂਬਰ ਮਾਰੇ ਗਏ। ਕਾਤਲਾਂ ਦੀ ਗਿਣਤੀ 12 ਤੋਂ 15 ਤਕ ਦੱਸੀ ਜਾਂਦੀ ਹੈ ਜਿਨ੍ਹਾਂ ਦੋ ਭਰਾਵਾਂ ਦੇ ਅੱਠ ਜੀਆਂ ਨੂੰ ਗੋਲੀਆਂ ਨਾਲ ਭੁੰਨਣ ਤੋਂ ਬਾਅਦ ਹਵੇਲੀ ਵਿਚ ਤਿੰਨਾਂ ਘਰਾਂ ਨੂੰ ਮਿੱਟੀ ਦਾ ਤੇਲ, ਪਰਾਲੀ ਪਾ ਕੇ ਅੱਗ ਲਾ ਦਿੱਤੀ। ਤਿੰਨੇ ਹੀ ਘਰ ਤਕਰੀਬਨ ਅੱਗ ਨਾਲ ਸੁਆਹ ਹੋ ਚੁਕੇ ਹਨ ਤੇ ਪੱਕੇ ਘਰਾਂ ਦੀਆਂ ਛੱਤਾਂ ਸੜ ਕੇ ਹੇਠਾਂ ਡਿੱਗ ਪਈਆਂ ਹਨ। ਘਰਾਂ ਦੇ ਬਿਸਤਰੇ ਤੇ ਸਾਰਾ ਸਮਾਨ ਵੀ ਸਾੜ ਦਿੱਤਾ। ਮ੍ਰਿਤਕਾਂ ਵਿਚੋਂ ਚਾਰ ਦੀਆਂ ਲਾਸ਼ਾਂ ਸੜੀਆਂ ਹੋਈਆਂ ਮਿਲੀਆਂ। ਘੂਲਾ ਸਿੰਘ ਤੇ ਜੁਗਿੰਦਰ ਸਿੰਘ ਦੋਵੇਂ ਸਕੇ ਭਰਾ ਸਨ।

ਇਹ ਕਾਰਾ ਕਰਨ ਦੀ ਖਾਲਿਸਤਾਨ ਲਿਬਰੇਸ਼ਨ ਫੋਰਸ ਨੇ ਜ਼ਿਮੇਵਾਰੀ ਲਈ ਹੈ। ਫੋਰਸ ਦੇ ਨਾਂ ਤੇ ਪਿਪਲ ਸਿੰਘ ਮਹਿਤਾਬ ਸਿੰਘ ਦੇ ਦਸਤਖਤਾਂ ਹੇਠ ਸੁੱਟੀ ਗਈ ਚਿੱਠੀ ਵਿਚ ਪਰਿਵਾਰ ਨੂੰ ਮੁਖਬਰ ਕਹਿ ਕੇ ਮਾਰਿਆ ਗਿਆ ਦੱਸਿਆ ਗਿਆ ਹੈ। ਪਰ ਪਿੰਡ ਵਾਸੀ, ਪਰਿਵਾਰ ਦੇ ਬਚੇ ਹੋਏ ਮੈਂਬਰਾਂ ਅਤੇ ਪੁਲਸ ਵਲੋਂ ਇਸ ਨੂੰ ਜਾਇਦਾਦ ਪਿਛੇ ਸ਼ੱਕੀ ਵਿਅਕਤੀਆਂ ਨੂੰ ਪੈਸੇ ਦੇ ਕੇ ਕਰਾਇਆ ਗਿਆ ਕਾਰਾ ਕਿਹਾ ਜਾ ਰਿਹਾ ਹੈ।

ਐਸ. ਪੀ. ਡਿਟੈਕਟਿਵ ਸ੍ਰੀ ਰਾਜਿੰਦਰ ਸਿੰਘ ਨੇ ਸਾਬਕ ਸਰਪੰਚ ਦੀ ਪਤਨੀ ਦੀ ਮੌਜੂਦਗੀ ਵਿਚ ਦੱਸਿਆ ਕਿ ਮਾਮਲਾ ਜਾਇਦਾਦ ਦੀ ਵੰਡ ਦਾ ਹੈ। ਉਨ੍ਹਾਂ ਦੱਸਿਆ ਕਿ ਜੁਗਿੰਦਰ ਸਿੰਘ, ਘੂਲਾ ਸਿੰਘ ਅਤੇ ਉਤਮ ਸਿੰਘ ਇਹ ਤਿੰਨੇ ਸਕੇ ਭਰਾ ਸਨ। ਉਤਮ ਸਿੰਘ ਸਭ ਤੋਂ ਵੱਡਾ ਸੀ ਜੋ ਕਿ ਅਫਰੀਕਾ ਵਿਚ ਨੈਰੋਬੀ ਗਿਆ ਹੋਇਆ ਸੀ। ਉਸ ਨੇ ਉਥੇ ਜਾ ਕੇ ਚੰਗੇ ਪੈਸੇ ਭੇਜੇ। ਪਹਿਲਾਂ ਇਨ੍ਹਾਂ ਕੋਲ ਸਿਰਫ ਪੰਜ ਕਿਲੇ ਜ਼ਮੀਨ ਸੀ ਪਰ ਉਸ ਦੇ ਪੈਸੇ ਭੇਜਣ ਤੇ ਇਨ੍ਹਾਂ 26 ਕਿਲੇ ਜ਼ਮੀਨ ਬਣਾ ਲਈ। ਵੱਡੇ ਭਰਾ ਉਤਮ ਸਿੰਘ ਨੇ ਛੋਟੇ ਭਰਾ ਜੁਗਿੰਦਰ ਸਿੰਘ ਦੀ ਤੀਹ ਸਾਲਾ ਸਾਲੀ ਸੁਰਿੰਦਰ ਕੌਰ ਨਾਲ ਵਿਆਹ ਕਰਾ ਲਿਆ ਸੀ। ਉਤਮ ਸਿੰਘ ਦੀ ਮੌਤ ਤੋਂ ਬਾਅਦ ਵਿਧਵਾ ਹੋਈ ਸੁਰਿੰਦਰ ਕੌਰ ਅਤੇ ਚਾਚਿਆਂ ਵਿਚ ਜਾਇਦਾਦ ਦੀ ਵੰਡ ਨੂੰ ਲੈ ਕੇ ਵਿਵਾਦ ਚਲ ਰਿਹਾ ਸੀ ਅਤੇ ਇਹ ਮਾਮਲਾ ਅਦਾਲਤ ਵਿਚ ਵੀ ਗਿਆ: ਉਨ੍ਹਾਂ ਦੱਸਿਆ ਕਿ ਇਸੇ ਰੋਸ ਵਿਚ ਅੱਜ ਤੋਂ ਦੋ ਮਹੀਨੇ ਪਹਿਲਾਂ ਸੁਰਿੰਦਰ ਕੌਰ ਨੇ ਆਪਣੇ ਭਰਾਵਾਂ ਦੀ ਮੱਦਦ ਨਾਲ ਖਾਲਿਸਤਾਨ ਲਿਬਰੇਸ਼ਨ ਫੋਰਸ ਨਾਲ ਸੰਪਰਕ ਕੀਤਾ ਅਤੇ ਜੁਗਿੰਦਰ ਸਿੰਘ ਦਾ ਗੋਦ ਲਿਆ ਲੜਕਾ ਗੁਰਮੀਤ ਸਿੰਘ (ਦਸ ਸਾਲਾ) ਜੋ ਅੱਜ ਮਾਰਿਆ ਗਿਆ ਹੈ ਨੂੰ ਅਗਵਾ ਕਰਾ ਦਿੱਤਾ ਸੀ। ਫੋਰਸ ਵਲੋਂ ਇਕ ਲੱਖ ਰੁਪਏ ਦੀ ਮੰਗ ਕੀਤੀ ਗਈ ਪਰ ਤੀਹ ਹਜ਼ਾਰ ਤੇ ਸਮਝੌਤਾ ਹੋਇਆ। ਲੜਕੇ ਦੇ ਅਗਵਾ ਹੋਣ ਤੋਂ ਇਕ ਹਫਤੇ ਬਾਅਦ ਜੁਗਿੰਦਰ ਸਿੰਘ ਨੇ ਦਰਬਾਰ ਸਾਹਿਬ ਆ ਕੇ ਫੋਰਸ ਦੇ ਲੈਫਟੀਨੈਂਟ ਪਿਪਲ ਸਿੰਘ ਨੂੰ ਤੀਹ ਹਜ਼ਾਰ ਰੁਪਈਆ ਦਿੱਤਾ ਤਾਂ ਉਸ ਵਲੋਂ ਅਗਵਾ ਕੀਤਾ ਉਕਤ ਲੜਕਾ ਪਰਿਵਾਰ ਵਾਲਿਆਂ ਨੂੰ ਸਹੀ ਸਲਾਮਤ ਮੋੜ ਦਿਤਾ। ਪਰਿਵਾਰ ਨੇ ਇਹ ਗੱਲ ਪੁਲਸ ਤੋਂ ਛੁਪਾਈ ਰੱਖੀ ਪਰ ਪਿੰਡ ਵਿਚ ਬਹੁਤ ਚਰਚਾ ਰਹੀ। ਉਨ੍ਹਾਂ ਅਗੋਂ ਦੱਸਿਆ ਕਿ ਕੋਈ ਚਾਰ ਪੰਜ ਦਿਨ ਪਹਿਲਾਂ ਸੁਰਿੰਦਰ ਕੌਰ ਅਤੇ ਏਸ ਪਰਿਵਾਰ ਨੇ ਅਦਾਲਤ ਰਾਹੀਂ ਸਮਝੌਤਾ ਕਰਾ ਲਿਆ ਜਿਸ ਅਨੁਸਾਰ 10 ਕਿਲੇ ਜ਼ਮੀਨ ਸੁਰਿੰਦਰ ਕੌਰ ਨੂੰ ਦੇਣ ਦੀ ਗੱਲ ਕਹੀ ਗਈ ਅਤੇ ਬਾਕੀ ਦੀ ਦੋਹਾਂ ਚਾਚਿਆਂ ਵਿਚ ਵੰਡੇ ਜਾਣ ਦਾ ਫੈਸਲਾ ਕੀਤਾ ਗਿਆ। ਪਰ ਸੁਰਿੰਦਰ ਕੌਰ ਨੇ ਇਹ ਫੈਸਲਾ ਪਿਛੋਂ ਮਨਜ਼ੂਰ ਨਹੀਂ ਕੀਤਾ। ਪੁਲਸ ਦਾ ਖਿਆਲ ਹੈ ਕਿ ਹੋ ਸਕਦਾ ਹੈ ਕਿ ਇਸ ਰੋਸ ਕਰਕੇ ਸੁਰਿੰਦਰ ਕੌਰ ਨੇ ਫੇਰ ਪਿਪਲ ਸਿੰਘ ਦੇ ਗਰੋਹ ਨਾਲ ਸੰਪਰਕ ਕਰਕੇ ਪੈਸਾ ਦੇ ਕੇ ਇਹ ਕਾਰਾ ਕਰਾ ਦਿੱਤਾ ਹੋਵੇ। ਸੁਰਿੰਦਰ ਕੌਰ ਇਸ ਪਿੰਡ ਵਿਚ ਨਹੀਂ ਰਹਿੰਦੀ। ਸਾਰੇ ਪਿੰਡ ਵਿਚ ਵੀ ਇਹੀ ਚਰਚਾ ਹੈ ਅਤੇ ਇਹੀ ਸ਼ੱਕ ਕੀਤਾ ਜਾਂਦਾ ਹੈ। ਇਹੀ ਸ਼ੱਕ ਬਚ ਰਹੀ ਘੂਲਾ ਸਿੰਘ ਦੀ ਨੂੰਹ ਨੇ ਵੀ ਕੀਤਾ ਹੈ। ਪੁਲਸ ਵਲੋਂ ਸੁਰਿੰਦਰ ਕੌਰ ਦੀ ਭਾਲ ਕੀਤੀ ਜਾ ਰਹੀ ਹੈ। ਇਹ ਪਿੰਡ ਦਰਿਆ ਬਿਆਸ ਦੇ ਮੰਡ ਖੇਤਰ ਵਿਚ ਆਉਂਦਾ ਹੈ। ਇਥੋਂ ਇਹ ਦਰਿਆ ਮਸਾਂ ਕੋਈ ਇਕ ਕਿਲੋਮੀਟਰ ਦੀ ਦੂਰੀ ਤੇ ਹੈ ਅਤੇ ਇਹ ਅਵਤਾਰ ਸਿੰਘ ਬ੍ਰਹਮਾਂ ਜੋ ਖਾਲਿਸਤਾਨ ਲਿਬਰੇਸ਼ਨ ਫੋਰਸ ਦਾ ਮੁਖੀ ਹੈ ਦੇ ਪ੍ਰਭਾਵ ਵਾਲਾ ਹੈ।

ਪੰਜਾਬੀ ਦੇ ਤਿੰਨ ਅਖੌਤੀ ਸ਼ਾਇਰ ਸ਼ਰਾਬੀ ਹੋਏ ਪੁਲਸ ਨੇ ਧੱਕੇ ਮਾਰ ਕੇ ਕੱਢੇ

ਵੈਨਕੂਵਰ — ਐਤਵਾਰ ਨੂੰ ਪ੍ਰਸਿੱਧ ਪਾਕਿਸਤਾਨੀ ਗ਼ਜ਼ਲ-ਗਾਇਕਾਂ ਗੁਲਾਮ ਅਲੀ ਅਤੇ ਮਹਿੰਦੀ ਹਸਨ ਵਲੋਂ ਜਿਥੇ ਇਕ ਵਧੀਆ ਪ੍ਰੋਗਰਾਮ ਦਿਤਾ ਗਿਆ ਉਥੇ ਤਿੰਨ ਪੰਜਾਬੀ ਦੇ ਖਰੂਦੀ ਸ਼ਾਇਰ ਹਾਲ ਤੋਂ ਬਾਹਰ ਹੀ ਸ਼ਰਾਬੀ ਹਾਲਤ ਵਿਚ ਦੇਖੇ ਗਏ। ਦੋ ਹਜ਼ਾਰ ਸਰੋਤਿਆਂ ਦਾ ਇਕੱਠ ਹਾਲ ਵਿਚ ਜਾ ਰਿਹਾ ਸੀ ਤਾਂ ਇਹ ਬਾਹਰ ਖੜ੍ਹੇ ਉਚੀ ਉਚੀ ਰੌਲਾ ਪਾ ਰਹੇ ਸਨ।

ਸ਼ੋਅ ਸ਼ੁਰੂ ਹੋਣ ਤੋਂ ਕੁਝ ਚਿਰ ਬਾਅਦ ਹੀ ਇਹ ਅਖੌਤੀ ਸ਼ਾਇਰ ਵਾਸ਼-ਰੂਮ ਵਿਚ ਜਾ ਵੜੇ ਤੇ ਉਥੇ ਖਰੂਦ ਕਰਨਾ ਸ਼ੁਰੂ ਕਰ ਦਿੱਤਾ। ਸਕਿਉਰਿਟੀ ਤੇ ਲੱਗੀ ਪੁਲਸ ਨੇ ਤਿੰਨਾਂ ਨੂੰ ਹਾਲ ਤੋਂ ਬਾਹਰ ਸੜਕ 'ਤੇ ਲੈ ਆਂਦਾ ਤੇ ਟਿਕਟਾਂ ਲਈਆਂ ਹੋਣ ਦੇ ਬਾਵਜੂਦ ਸ਼ਰਾਬੀ ਹਾਲਤ ਵਿਚ ਹੋਣ ਕਾਰਨ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ।

ਸ਼ੋਅ ਵਿਚੋਂ ਬਾਹਰ ਕੱਢੇ ਜਾਣ ਵਾਲੇ ਕੇਵਲ ਇਹ ਹੀ ਤਿੰਨ ਵਿਅਕਤੀ ਸਨ। ਪਤਾ ਲੱਗਾ ਹੈ ਕਿ ਇਕ ਸ਼ਾਇਰ ਤਾਂ ਆਪਣੇ ਆਪ ਨੂੰ ਕੈਨੇਡਾ ਦਾ 'ਸ੍ਰੇਸ਼ਟ ਕਵੀ' ਵੀ ਕਹਿੰਦਾ ਹੈ।

ਇਨ੍ਹਾਂ ਅਖੌਤੀ ਸ਼ਾਇਰਾਂ ਦੇ ਸਬੰਧ ਇਥੋਂ ਦੇ ਇਕ ਅਜਿਹੇ ਅਖਬਾਰ ਨਾਲ ਦੱਸੇ ਜਾਂਦੇ ਹਨ ਜੋ ਹਰ ਮਹੀਨੇ ਆਪਣੀ ਪਾਲਸੀ ਬਦਲਦਾ ਰਹਿੰਦਾ ਹੈ। ਇਹ ਸ਼ਰਾਬੀ ਸ਼ਾਇਰ ਉਸਦੇ ਕਾਫੀ ਨਜ਼ਦੀਕੀ ਦੋਸਤ ਦੱਸੇ ਗਏ ਹਨ।

8 ਅਪ੍ਰੈਲ ਨੂੰ ਵਿਖਾਵਾ

8 ਅਪਰੈਲ 1929 ਭਗਤ ਸਿੰਘ ਤੇ ਸਾਥੀਆਂ ਨੇ ਦਿੱਲੀ ਅਸੈਂਬਲੀ ਵਿਚ ਬੰਬ ਸੁੱਟਣ ਬਾਅਦ ਜੋ ਪਰਚਾ ਵੰਡਿਆ ਉਸਦਾ ਸਿਰਲੇਖ ਸੀ **"ਬੋਲਿਆਂ ਨੂੰ ਸੁਨਾਣ ਲਈ ਗਰਜ ਦੀ ਲੋੜ ਹੈ"** — ਅੱਜ ਦੇ ਹਾਕਮਾਂ ਦੇ ਬੋਲੇ ਕੰਨਾਂ ਵਿਚ ਪੰਜਾਬ ਦੇ ਮਸਲੇ ਦੇ ਹੱਲ ਲਈ ਤੇ ਸਾਧਾਰਨ ਲੋਕਾਂ ਦੀਆਂ ਮੁਸ਼ਕਲਾਂ ਉਹਨਾਂ ਤੱਕ ਪੁਚਾਣ ਲਈ ਇਨਕਲਾਬੀ ਕੇਂਦਰ ਪੰਜਾਬ ਵਲੋਂ ਇਕ ਵੱਡੀ ਰੈਲੀ ਅਤੇ ਵਿਖਾਵਾ 8 ਅਪਰੈਲ ਨੂੰ ਜਥੇਬੰਦ ਕੀਤਾ ਜਾ ਰਿਹਾ ਹੈ।

SALE!

EMPIRE FOODS
433-8888

ਸੇਲ!

VAISAKHI GREETINGS

Golden Temple or Farine Atta ਗੋਲਡਨ ਟੈਂਪਲ ਜਾਂ ਫਰੀਨ ਆਟਾ 9.98 Limit with Grocery 2x10 kg.	Fresh Chicken Legs Grade 'A' ਤਾਜ਼ੀਆਂ ਚਿਕਨ ਦੀਆਂ ਲੱਤਾਂ 89¢ lb.
Most Dals ਦਾਲਾਂ 20¢ lb. discounted	B.C. Sugar ਬੀ. ਸੀ. ਖੰਡ 10 kg. 5.99
Recorded original Tapes T series ਰੀਕਾਰਡ ਕੀਤੀਆਂ ਅਸਲੀ ਟੇਪਾਂ 1.99 each	Plus Many More Super Special

OPEN 7 DAYS
10 a.m. - 9 p.m.

WE CARRY NO NAME PRODUCTS
EMPIRE FOODS
3317 KINGSWAY 433-8888
ACROSS FROM BINO'S & 7-ELEVEN
Kingsway & Joyce

WE RESERVE THE RIGHT TO LIMIT QUANTITIES

SONA ENTERTAINERS

LAXMIKANT PYARELAL

in Concert with SUPER STARS and TOP SINGERS



On Saturday, April 16/88
At 7:30 P.M.

Pacific Coliseum (PNE), Vancouver, B.C.

Tickets: $15, $20, $25, $30, $35

For information:

Harcharan Singh Jhutee Ph. (604) 435-3634

☆ Tickets Available at Vancouver Ticket Centre (604) 280-4444 ☆

TICKETS AVAILABLE AT:

- Sona Enterprises : Ph. 435-3634
- Mann Music & Videos : Ph. 321-6667
- Paradise Video : Ph. 321-4064
- Tasleem Video : Ph. 873-2132
- Goyal Video : Ph. 877-7778
- Ranjeet Publication : Ph. 325-4914
- Good Morning Pan Wala : Ph. 321-4955
- Nishan Foods : Ph. 433-3207
- Rose Video Richmond : Ph. 276-0454
- T.J. Video Delta-Surrey : Ph. 581-4475
- Aman Video Delta & 588-4551
- S.J. Food, N. Van. : Ph. 986-3212
- Amar Foods, Clearbrook : Ph. 853-6458
- Sun Foods, Mission : Ph. 820-1650
- Island Video Victoria : Ph. 384-5322
- Walia Foods : Ph. 321-7262
- Bombay Video : Ph. 325-3287
- Sapna Sarees : Ph. 435-0056
- Patel's Super Market : Ph. 255-6729
- Popular Video : Ph. 433-5828
- Vancouver Bridal Shop : Ph. 435-2421

ਡਾ: ਸ਼ੰਕਰ ਦਿਆਲ ਸ਼ਰਮਾ ਸਤਾਧਾਰੀ ਪਾਰਟੀ ਨੂੰ ਰਾਸ ਨਹੀਂ ਆ ਰਹੇ

ਨਵੀਂ ਦਿੱਲੀ — ਪਿਛਲੇ ਦਿਨੀਂ ਰਾਜ ਸਭਾ ਦੇ ਚੇਅਰਮੈਨ ਡਾ: ਸ਼ੰਕਰ ਦਿਆਲ ਸ਼ਰਮਾ ਵਲੋਂ ਦਿਤੇ ਗਏ ਰੂਲਿੰਗ ਦੇ ਵਿਰੁਧ ਕਾਂਗਰਸ (ਆਈ) ਦੇ ਮੈਂਬਰਾਂ ਅਤੇ ਵਿਸ਼ੇਸ਼ ਕਰਕੇ ਸ੍ਰ ਪੀ ਚਿੰਦਬਰਮ, ਸ੍ਰੀ ਭਜਨ ਲਾਲ ਅਤੇ ਸ੍ਰੀ ਰਾਜੇਸ਼ ਪਾਇਲਟ ਜਿਹੇ ਮੰਤਰੀਆਂ ਵਲੋਂ ਪਾਏ ਗਏ ਸ਼ੋਰ ਸ਼ਰਾਬੇ ਦੇ ਸਬੰਧ ਵਿਚ ਕਾਂਗਰਸ (ਆਈ) ਦੇ ਪ੍ਰਮੁਖ ਅਤੇ ਬਜ਼ੁਰਗ ਨੇਤਾ ਸ੍ਰੀ ਕਮਲਾਪਤੀ ਤ੍ਰਿਪਾਠੀ ਨੇ ਪਾਰਟੀ ਦੇ ਪ੍ਰਧਾਨ ਅਤੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਲਿਖੀ ਆਪਣੀ ਚਿੱਠੀ ਵਿਚ ਆਪਣਾ ਰੋਸ ਪ੍ਰਗਟ ਕਰਦਿਆਂ ਹੋਇਆਂ ਕਿਹਾ ਹੈ ਕਿ ਇਹਨਾਂ ਵਿਅਕਤੀਆਂ ਵਲੋਂ ਰਾਜ ਸਭਾ ਵਿਚ ਅਪਣਾਇਆ ਗਿਆ ਕਿਰਦਾਰ ਪਾਰਟੀ ਅਤੇ ਪਾਰਟੀ ਨੇਤਾ ਦੇ ਸਨਮਾਨ 'ਤੇ ਸੱਟ ਮਾਰਨ ਵਾਲਾ ਹੈ। ਇਸ ਦੇ ਨਾਲ ਹੀ ਵਿਰੋਧੀ ਪਾਰਟੀਆਂ ਅਤੇ ਕੁਝ ਇੰਕਾ ਹਲਕਿਆਂ ਵਲੋਂ ਇਹ ਵੀ ਆਖਿਆ ਜਾ ਰਿਹਾ ਹੈ ਕਿ ਡਾ: ਸ਼ੰਕਰ ਦਿਆਲ ਸ਼ਰਮਾ ਦਾ ਨਿਰਪੱਖ ਕਿਰਦਾਰ ਇੰਕਾ ਮੁਖੀਆਂ ਨੂੰ ਰਾਸ ਨਹੀਂ ਆ ਰਿਹਾ। ਉਹਨਾਂ ਨੇ ਡਾ: ਸ਼ਰਮਾ ਨੂੰ ਉਪ-ਰਾਸ਼ਟਰਪਤੀ ਦਾ ਅਹੁਦਾ ਸੌਂਪਦਿਆਂ ਹੋਇਆਂ ਇਹ ਆਸ ਕੀਤੀ ਸੀ ਕਿ ਉਹ ਉਹਨਾਂ ਦੀ ਹਾਂ ਵਿਚ ਹਾਂ ਮਿਲਾਉਂਦੇ ਰਹਿਣਗੇ ਅਤੇ ਰਾਜ ਸਭਾ ਵਿਚ ਪਾਰਟੀ ਅਤੇ ਸਰਕਾਰ ਨੂੰ ਆਉਣ ਵਾਲੇ ਹਰ ਸੰਕਟ ਵਿਚੋਂ ਉਭਾਰਨ ਵਿਚ ਮੱਦਦ ਕਰਨਗੇ। ਪਰ ਪਿਛਲੇ ਇਜਲਾਸ ਵਿਚ ਹੀ ਇਹ ਸਪਸ਼ਟ ਹੋ ਗਿਆ ਸੀ ਕਿ ਡਾ: ਸ਼ਰਮਾ ਕਾਂਗਰਸ (ਆਈ) ਦੀ ਆਸ 'ਤੇ ਪੂਰੇ ਨਹੀਂ ਉਤਰਨਗੇ। ਇਕ ਤਾਂ ਉਹਨਾਂ ਰਾਜ ਸਭਾ ਦੇ ਚੇਅਰਮੈਨ ਦਾ ਅਹੁਦਾ ਸੰਭਾਲਦਿਆਂ ਹੀ ਇਹ ਸਪੱਸ਼ਟ ਆਖਿਆ ਸੀ ਕਿ ਉਹ ਕਿਸੇ ਵੀ ਮੈਂਬਰ ਦੀ ਆਵਾਜ਼ ਨੂੰ ਦਬਣ ਨਹੀਂ ਦੇਣਗੇ। ਭਾਵੇਂ ਦੂਜੇ ਦਲਾਂ (ਜਿਹਨਾਂ ਵਿਚ ਸੱਤਾਧਾਰੀ ਦਲ ਵੀ ਹੈ) ਦੇ ਲੋਕਾਂ ਨੂੰ ਉਸ ਮੈਂਬਰ ਦੀ ਗੱਲ ਪਸੰਦ ਆਏ ਜਾਂ ਨਾ ਆਏ। ਡਾ: ਸ਼ਰਮਾ ਨੇ ਆਪਣੀ ਗੱਲ ਨੂੰ ਹੋਰ ਸਪੱਸ਼ਟ ਕਰਦਿਆਂ ਆਖਿਆ ਕਿ ਸੰਸਦ ਦੇ ਆਪਣੇ ਨਿਯਮ ਹਨ ਅਤੇ ਜਦੋਂ ਤੱਕ ਇਹ ਕਿਸੇ ਦੂਜੀ ਪ੍ਰਕ੍ਰਿਆ ਵਿਚ ਰੁਕਾਵਟ ਨਾ ਬਣਨ, ਠੀਕ ਇਹੀ ਹੈ ਕਿ ਕਿਸੇ ਵੀ ਮੈਂਬਰ ਨੂੰ ਕਿਸੇ ਵੀ ਵਿਸ਼ੇ ਤੇ ਚਰਚਾ ਕਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਕਈ ਮਾਮਲੇ ਪਿਛਲੇ ਇਜਲਾਸ ਵਿਚ ਅਜਿਹੇ ਵਿਚਾਰ ਅਧੀਨ ਆਏ, ਜਿਹਨਾਂ ਕਾਰਨ ਸੱਤਾਧਾਰੀ ਪਾਰਟੀ ਦੇ ਮੈਂਬਰਾਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਰਾਜਨੀਤਕ ਹਲਕਿਆਂ ਅਨੁਸਾਰ ਡਾ: ਸ਼ੰਕਰ ਦਿਆਲ ਸ਼ਰਮਾ ਆਪਣੇ ਨਿਰਪੱਖ ਆਚਰਣ ਕਾਰਨ ਜਿਸ ਤਰ੍ਹਾਂ ਪਿਛਲੇ ਇਜਲਾਸ ਵਿਚ ਸੱਤਾਧਾਰੀ ਪਾਰਟੀ ਦੇ ਮੈਂਬਰਾਂ ਅਤੇ ਸਰਕਾਰ ਲਈ ਪਰੇਸ਼ਾਨੀ ਦਾ ਕਾਰਨ ਬਣੇ ਰਹੇ, ਉਸ ਤਰ੍ਹਾਂ ਇਸ ਬਜਟ ਇਜਲਾਸ ਵਿਚ ਵੀ ਉਹਨਾਂ ਦੀ ਸਿਰਦਰਦੀ ਦਾ ਕਾਰਣ ਬਣ ਸਕਦੇ ਹਨ, ਇਹ ਗੱਲ ਇਜਲਾਸ ਦੇ ਸ਼ੁਰੂ ਵਿਚ ਹੀ ਸਪਸ਼ਟ ਹੋ ਗਈ ਹੈ। ਇਹ ਹਲਕੇ ਸਮਝਦੇ ਹਨ ਕਿ ਜੇ ਇਹੋ ਸਥਿਤੀ ਬਣੀ ਰਹੀ ਤਾਂ ਸੱਤਾਧਾਰੀ ਪਾਰਟੀ ਆਪਣੇ ਵਤੀਰੇ ਰਾਹੀਂ ਅਜਿਹੇ ਹਾਲਾਤ ਪੈਦਾ ਕਰ ਸਕਦੀ ਹੈ ਜਿਸ ਕਾਰਨ ਡਾ: ਸ਼ਰਮਾ ਆਪਣੇ ਆਪ ਅਸਤੀਫਾ ਦੇਣ ਦੇ ਮਜ਼ਬੂਰ ਹੋ ਜਾਣ।

ਸੀਨੀਅਰਜ਼ ਤੇਜ਼ੀ ਨਾਲ ਜਨਸੰਖਿਆ ਦਾ ਅਸਾਧਾਰਨ ਵਿਸ਼ਾ ਬਣ ਰਹੇ ਹਨ

ਓਟਵਾ — "ਬੱਚਿਆਂ ਦੀ ਪੈਦਾਇਸ਼ ਵਿਚ ਵੱਡੇ ਵਾਧੇ" ਤੋਂ ਬਾਅਦ ਕੈਨੇਡਾ ਦੇ ਸੀਨੀਅਰਾਂ ਦੀ ਵਧ ਰਹੀ ਜਨਸੰਖਿਆ ਤੇਜ਼ੀ ਨਾਲ ਜਨ-ਅੰਕੜਿਆਂ ਸੰਬੰਧੀ ਇਕ ਵੱਡਾ ਤੱਥ ਖੜਾ ਕਰ ਰਹੀ ਹੈ ਅਤੇ ਓਟਵਾ ਇਸ ਸਾਲ ਅਕਤੂਬਰ ਵਿਚ ਹੋ ਰਹੀ ਤਿੰਨ ਦਿਨਾਂ ਦੀ ਕਾਨਫਰੰਸ ਵਿਚ ਦੇਸ਼ ਦੀਆਂ ਉਘੀਆਂ ਸੰਸਥਾਵਾਂ ਅਤੇ ਸੀਨੀਅਰ ਗਰੁਪਾਂ ਦੀ ਰਾਏ ਹਾਸਲ ਕਰੇਗਾ ਕਿ ਇਸ ਚੁਣੌਤੀ ਦਾ ਕਿਸ ਤਰ੍ਹਾਂ ਸਾਹਮਣਾ ਕੀਤਾ ਜਾਏ।

ਮਕਾਨ 1990 ਦੇ ਦਹਾਕੇ ਵਿਚ ਕੈਨੇਡਾ ਲਈ ਇਕ ਵੱਡੀ ਚੁਣੌਤੀ ਹੋਏਗੀ, ਸਟਿਵਰਟ ਮੈਕਿਨਜ਼ ਨੇ, ਜੋ ਕੈਨੇਡਾ ਮਾਰਗਿਜ ਐਂਡ ਹਾਉਸਿੰਗ ਕਾਰਪੋਰੇਸ਼ਨ ਦੇ ਜ਼ਿਮੇਂਵਾਰ ਮਨਿਸਟਰ ਹਨ, ਇਹ ਗੱਲ ਇਕ ਖਾਸ ਸਲਾਹਕਾਰ ਕਮੇਟੀ ਨੂੰ ਦੱਸੀ ਜਿਹੜੀ ਵਡੇਰੀ ਉਮਰ ਵਾਲੇ ਕੈਨੇਡੀਅਨਜ਼ ਲਈ ਮਕਾਨ੍ਹਾਂ ਦੀ ਚੋਣ ਸੰਬੰਧੀ ਵਿਚਾਰ-ਵਟਾਂਦਰੇ ਲਈ ਬਣਾਈ ਗਈ ਹੈ।

ਸਲਾਹਕਾਰ ਕਮੇਟੀ ਨੂੰ ਜਿਸ ਵਿਚ ਸੀਨੀਅਰ ਗਰੁਪ, ਆਰਥਕ ਸੰਸਥਾਵਾਂ, ਨਿਰਮਾਤਾ ਅਤੇ ਉਨਤਕਾਰ ਗਣ, ਮਿਉਂਸਪੈਲੇਟੀਆਂ ਅਤੇ ਕੈਨੇਡਾ ਮਾਰਗਿਜ ਅਤੇ ਹਾਉਸਿੰਗ ਕਾਰਪੋਰੇਸ਼ਨ ਦੇ ਸੀਨੀਅਰ ਕਰਮਚਾਰੀ ਸ਼ਾਮਲ ਹਨ ਮਨਿਸਟਰ ਨੇ ਖੁੱਲ੍ਹੇ ਅਤੇ ਸਪਸ਼ਟ ਸ਼ਬਦਾਂ ਵਿਚ ਵਿਚਾਰ ਵਟਾਂਦਰਾ ਕਰਦਿਆਂ ਕਿਹਾ ਕਿ ਕਮੇਟੀ ਉਹਨਾਂ ਵਿਸ਼ਿਆਂ ਦੀ ਤਿਆਰੀ ਕਰੇ ਜਿਨ੍ਹਾਂ ਤੇ ਅਕਤੂਬਰ ਕਾਨਫਰੰਸ ਵਿਚਾਰ ਕਰੇਗੀ।

ਮੈਕਿਨਜ਼ ਨੇ ਇਹ ਵੀ ਸੰਕੇਤ ਦਿੱਤਾ ਕਿ "ਭਾਵੇਂ ਅਸੀਂ ਤਿੰਨ ਦਿਨਾਂ ਦੀ ਕਾਨਫਰੰਸ ਨਾਲ ਦੁਨੀਆਂ ਤਾਂ ਨਹੀਂ ਬਦਲ ਸਕਦੇ ਇਹ ਵਿਚਾਰ-ਗੋਸ਼ਟੀ ਇਕ ਉਤਪ੍ਰੇਰਕ ਵਾਂਗ ਇਸ ਚਿੰਤਾਜਨਕ ਖੇਤਰ ਵਿਚ ਹੋਰ ਯੋਜਨਾਵਾਂ ਬਣਾਉਣ ਅਤੇ ਉਹਨਾਂ ਤੇ ਅਮਲ ਕਰਨ ਵਿਚ ਇਕ ਮਹੱਤਵਪੂਰਨ ਭੂਮਿਕਾ ਨਿਭਾਏਗੀ।

ਕਾਨਫਰੰਸ 18 ਤੋਂ 20 ਅਕਤੂਬਰ ਤੱਕ ਹੈਲੀਫੈਕਸ ਵਿਚ ਹੋਏਗੀ ਜਾਰਜ ਹੀਸ, ਮਨਿਸਟਰ ਆਫ ਸਟੇਟ (ਸੀਨੀਅਰਜ਼) ਵੀ ਉਥੇ ਹਾਜ਼ਰ ਸੀ — ਉਹਨੇ ਕਿਹਾ ਕਿ "ਸੀਨੀਅਰ ਗਰੁਪਾਂ ਦੀ ਬੁਨਿਆਦੀ ਮੱਦਦ ਨਾਲ ਜੇ ਨਿਰਮਾਣ ਕਰਨ ਵਾਲੀ ਕਮਿਊਨਿਟੀ ਅਤੇ ਹਰ ਪੱਧਰ ਤੇ ਸਰਕਾਰੀ ਯੋਗਦਾਨ ਜੋੜ ਲਿਆ ਜਾਏ ਤਾਂ ਭਵਿਖ ਲਈ ਇਕ ਬਿਹਤਰ ਪ੍ਰੋਗਰਾਮ ਬਣ ਸਕਦਾ ਹੈ।

ਭਾਵੇਂ ਗਰੁੱਪਾਂ ਦੀਆਂ ਇਕੱਤਰਤਾਵਾਂ ਬਹੁਭਾਂਤੀ ਸਨ ਅਤੇ ਬਹੁਤ ਸਾਰਿਆਂ ਨੇ ਵੱਖੋ-ਵੱਖਰੇ ਦ੍ਰਿਸ਼ਟੀਕੋਨ ਪੇਸ਼ ਕੀਤੇ, ਪਰ ਸਾਰੇ ਇਸ ਗੱਲ ਤੇ ਸਹਿਮਤ ਸਨ ਕਿ ਅਜਿਹੀ ਕਾਨਫਰੰਸ ਦੀ ਲੋੜ ਹੈ।

"ਅਸੀਂ ਖੁਸ਼ ਹਾਂ ਕਿ ਸਰਕਾਰ ਨੇ ਇਹ ਕਦਮ ਚੁਕਿਆ ਹੈ" ਵੈਨਕੂਵਰ ਦੀ ਕੈਨੇਡੀਅਨ ਐਸੋਸੀਏਸ਼ਨ ਆਫ ਜਰਨੇਟੋਲੋਜੀ ਦੀ ਪ੍ਰਧਾਨ ਗਲੋਰੀਆ ਗਟਮੈਨ ਨੇ ਕਿਹਾ "ਸਾਡੇ ਵਿਚ ਮਤਭੇਦ ਹਨ, ਪਰ ਇਹ ਖੁੱਲ੍ਹਾ ਵਿਚਾਰ-ਵਟਾਂਦਰਾ ਬਹੁਤ ਜ਼ਰੂਰੀ ਹੈ।

ਕੈਨੇਡੀਅਨ ਹੋਮ ਬਿਲਡਰਜ਼ ਐਸੋਸੀਏਸ਼ਨ ਦਾ ਜੋਨ ਕੈਨਵਰਡ ਵੀ ਸਹਿਮਤ ਸੀ ਕਿ ਕਾਨਫਰੰਸ ਠੀਕ ਦਿਸ਼ਾ ਵਿਚ ਇਕ ਕਦਮ ਹੈ "ਸਾਨੂੰ ਹੁਣ ਇਹ ਕਰਨਾ ਹੈ ਕਿ ਇਹ ਗਲ ਯਕੀਨੀ ਬਣਾਈਏ ਕਿ ਅਸੀਂ ਸਾਰੇ ਰਲ ਕੇ ਇਸ ਨੂੰ ਖਿਚ ਸਕੀਏ ਅਤੇ ਸਿਰੇ ਚਾੜ੍ਹ ਸਕੀਏ।"

ਹੋਰ ਜਾਣਕਾਰੀ ਲਈ ਸੰਪਰਕ ਪੈਦਾ ਕਰੋ :

Greg MacDougall
Communications Asstt.
CMHC Ministers Office
Ottawa K1A 0P6
(613) 996-7966

Rosine Gerhand
Conference Co-Ord.
CMHC National Office
Ottawa K1A 0P7
(613) 748-2425

ਗੀਸ਼ਿੰਗ ਵਲੋਂ ਕੇਂਦਰੀ ਫੋਰਸਾਂ ਹਟਾਉਣ ਦੀ ਮੰਗ

ਨਵੀਂ ਦਿੱਲੀ — ਗੋਰਖਾ ਨੈਸ਼ਨਲ ਲਿਬਰੇਸ਼ਨ ਫਰੰਟ ਦੇ ਪ੍ਰਧਾਨ ਸੁਭਾਸ਼ ਗੀਸ਼ਿੰਗ ਨੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ 'ਤੇ ਇਸ ਗੱਲ ਲਈ ਜ਼ੋਰ ਦਿੱਤਾ ਹੈ ਕਿ ਉਹ ਪੱਛਮੀ ਬੰਗਾਲ ਸਰਕਾਰ ਨੂੰ ਦਾਰਜੀਲਿੰਗ ਦੇ ਪਹਾੜੀ ਖੇਤਰਾਂ ਵਿਚੋਂ ਕੇਂਦਰੀ ਫੋਰਸਾਂ ਤੁਰੰਤ ਹਟਾਏ ਜਾਣ ਲਈ ਕਹਿਣ ਉਨ੍ਹਾਂ ਦੋਸ਼ ਲਾਇਆ ਕਿ ਇਹ ਫੋਰਸਾਂ ਉਨ੍ਹਾਂ ਦੇ ਸਮਰਥਕਾਂ ਉਤੇ ਤਸ਼ੱਦਦ ਕਰ ਰਹੀਆਂ ਹਨ। ਸ੍ਰੀ ਗਾਂਧੀ ਨੂੰ ਲਿਖੇ ਪੱਤਰ ਵਿਚ ਫਰੰਟ ਦੇ ਮੁਖੀ ਨੇ ਕਿਹਾ ਕਿ ਜਿਤਨਾ ਚਿਰ ਪੱਛਮੀ ਬੰਗਾਲ ਸਰਕਾਰ ਵਲੋਂ ਕਰਵਾਈ ਜਾ ਰਹੀ ਹਿੰਸਾ ਬੰਦ ਨਹੀਂ ਹੁੰਦੀ, ਖੇਤਰ ਵਿਚ ਅਮਨ ਕਾਇਮ ਨਹੀਂ ਹੋ ਸਕਦਾ ਉਨ੍ਹਾਂ ਸ੍ਰੀ ਗਾਂਧੀ ਅਤੇ ਕੇਂਦਰੀ ਗ੍ਰਹਿ ਮੰਤਰੀ ਸ: ਬੂਟਾ ਸਿੰਘ ਦਾ ਇਸ ਗੱਲੋਂ ਧੰਨਵਾਦ ਕੀਤਾ ਕਿ ਉਹ ਮਸਲੇ ਦੇ ਸ਼ਾਂਤਮਈ ਹੱਲ ਲਈ ਯਤਨਸ਼ੀਲ ਹਨ।

ਭਾਈ ਜਸਬੀਰ ਸਿੰਘ ਕੰਟਰੋਲ ਨਾ ਕਰ ਸਕੇ ਤਾਂ ਐਮਰਜੈਂਸੀ ਲੱਗੇਗੀ


ਚੰਡੀਗੜ੍ਹ — ਇਹ ਪੱਕੇ ਸੰਕੇਤ ਮਿਲੇ ਹਨ ਕਿ ਦਹਿਸ਼ਤਗਰਦਾਂ ਦਾ ਇਕ ਵੱਡਾ ਗਰੁਪ ਭਾਈ ਜਸਬੀਰ ਸਿੰਘ ਰੋਡੇ ਦੇ ਮਿਸ਼ਨ ਨੂੰ ਫੇਲ੍ਹ ਕਰਨ ਲਈ ਪੂਰੀ ਤਰ੍ਹਾਂ ਸਰਗਰਮ ਹੋ ਗਿਆ ਹੈ। ਕੁਝ ਹਲਕਿਆਂ ਨੇ ਇਸ ਦਾ ਨਾਂ ਪੰਥਕ ਕਮੇਟੀ ਦੱਸਿਆ ਹੈ।

ਸਰਕਾਰ ਨੇ ਅਕਾਲ ਤਖਤ ਦੇ ਜਥੇਦਾਰ ਭਾਈ ਜਸਬੀਰ ਸਿੰਘ ਨੂੰ ਸਦਭਾਵਨਾ ਅਤੇ ਪੰਜਾਬ ਵਿਚ ਅਮਨ ਕਾਇਮ ਕਰਨ ਦੇ ਮੰਤਵ ਨਾਲ ਰਿਹਾਅ ਕੀਤਾ ਹੈ। ਜੇਕਰ ਹਾਲਾਤ ਫਿਰ ਵੀ ਨਾ ਬਦਲੇ ਤਾਂ ਸਰਕਾਰ ਐਮਰਜੈਂਸੀ ਦਾ ਐਲਾਨ ਕਰਨ ਤੋਂ ਵੀ ਪਿਛੇ ਨਹੀਂ ਹਟੇਗੀ। ਪੰਜਾਬ ਵਿਚ ਰਾਸ਼ਟਰਪਤੀ ਰਾਜ ਦੀ ਮਿਆਦ 10 ਮਈ ਨੂੰ ਖਤਮ ਹੋ ਰਹੀ ਹੈ। ਉਸ ਤੋਂ ਬਾਅਦ ਰਾਸ਼ਟਰਪਤੀ ਰਾਜ ਦੀ ਮਿਆਦ ਵਧਾਉਣ ਜਾਂ ਐਮਰਜੈਂਸੀ ਲਾਗੂ ਕੀਤੀ ਜਾਏਗੀ। ਪਾਰਲੀਮੈਂਟਰੀ ਹਲਕਿਆਂ ਅਨੁਸਾਰ ਅਜਿਹਾ ਕਰਨਾ ਗੈਰ ਜਮਹੂਰੀ ਕਦਮ ਹੈ ਪਰ ਪੰਜਾਬ ਦੀ ਵਿਗੜੀ ਹਾਲਤ ਨੂੰ ਕਾਬੂ ਕਰਨ ਲਈ ਅੰਤਮ ਸਾਧਨ ਹੈ। ਸੰਵਿਧਾਨ ਵਿਚ ਐਮਰਜੈਂਸੀ ਲਾਗੂ ਕਰਨ ਦੀਆਂ ਤਿੰਨ ਸ਼ਰਤਾਂ ਦਰਜ ਹਨ। ਬਦੇਸ਼ੀ ਖਤਰਾ ਹੋਵੇ, ਜੰਗ ਲੱਗ ਜਾਏ ਜਾਂ ਦੇਸ਼ ਅੰਦਰ ਕਿਸੇ ਹਿੱਸੇ ਵਿਚ ਹਥਿਆਰਬੰਦ ਬਗਾਵਤ ਦਾ ਖਤਰਾ ਹੋਵੇ।

River View Roofing

ਛੱਤਾਂ ਦੇ ਕੰਮ ਲਈ ਸਾਨੂੰ ਵੱਧ ਤੋਂ ਵੱਧ ਵਰਕਰਾਂ ਦੀ ਲੋੜ ਹੈ।
ਕੰਮ ਤੇ ਰੱਖੇ ਜਾਣ ਵਾਲੇ ਵਰਕਰਾਂ ਨੂੰ ਇਹ ਸਹੂਲਤਾਂ ਕੰਪਨੀ ਦੇਵੇਗੀ

- ਕੰਮ ਕਰਨ ਵਾਲੇ ਵਰਕਰਾਂ ਦਾ ਡੈਂਟਲ ਤੇ ਮੈਡੀਕਲ ਪ੍ਰੀਮੀਅਮ ਕੰਪਨੀ ਦੇਵੇਗੀ
- ਵਰਕਰਾਂ ਨੂੰ ਹੌਲੀਡੇ ਦੀ ਤਨਖਾਹ ਵੀ ਦਿੱਤੀ ਜਾਵੇਗੀ
- ਕੰਮ ਘੱਟ ਤੋਂ ਘੱਟ ਦਸ ਘੰਟੇ ਰੋਜ਼ ਹੋਵੇਗਾ
- ਕੰਮ ਛੇ ਦਿਨ ਕਰਨਾ ਪਵੇਗਾ
- ਫਰੀ ਰਾਈਡ ਦਾ ਪ੍ਰਬੰਧ ਹੋਵੇਗਾ।



ਵਧੇਰੇ ਜਾਣਕਾਰੀ ਲਈ ਫ਼ੋਨ ਕਰੋ :

ਬਿੱਲ (Bill) : 591-8700

ਪੇਜਰ : 645-2603

River View Roofing
6716 — King George HWY. SURREY, B.C.

ਟੈਰੇਸ ਏਰੀਏ ਲਈ ਟਰੀ-ਪਲਾਂਟਰਾਂ ਦੀ ਲੋੜ ਹੈ

- ਤਨਖਾਹ 10 ਡਾਲਰ ਪ੍ਰਤੀ ਘੰਟਾ
- ਜਾਂ 10 ਸੈਂਟ ਤੋਂ 22 ਸੈਂਟ ਤੱਕ ਏਰੀਏ ਦੇ ਹਿਸਾਬ ਨਾਲ
- ਰਹਿਣ ਦਾ ਪ੍ਰਬੰਧ ਹੋਵੇਗਾ

PH. (604)635-6768
Birak Enterprises

BAISAKHI GREETINGS TO ALL

ਵੈਨਕੂਵਰ ਵਿਚ ਭਾਰਤੀਆਂ

ਦਾ ਫਰਨੀਚਰ ਸਟੌਰ

ਰੌਇਲ ਫਰਨੀਚਰ ਲਿਮਿਟਿਡ

ROYAL new-used FURNITURE

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ.


Ph. 874-9525

ROYAL HIGH IN QUALITY LOWEST IN PRICES

Blow Out Sale

at

Your Neighbourhood Furniture Bargin Centre



3 Pc. Sofa Chair & Love Seat

$1295

Our low Prices Do not Reflect Any Compromise in Quality

"Compare Before You Buy"

Everything Must Sell



Sofa, Chair, Love Seat **$999**



WE HAVE GOT:


* Wide variety in Dining room suites and Dinnets.
* Bedroom suites in PINE and SOLID OAK at factory wholesale prices.
* Best selection in SOFA SETS, CHESTER FIELD and HID-A-BED.
* All type of Mattresses by Brand Name—SEALY, GRANGE, RESTONIC, SIMMONS and POSTURE BEAUTY.
* YOU NAME IT AND WE GOT IT.

WE WILL BEAT ANY PRICE BY 5%



All 7 Pc. Complete

$549.00



SAVE UP TO 50% ON MATTRESS SETS!

	39" Twin Set	54" Double Set	60" Queen Set
POSTURE BEAUTY	$139 Both Pces.	$169 Both Pces.	$239 Both Pces.
SEALY	$229 Both Pces.	$289 Both Pces.	$329 Both Pces.
RESTONIC	$199 Both Pces.	$279 Both Pces.	$299 Both Pces.

ਅਸੀਂ ਕਿਸੇ ਦੀ ਵੀ ਐਡਵਰਟਾਈਜ਼ ਕੀਤੀ ਕੀਂਮਤ ਨੂੰ 5% ਨਾਲ ਬੀਟ ਕਰਾਂਗੇ!

LOWEST PRICES GUARANTEED

ROYAL FURNITURE LTD.

2607 MAIN STREET (at 10th. AVE.), VANCOUVER, B.C.

TEL. 874-9525

VISA MasterCard

MASTER CARD VISA ACCEPTED

ਅਲਾਹਾਬਾਦ ਦੀ ਉਪ ਚੋਣ ਵਿਚ ਵੀ ਪੀ ਸਿੰਘ ਤੇ ਅਮਿਤਾਭ ਬਚਨ ਵਿਚਾਲੇ ਟੱਕਰ

ਨਵੀਂ ਦਿੱਲੀ — ਅਲਾਹਾਬਾਦ ਪਾਰਲੀਮੈਂਟਰੀ ਹਲਕਾ ਜਿਥੋਂ ਅਮਿਤਾਭ ਬਚਨ ਨੇ ਅਸਤੀਫਾ ਦਿੱਤਾ ਸੀ ਦੀ ਉਪਚੋਣ ਅਪ੍ਰੈਲ ਜਾਂ ਮਈ ਦੇ ਸ਼ੁਰੂ ਵਿਚ ਹੋ ਰਹੀ ਹੈ। ਇਸ ਦੇ ਨਾਲ ਚੋਣ ਕਮਿਸ਼ਨ ਕਾਗਜ਼ ਦਾਖਲ ਕਰਨ ਦੀਆਂ ਤਰੀਕਾਂ ਦਾ ਐਲਾਨ ਵੀ ਕਰ ਦੇਵੇਗਾ। ਸਿਆਸੀ ਹਲਕਿਆਂ ਦਾ ਕਹਿਣਾ ਹੈ ਕਿ ਇਸ ਹਲਕੇ ਦੀ ਉਪਚੋਣ ਵਿਚ ਜਨ ਮੋਰਚੇ ਦੇ ਲੀਡਰ ਵੀ ਪੀ ਸਿੰਘ ਅਤੇ ਫਿਲਮ ਸਟਾਰ ਅਮਿਤਾਭ ਬਚਨ ਵਿਚਾਲੇ ਇਤਿਹਾਸਕ ਟੱਕਰ ਹੋਵੇਗੀ। ਮਿ. ਵੀ ਪੀ ਸਿੰਘ ਨੇ ਪਹਿਲਾਂ ਇਸ ਹਲਕੇ ਦਾ ਆਪਣਾ ਦੌਰਾ ਰੋਕ ਲਿਆ ਸੀ ਪਰ ਹੁਣ ਅਲਾਹਾਬਾਦ ਵਿਚ ਜਨ ਮੋਰਚੇ ਦੇ ਲੀਡਰਾਂ ਨੇ ਕਿਹਾ ਹੈ ਕਿ ਉਹ ਇਥੇ ਪਹੁੰਚ ਰਹੇ ਹਨ ਅਤੇ ਤਿੰਨ ਦਿਨ ਰਹਿ ਕੇ ਹਾਲਾਤ ਦਾ ਜਾਇਜ਼ਾ ਲੈਣਗੇ। ਦੂਸਰੇ ਪਾਸੇ ਕਾਂਗਰਸ ਲੀਡਰਸ਼ਿਪ ਭਾਵੇਂ ਆਪਣੇ ਉਮੀਦਵਾਰ ਬਾਰੇ ਹਾਲਾਂ ਚੁਪ ਹੈ ਪਰ ਕਿਹਾ ਜਾਂਦਾ ਹੈ ਕਿ ਇਥੋਂ ਅਮਿਤਾਭ ਬਚਨ ਨੂੰ ਹੀ ਦੁਬਾਰਾ ਖੜ੍ਹਾ ਕੀਤਾ ਜਾਏਗਾ ਕਿਉਂਕਿ ਅਮਿਤਾਭ ਵਰਗਾ ਕੋਈ ਕਲਾਕਾਰ ਹੀ ਵੀ ਪੀ ਸਿੰਘ ਦਾ ਟਾਕਰਾ ਕਰ ਸਕਦਾ ਹੈ। ਵੈਸੇ ਵੀ ਕਾਂਗਰਸ ਨੂੰ ਵੀ ਪੀ ਸਿੰਘ ਦੇ ਮੁਕਾਬਲੇ ਉਤੇ ਆਪਣੀ ਹਾਰ ਦੇ ਸੰਕੇਤ ਪਹਿਲਾਂ ਮਿਲ ਚੁਕੇ ਹਨ। ਅਮਿਤਾਭ ਖੁਦ ਵੀ ਇਸ ਹਲਕੇ ਤੋਂ ਵੀ ਪੀ ਸਿੰਘ ਦੇ ਟਾਕਰੇ ਉਤੇ ਆਉਣ ਤੋਂ ਝਿਜਕ ਰਿਹਾ ਹੈ ਪਰ ਕਾਂਗਰਸ ਨੂੰ ਉਸ ਤੋਂ ਸਿਵਾ ਕੋਈ ਦੂਸਰਾ ਚਾਰਾ ਨਜ਼ਰ ਨਹੀਂ ਆ ਰਿਹਾ।

ਮਿਸਿਜ਼ ਰਾਜਿੰਦਰ ਕੁਮਾਰੀ ਬਾਜਪਾਈ ਦੇ ਪੁਤਰ ਦੇ ਨਾਂ ਦੀ ਵੀ ਚਰਚਾ ਹੋ ਰਹੀ ਹੈ ਪਰ ਕਾਂਗਰਸ ਦੇ ਜਨਰਲ ਸਕੱਤਰ ਮਿ. ਗੁਲਾਮ ਨਬੀ ਆਜ਼ਾਦ ਨੇ ਮਿ. ਅਮਿਤਾਭ ਨੂੰ ਹੀ ਉਮੀਦਵਾਰ ਦੱਸਿਆ ਹੈ। ਹਲਕੇ ਵਿਚ ਅਮਿਤਾਭ ਬਚਨ ਦੀ ਸਮਰਥਕ ਅਮਿਤਾਭ ਭਗਤ ਐਸੋ: ਨੇ ਚੋਣ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਉਹਨਾਂ ਦਾ ਕਹਿਣਾ ਹੈ ਕਿ ਜੇਕਰ ਹਲਕੇ ਤੋਂ ਅਮਿਤਾਭ ਨੂੰ ਕਾਂਗਰਸ ਨੇ ਉਮੀਦਵਾਰ ਨੀਅਤ ਨਾ ਕੀਤਾ ਤਾਂ ਉਹ ਚੋਣ ਦਾ ਬਾਈਕਾਟ ਕਰਨਗੇ।

ਲੋਕਦਲ ਦੇ ਪ੍ਰਧਾਨ ਮਿ. ਬਹੁਗੁਣਾ ਵੀ ਉਮੀਦਵਾਰ ਹਨ ਪਰ ਜੇਕਰ ਅਪੋਜ਼ੀਸ਼ਨ ਪਾਰਟੀਆਂ ਨੇ ਮਿਲ ਕੇ ਚੋਣ ਲੜੀ ਤਾਂ ਉਹਨਾਂ ਨੂੰ ਵੀ ਪੀ ਸਿੰਘ ਦੇ ਹੱਕ ਵਿਚ ਬੈਠਣਾ ਪਵੇਗਾ।

VAISAKHI GREETINGS

To

Indo-Canadians

ਵਿਸਾਖੀ ਦੀ ਵਧਾਈ ਹੋਵੇ

Glen Clark M.L.A.
Vancouver East


Bob Williams M.L.A.
Vancouver East

BURNABY PROFESSIONAL DRIVING SCHOOL

LEARN TO DRIVE TRUCKS, BUSES & SEMI TRAILERS DEFENSIVELY "AT REASONABLE RATES"

ਟਰੱਕ, ਬੱਸਾਂ ਤੇ ਸੈਮੀ ਟਰੇਲਰ ਚਲਾਉਣੇ ਸਿਖੋ
ਪੰਜਾਬੀ ਤੇ ਹਿੰਦੀ ਵਿਚ ਵੀ ਦੱਸਿਆ ਜਾਂਦਾ ਹੈ





COMPLETE COURSES & HOURLY RENTALS FOR CLASS 1,2,3,4

GOVERNMENT CERTIFIED AIR BRAKE COURSES

ਏਅਰ ਬਰੇਕ ਲਾਇਸੰਸ ਤੇ ਪਹਿਲਾਂ ਲਾਇਸੰਸ ਲੈਣ ਲਈ ਬੋਲੀ ਦੀ ਮੱਦਦ ਵੀ ਕੀਤੀ ਜਾਂਦੀ ਹੈ

ਜੋਗਿੰਦਰਪਾਲ ਹਾਂਸ

LANGUAGE ASSISTANCE FOR LEARNERS & AIR BRAKE LICENSE

5284 STILL CREEK
FEES TAX DEDUCTIBLE

291-2255

BURNABY, B.C. V5C 4E6
DAY, EVENING OR WEEKENDS

PRACTICAL JOB TRAINING & EMPLOYMENT ASSISTANCE

ਲੇਖਕਾਂ ਦੇ ਕਤਲ ਦੀ ਨਿਖੇਧੀ

ਪਿਛਲੇ ਕਈ ਸਾਲਾਂ ਤੋਂ ਪੰਜਾਬ ਫਿਰਕਾਪ੍ਰਸਤੀ ਦੀ ਅੱਗ ਵਿਚ ਸੜ ਰਿਹਾ ਹੈ। ਇਸ ਅੱਗ ਕਾਰਨ ਪੰਜਾਬ ਆਰਥਿਕ, ਸਮਾਜਿਕ, ਸਭਿਆਚਾਰਕ, ਸਾਹਿਤਕ ਜਾਨੀਂ ਕਿ ਹਰ ਪੱਖੋਂ ਤਬਾਹ ਹੋ ਰਿਹਾ ਹੈ। ਪਿਛਲੇ ਦੋ ਹਫਤਿਆਂ ਵਿਚ ਤਰੱਕੀ ਪਸੰਦ ਕਵੀਆਂ ਪਾਸ਼ ਅਤੇ ਜੈਮਲ ਪੱਡਾ ਦੇ ਕਤਲ ਪੰਜਾਬ ਦੀ ਸਾਹਿਤਕ ਰੂਹ ਉਪਰ ਡੂੰਘੇ ਤੇ ਤਾਜ਼ੇ ਫੱਟ ਹਨ।

ਪਾਸ਼ ਸੱਠਵਿਆਂ ਦੇ ਅਖੀਰ ਵਿਚ ਪੰਜਾਬੀ ਕਵਿਤਾ ਦੇ ਪਿੜ ਵਿਚ ਉਭਰੀ ਜੁਝਾਰੂ ਕਵਿਤਾ ਦੇ ਮੋਢੀਆਂ ਵਿਚੋਂ ਇਕ ਸਨ। ਉਨ੍ਹਾਂ ਦੀ ਕਵਿਤਾ ਨੇ ਪੰਜਾਬੀ ਸ਼ਾਇਰੀ ਨੂੰ ਇਕ ਨਵਾਂ ਮੋੜ ਦਿੱਤਾ। ਅਠਾਰਾਂ ਉੱਨੀ ਸਾਲ ਦੀ ਉਮਰ ਵਿਚ ਛਪੀਆਂ ਉਨ੍ਹਾਂ ਦੀਆਂ ਕਵਿਤਾਵਾਂ ਨੇ ਲੋਕਾਂ ਦਾ ਧਿਆਨ ਆਪਣੀ ਵਲ ਖਿਚਿਆ। ਉਨ੍ਹਾਂ ਦੀ ਕਵਿਤਾ ਵਿਚ ਸਾਧਾਰਣ, ਗਰੀਬ ਅਤੇ ਮਜ਼ਲੂਮ ਲੋਕਾਂ ਦੀ ਜ਼ਿੰਦਗੀ ਦਾ ਗਹਿਰਾ ਅਤੇ ਸ਼ਿੱਦਤ ਭਰਪੂਰ ਵਰਨਣ ਸੀ। ਕਵਿਤਾ ਦੇ ਇਸ ਗੁਣ ਕਰਕੇ ਉਹ ਜੁਝਾਰੂ ਕਵਿਤਾ ਦੀ ਲਹਿਰ ਵਿਚ ਇਕ ਸਿਰਕੱਢ ਕਵੀ ਵਜੋਂ ਜਾਣੇ ਜਾਂਦੇ ਰਹੇ ਹਨ।

ਕਵੀ ਜੈਮਲ ਪੱਡਾ ਨੇ ਵੀ ਸਾਧਾਰਣ ਲੋਕਾਂ ਦੇ ਦੁੱਖਾਂ ਸੁੱਖਾਂ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ। ਇਸ ਸਮੇਂ 'ਹਰਾਵਲ ਦਸਤਾ' ਨਾਂ ਦੇ ਪੇਪਰ ਦੇ ਸੰਪਾਦਕ ਸਨ। ਇਸ ਪੇਪਰ ਰਾਹੀਂ ਉਨ੍ਹਾਂ ਨੇ ਫਿਰਕਾਪ੍ਰਸਤਾਂ ਅਤੇ ਸਰਕਾਰ ਦੀਆਂ ਕਾਰਵਾਈਆਂ ਦਾ ਡਟ ਕੇ ਵਿਰੋਧ ਕੀਤਾ।

ਫਿਰਕਾਪ੍ਰਸਤ ਦਹਿਸ਼ਤਗਰਦਾਂ ਵਲੋਂ ਇਨ੍ਹਾਂ ਕਵੀਆਂ ਦੇ ਕਤਲਾਂ ਕਾਰਨ ਪੰਜਾਬੀ ਸਾਹਿਤ ਵਿਚ ਇਕ ਨਾਂ ਪੂਰਨਯੋਗ ਘਾਟਾ ਪਿਆ ਹੈ। ਵੈਂਨਕੂਵਰ ਸੱਥ ਇਨ੍ਹਾਂ ਦੋਹਾਂ ਲੋਕ ਕਵੀਆਂ ਨੂੰ ਸ਼ਰਧਾਂਜਲੀ ਭੇਂਟ ਕਰਦੀ ਹੈ ਅਤੇ ਪੰਜਾਬੀ ਸਾਹਿਤਕ ਜਗਤ ਨਾਲ ਦੁੱਖ ਸਾਂਝਾ ਕਰਦੀ ਹੈ। ਵੈਨਕੂਵਰ ਸੱਥ ਇਹ ਸਮਝਦੀ ਹੈ ਕਿ ਇਨ੍ਹਾਂ ਕਤਲਾਂ ਦੀ ਜਿੰਨੀ ਜ਼ਿੰਮੇਂਵਾਰੀ ਫਿਰਕਾਪ੍ਰਸਤ ਦਹਿਸ਼ਤਗਰਦਾਂ ਦੇ ਸਿਰ ਹੈ (ਜਿੰਨ੍ਹਾਂ ਰਾਹੀਂ ਇਹ ਕਤਲ ਹੋਏ) ਉਨੀ ਹੀ ਜ਼ਿਮੇਂਵਾਰੀ ਹਿੰਦੁਸਤਾਨ ਦੀ ਸਰਕਾਰ ਉਪਰ ਹੈ ਜੋ ਪੰਜਾਬ ਵਿਚ ਅਜਿਹੇ ਵਾਤਾਵਰਣ ਲਈ ਜ਼ਿੰਮੇਂਵਾਰ ਹੈ ਜਿਸ ਰਾਹੀਂ ਫਿਰਕਾਪ੍ਰਸਤ ਦਹਿਸ਼ਤਗਰਦਾਂ ਦੀਆਂ ਕਾਰਵਾਈਆਂ ਨੂੰ ਆਧਾਰ ਮਿਲਦਾ ਹੈ। ਵੈਨਕੂਵਰ ਸੱਥ ਇਨ੍ਹਾਂ ਕਤਲਾਂ ਲਈ ਜ਼ਿਮੇਂਵਾਰ ਦੋਹਾਂ ਧਿਰਾਂ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ।

ਵੈਨਕੂਵਰ ਸੱਥ

ਪੁਲਸ ਅਤਿਵਾਦੀਆਂ ਤੋਂ ਪੈਸੇ ਲੈ ਕੇ ਕਤਲ ਕਰਵਾਉਂਦੀ ਹੈ

ਜਲੰਧਰ — ਸੀ ਪੀ ਐਮ ਦੇ ਐਕਟਿੰਗ ਸਕੱਤਰ ਗੁਰਚਰਨ ਸਿੰਘ ਰੰਧਾਵਾ ਨੇ ਪਿੰਡ ਬੁਲਾਰ ਵਿਚ ਸੀ ਪੀ ਐਮ ਦੇ ਉਹਨਾਂ ਦੋ ਸਾਥੀਆਂ ਸੂਰਤਾ ਸਿੰਘ ਨੰਬਰਦਾਰ ਅਤੇ ਮਲਾਗਰ ਸਿੰਘ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਿਹਨਾਂ ਨੂੰ ਪਿਛਲੇ ਦਿਨੀਂ ਦਹਿਸ਼ਤਪਸੰਦਾਂ ਨੇ ਗੋਲੀਆਂ ਮਾਰ ਕੇ ਸ਼ਹੀਦ ਅਤੇ ਜ਼ਖਮੀ ਕੀਤਾ ਸੀ। ਉਹਨਾ ਬੁਲੰਦ ਆਵਾਜ਼ ਵਿਚ ਕਿਹਾ ਕਿ ਇਸ ਤਰ੍ਹਾਂ ਕਮਿਊਨਿਸਟ ਜਾਬਰ ਜ਼ਾਲਮਾਂ ਵਿਰੁਧ ਬੋਲਣਾ ਬੰਦ ਨਹੀਂ ਕਰਨਗੇ ਉਹਨਾਂ ਪ੍ਰੈਸ ਨੂੰ ਦੱਸਿਆ ਕਿ ਥਾਣਾ ਚੌਕ ਮਹਿਤਾ, ਬਿਆਸ, ਵੈਰੋਵਾਲ ਜੰਡਿਆਲਾ ਆਦਿ ਵਿਚ ਹਥਿਆਰਬੰਦ ਅਤਿਵਾਦੀ ਖੁੱਲੇ ਫਿਰਦੇ ਹਨ। ਪੁਲਸ ਉਹਨਾਂ ਵਿਰੁਧ ਕੋਈ ਕਾਰਵਾਈ ਨਹੀਂ ਕਰਦੀ ਅਤੇ ਡਰਦੀ ਹੈ। ਜਦੋਂ ਕਿ ਸੀ ਆਰ ਪੀ ਵਾਲੇ ਸੂਰਜ ਛਿਪਣ ਤੋਂ ਬਾਅਦ ਆਪਣੀਆਂ ਚੌਕੀਆਂ ਵਿਚ ਚਲੇ ਜਾਂਦੇ ਹਨ। ਇਸ ਤਰ੍ਹਾਂ ਰਾਤ ਸਮੇਂ ਦਹਿਸ਼ਤਗਰਦ ਮਰਜ਼ੀ ਨਾਲ ਘੁੰਮਦੇ ਹਨ ਅਤੇ ਕਤਲ ਕਰਦੇ ਹਨ। ਆਮ ਲੋਕੀਂ ਹੁਣ ਦੋਸ਼ ਲਾਉਂਦੇ ਹਨ ਕਿ ਪੁਲਸ ਵਾਲੇ ਦਹਿਸ਼ਤਗਰਦਾਂ ਤੋਂ ਵੀ ਅਤੇ ਆਮ ਲੋਕਾਂ ਤੋਂ ਵੀ ਪੈਸੇ ਲੈਂਦੀ ਹੈ।

ਸਾਥੀ ਰੰਧਾਵਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਥਾਣਾ ਮਹਿਤਾ ਦੇ ਐਸ ਐਚ ਓ ਅਤੇ ਡੀ ਐਸ ਪੀ ਜੰਡਿਆਲੇ ਨੂੰ ਤੁਰੰਤ ਬਦਲਿਆ ਜਾਵੇ।

ਔਲੀਵਰ ਵਿਚ ਔਰਚਰਡ ਸੇਲ ਉਤੇ

ਔਲੀਵਰ ਵਿਚ 10.78 ਏਕੜ ਦਾ ਔਰਚਰਡ ਵਿਕਾਊ ਹੈ ਜਿਸ ਵਿਚ ਐਪਲ, ਐਪਰੀਕੋਟ, ਪੀਚਜ਼, ਚੈਰੀਜ਼ ਤੇ ਪਲੱਮਜ਼ ਦੇ ਰਲਵੇਂ ਮਿਲਵੇਂ ਫਰੂਟ ਹਨ। ਔਰਚਰਡ ਵਿਚ ਇਕ ਘਰ, ਗਰਾਜ, ਕੂਲਰ ਅਤੇ ਸਾਰੀ ਮਸ਼ੀਨਰੀ ਹੈ।

ਔਰਚਰਡ ਬਹੁਤ ਚੰਗੀ ਜ਼ਮੀਨ ਵਿਚ ਹੈ।

ਕੀਮਤ ਕੇਵਲ $1,95,000

ਵਧੇਰੇ ਜਾਣਕਾਰੀ ਲਈ ਫ਼ੋਨ ਕਰੋ :
(604) 498-3191

ਡੈਲਟੇ ਸਰੀ ਦੇ ਪੰਜਾਬੀ ਬਜ਼ਾਰ ਵਿੱਚ

ਜੈਸੀ ਫੈਬਰਿਕਸ

ਸਾਰਿਆਂ ਨੂੰ ਵਿਸਾਖੀ ਦੀਆਂ

ਸ਼ੁਭ ਇਛਾਵਾਂ



ਸਟੋਰ ਵਿਚ ਪਏ ਕੱਪੜਿਆਂ ਦੀਆਂ ਕੀਮਤਾਂ ਐਨੀਆਂ ਘਟਾ ਦਿਤੀਆਂ ਕਿ ਤੁਸੀਂ ਹੈਰਾਨ ਹੋ ਜਾਵੋਗੇ। ਥੋਕ ਦੇ ਭਾਅ ਤੋਂ ਵੀ ਘੱਟ।

ਵਿਆਹ ਸ਼ਾਦੀ ਅਤੇ ਇੰਡੀਆ ਜਾਣ ਵਾਲਿਆਂ ਲਈ ਸੁਨਿਹਰੀ ਮੌਕਾ

ਰੈਡੀਮੇਡ ਸੂਟਾਂ ਵਿਚ ਪ੍ਰਿੰਟਿਡ ਸਿਲਕ ਦੇ ਰੈਡੀਮੇਡ ਸੂਟ, ਜੈਪੁਰੀ ਸਟਾਈਲ ਰੈਡੀਮੇਡ ਸੂਟ, ਸਿਲਕ ਦੇ ਕਢਾਈ ਵਾਲੇ ਸੂਟ, ਕੌਟਨ ਦੇ ਕਢਾਈ ਵਾਲੇ ਸੂਟ ਪਹੁੰਚ ਗਏ। ਕੀਮਤਾਂ ਬਹੁਤ ਹੀ ਘੱਟ ਕਰ ਦਿੱਤੀਆਂ ਹਨ।

ਇੰਡੀਆ ਤੋਂ ਨਵੇਂ ਨਵੇਂ ਡਿਜ਼ਾਈਨਾਂ ਵਿਚ ਸਿਲਕ ਦੇ ਕਢਾਈ ਵਾਲੇ ਸੂਟ, ਕਰੇਪ ਡਿਸ਼ੀਨ ਦੇ ਕਢਾਈ ਵਾਲੇ ਸੂਟ ਪਹੁੰਚ ਗਏ ਹਨ, ਜਿਨ੍ਹਾਂ ਵਿਚ ਨਵੇਂ ਨਵੇਂ ਡਿਜ਼ਾਈਨ ਹਨ।

ਵਧੀਆ ਕੁਆਲਿਟੀ ਤੇ ਵਾਜ਼ਬ ਕੀਮਤਾਂ ਲਈ - ਜੈਸੀ ਫੈਬਰਿਕਸ



JESSIE FABRICS



UNIT # 2 - 9305-120th. ST. (SCOTT RD.) DELTA-SURREY, B.C.

PH. (604) 585-3656

ਪੰਜਾਬੀ ਲੇਖਕ ਮੰਚ ਵੈਨਕੂਵਰ ਵਲੋਂ

ਲੋਕ-ਕਵੀ ਪਾਸ਼ ਦੇ ਕਤਲ ਦੀ ਨਿਖੇਧੀ

26 ਮਾਰਚ 1988 — ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਅਜ ਇਕ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿਚ ਪੰਜਾਬੀ ਕਵੀ (ਅਵਤਾਰ ਸਿੰਘ) ਪਾਸ਼ ਦੇ ਦਹਿਸ਼ਤਗਰਦਾਂ ਹੱਥੋਂ ਕਤਲ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਹਾਜ਼ਰ ਲੇਖਕਾਂ ਨੇ ਪਾਸ਼ ਦੀ ਮੌਤ ਉਤੇ ਡੂੰਘਾ ਦੁੱਖ ਪ੍ਰਗਟ ਕਰਦੇ ਹੋਏ ਸਰਬ ਸੰਮਤੀ ਨਾਲ ਇਕ ਮਤਾ ਪਾਸ ਕੀਤਾ ਜਿਸ ਵਿਚ ਪੰਜਾਬੀ ਸਾਹਿਤਕਾਰਾਂ ਨੂੰ ਸੱਦਾ ਦਿੱਤਾ ਗਿਆ ਕਿ ਉਹ ਫਿਰਕੂ ਵੱਖਵਾਦੀ ਜਨੂੰਨੀ ਤਾਕਤਾਂ ਦੇ ਵਿਰੁੱਧ ਲਾਮਬੰਦ ਹੋਣ। ਪਾਸ਼ ਨੂੰ ਸਾਡੀ ਸੱਚੀ ਸ਼ਰਧਾਂਜਲੀ ਇਹ ਹੋਵੇਗੀ ਕਿ ਅਸੀਂ ਦੱਬੇ ਕੁਚਲੇ ਲੋਕਾਂ ਦੇ ਹੱਕਾਂ ਲਈ ਲਿਖੀਏ ਅਤੇ ਭਾਰਤ ਦੇ ਟੋਟੇ ਕਰਨ ਵਾਲੀਆਂ ਤਾਕਤਾਂ ਦਾ ਡਟਕੇ ਵਿਰੋਧ ਕਰੀਏ।

'ਪਾਸ਼' ਅਮਰੀਕਾ ਵਿਚ ਰਹਿੰਦਿਆਂ ਐਂਟੀ-47 ਫਰੰਟ ਦੇ ਮੋਹਰੀਆਂ ਵਿਚੋਂ ਸੀ ਜਿਨ੍ਹਾਂ ਬਦੇਸ਼ੀ ਖਾਲਿਸਤਾਨੀ ਅਨਸਰਾਂ ਦਾ ਡਟ ਕੇ ਮੁਕਾਬਲਾ ਕੀਤਾ। ਪਾਸ਼ ਦਾ ਕਤਲ ਹਰ ਲੇਖਕ ਲਈ ਇਕ ਵੰਗਾਰ ਹੈ। ਲਿਖਣ ਬੋਲਣ ਦੇ ਬੁਨਿਆਦੀ ਹੱਕਾਂ ਉਤੇ ਬੁਜ਼ਦਿਲਾਨਾ ਹਮਲਾ ਹੈ। ਪੰਜਾਬੀ ਲੇਖਕ ਮੰਚ ਵੈਨਕੂਵਰ ਸਰਕਾਰ ਤੋਂ ਮੰਗ ਕਰਦਾ ਹੈ ਕਿ ਉਹ 'ਪਾਸ਼' ਦੇ ਕਾਤਲਾਂ ਨੂੰ ਛੇਤੀ ਤੋਂ ਛੇਤੀ ਗਰਿਫ਼ਤਾਰ ਕਰੇ। ਮੰਚ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਹੋਰ ਸਾਹਿਤਕ ਜਥੇਬੰਦੀਆਂ ਨੂੰ ਪੁਰਜ਼ੋਰ ਅਪੀਲ ਕਰਦਾ ਹੈ ਕਿ ਉਹ ਵੀ ਸਰਕਾਰ ਉਤੇ ਜਥੇਬੰਦਕ ਦਬਾ ਪਾਉਣ ਅਤੇ ਪਾਸ਼ ਦੇ ਕਾਤਲਾਂ ਨੂੰ ਸਜ਼ਾ ਦਿਵਾਣ।

ਪੰਜਾਬ ਵਿਚ ਦਹਿਸ਼ਤਗਰਦੀ ਭਾਰਤ ਦੀ ਕੇਂਦਰੀ ਸਰਕਾਰ ਵਲੋਂ ਹੀ ਪੈਦਾ ਕੀਤੀ ਗਈ ਹੈ ਅਤੇ ਇਹ ਚੋਣਾਂ ਦੀ ਸਿਆਸਤ ਦੀ ਦੇਣ ਹੈ। ਸਰਕਾਰੀ ਤੇ ਗੈਰ-ਸਰਕਾਰੀ ਦਹਿਸ਼ਤਗਰਦੀ ਇਕ ਦੂਜੇ ਦੇ ਹਮਾਇਤੀ ਹਨ ਤੇ ਕੇਂਦਰੀ ਸਰਕਾਰ ਦੀ ਚੋਣ-ਨੀਤੀ ਦੇ ਹੱਕ ਵਿਚ ਅਤੇ ਸਮੁੱਚੇ ਪੰਜਾਬੀ ਲੋਕਾਂ ਦੇ ਵਿਰੁੱਧ ਭੁਗਤਦੇ ਹਨ। ਏਸੇ ਕਾਰਨ ਪੰਜਾਬ ਦੇ ਲੋਕ ਦੋਹਾਂ ਧਿਰਾਂ ਦੇ ਜ਼ੁਲਮ ਦਾ ਸ਼ਿਕਾਰ ਹੋ ਰਹੇ ਹਨ।

ਪੰਜਾਬੀ ਦੇ ਕੁਝ ਜਾਣੇ ਪਛਾਣੇ ਲੇਖਕਾਂ ਵਲੋਂ ਦਹਿਸ਼ਤਗਰਦਾਂ ਦੀ ਹਮਾਇਤ ਨੇ ਵੀ ਅਗਾਂਹਵਧੂ ਲੇਖਕਾਂ ਉਤੇ ਹਮਲਿਆਂ ਨੂੰ ਸ਼ਹਿ ਦਿੱਤੀ ਹੈ। ਅਜਿਹੀ ਹਿਮਾਇਤ ਇਨ੍ਹਾਂ ਲੇਖਕਾਂ ਦੀ ਉਲਾਰ ਸੋਚ ਤੇ ਮੌਕਾਪ੍ਰਸਤੀ ਦਾ ਨੰਗਾ ਨਾਚ ਹੈ। ਪੰਜਾਬੀ ਲੇਖਕ ਮੰਚ ਵੈਨਕੂਵਰ ਅਜਿਹੇ ਉਲਟਬਾਜ਼ਾਂ ਦੀ ਵੀ ਨਿਖੇਧੀ ਕਰਦਾ ਹੈ।

ਪਾਸ਼ ਬਾਰੇ ਰੇਡੀਓ ਪ੍ਰੋਗਰਾਮ

23 ਮਾਰਚ 1988 ਨੂੰ ਸਪਤਾਹਿਕ ਰੇਡਓ ਪ੍ਰੋਗਰਾਮ, ਸਮੇਂ ਦੀ ਆਵਾਜ਼, ਵਿਚ ਪਾਸ਼ ਬਾਰੇ ਇਕ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿਚ ਚਰਨਪਾਲ ਗਿੱਲ, ਹਰਸ਼ਰਨ ਗਿੱਲ (ਤੀਦੋ) ਅਤੇ ਅਜਮੇਰ ਰੋਡੇ ਨੇ ਭਾਗ ਲਿਆ। ਇਹ ਪ੍ਰੋਗਰਾਮ ਵੈਨਕੂਵਰ ਦੇ ਕੋ-ਆਪ ਰੇਡੀਓ FM 102.7 ਤੋਂ ਪ੍ਰਸਾਰਤ ਕੀਤਾ ਗਿਆ। ਹੇਠਾਂ ਅਸੀਂ ਉਸ ਪ੍ਰੋਗਰਾਮ ਉਤੇ ਆਧਾਰਤ ਕੁਝ ਅੰਸ਼ ਪੇਸ਼ ਕਰ ਰਹੇ ਹਾਂ।

— ਸੰਪਾਦਕ

ਚਰਨਪਾਲ ਗਿੱਲ : ਅੱਜ 23 ਮਾਰਚ ਦਾ ਇਤਿਹਾਸਕ ਦਿਨ ਹੈ। ਅੱਜ ਦੇ ਦਿਨ ਹੀ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਅੰਗਰੇਜ਼ ਸਾਮਰਾਜ ਵਲੋਂ ਸ਼ਹੀਦ ਕੀਤਾ ਗਿਆ ਸੀ। ਅੱਜ 57 ਸਾਲ ਪਿਛੋਂ ਉਸੇ ਦਿਨ ਪੰਜਾਬੀ ਦੇ ਪ੍ਰਸਿਧ ਲੋਕ ਕਵੀ ਅਵਤਾਰ ਸਿੰਘ ਪਾਸ਼ ਨੂੰ ਦਹਿਸ਼ਤਗਰਦਾਂ ਨੇ ਸ਼ਹੀਦ ਕਰ ਦਿੱਤਾ। ਦਹਿਸ਼ਤਗਰਦਾਂ ਹੱਥੋਂ ਸੈਂਕੜੇ ਬੇਦੋਸ਼ੇ ਲੋਕ, ਬੱਚੇ, ਬਜ਼ੁਰਗ ਕਤਲ ਹੋ ਚੁਕੇ ਹਨ — ਇਤਿਹਾਸ ਗਵਾਹ ਹੈ ਕਿ ਜ਼ੁਲਮ ਕਰਨ ਵਾਲੇ ਦਾ ਆਖਿਰ ਆਪਣਾ ਖਾਤਮਾ ਹੋ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਨੀਂਹਾਂ 'ਚ ਚਿਨਣ ਪਿਛੋਂ ਔਰੰਗਜ਼ੇਬ ਦਾ ਰਾਜ ਖੇਰੂੰ ਖੇਰੂੰ ਹੋ ਗਿਆ। ਜੋ ਅੱਜ ਪੰਜਾਬ ਵਿਚ ਜ਼ੁਲਮ ਕਰ ਰਹੇ ਹਨ ਅਸੀਂ ਉਹਨਾਂ ਨੂੰ ਇਨਸਾਨ ਨਹੀਂ ਹੈਵਾਨ ਹੀ ਕਹਿ ਸਕਦੇ ਹਾਂ। ਦਹਿਸ਼ਤਗਰਦੀ ਨੇ ਪੰਜਾਬ ਦੀ ਕੇਵਲ ਆਰਥਿਕ ਹਾਲਤ ਨੂੰ ਹੀ ਸੱਟ ਨਹੀਂ ਮਾਰੀ ਸਗੋਂ ਸਭਿਆਚਾਰਕ ਅਤੇ ਰੂਹਾਨੀ ਪੱਖਾਂ ਨੂੰ ਵੀ ਬੁਰੀ ਤਰ੍ਹਾਂ ਜ਼ਖਮੀ ਕੀਤਾ ਹੈ।

ਹਰਸ਼ਰਨ ਗਿੱਲ (ਕੈਲੇਫੋਰਨੀਆ ਤੋਂ ਫੋਨ ਰਾਹੀਂ) : ਪਾਸ਼ ਦੇ ਤੁਰ ਜਾਣ ਨਾਲ ਹਰ ਥਾਂ ਸੋਗ ਦੀ ਲਹਿਰ ਦੌੜ ਗਈ ਹੈ। ਉਸ ਦਾ ਜਨਮ ਸਤੰਬਰ 1950 ਵਿਚ ਹੋਇਆ ਅਤੇ ਉਹ ਅਜੇ 37, 38 ਸਾਲਾਂ ਦਾ ਹੀ ਸੀ। ਉਹ ਆਪਣੀ ਸ਼ਹਾਦਤ ਨਾਲ, ਭਗਤ ਸਿੰਘ ਅਤੇ ਸਰਾਭੇ ਵਰਗੇ ਹੋਰ ਸ਼ਹੀਦਾਂ ਨਾਲ ਜਾ ਰਲਿਆ ਹੈ। ਪਾਸ਼ ਦੇ ਆਦਰਸ਼ ਵੀ ਉਹਨਾਂ ਸ਼ਹੀਦਾਂ ਵਰਗੇ ਹੀ ਸਨ। ਸਾਨੂੰ ਸਾਰਿਆਂ ਨੂੰ ਦਹਿਸ਼ਤਗਰਦਾਂ ਦੀ ਵਿਰੋਧਤਾ ਡਟ ਕੇ ਕਰਨੀ ਚਾਹੀਦੀ ਹੈ। ਸਾਨੂੰ ਸਾਰਿਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਦਹਿਸ਼ਤਗਰਦ ਕਿਸੇ ਸਿੱਖੀ ਦੇ ਅਸੂਲਾਂ ਤੇ ਨਹੀਂ ਚਲਦੇ, ਸਾਨੂੰ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਦਹਿਸ਼ਤਗਰਦ ਕਿਨ੍ਹਾਂ ਦੇ ਹਿਤ ਪੂਰਦੇ ਹਨ : ਭਾਰਤ ਸਰਕਾਰ ਦਾ ਅਤੇ ਦਹਿਸ਼ਤਗਰਦਾਂ ਦਾ ਰਾਹ ਇਕੋ ਹੈ। ਸਾਨੂੰ ਪਾਸ਼ ਦੇ ਵਿਛੋੜੇ ਦਾ ਬਹੁਤ ਦੁਖ ਹੈ ਪਰ ਹੁਣ ਸਾਨੂੰ ਇਸ ਦੁਖ ਨੂੰ ਰੋਹ ਵਿਚ ਬਦਲ ਲੈਣਾ ਚਾਹੀਦਾ ਹੈ ਅਤੇ ਅਜਿਹੇ ਦਹਿਸ਼ਤਗਰਦ ਅਨਸਰਾਂ ਦਾ ਡਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ — ਜਿਨ੍ਹਾਂ ਤੋਂ ਸਾਰੇ ਅਗਾਂਹਵਧੂ ਲੇਖਕਾਂ ਅਤੇ ਚਿੰਤਕਾਂ ਨੂੰ ਖਤਰਾ ਪੈਦਾ ਹੋ ਗਿਆ ਹੈ।

ਅਜਮੇਰ ਰੋਡੇ : ਮੈਂ ਪਾਸ਼ ਬਾਰੇ ਕੁਝ ਕਹਿਣ ਤੋਂ ਪਹਿਲਾਂ ਉਸਦੀ ਇਕ ਨਜ਼ਮ ਪੜ੍ਹਦਾ ਹਾਂ। ਇਸ ਨਜ਼ਮ ਦਾ ਨਾਂ ਹੈ ਅੰਤਿਕਾ ਅਤੇ ਇਹ ਉਸਦੀ ਸਭ ਤੋਂ ਪਹਿਲੀ ਪੁਸਤਕ "ਲੋਕ ਕਥਾ" ਦੇ ਅੰਤ ਉਤੇ ਛਪੀ ਹੈ। ਹੁਣ ਜਾਪਦਾ ਹੈ ਇਹ ਕਵਿਤਾ ਪਾਸ਼ ਦੀ ਜ਼ਿੰਦਗੀ ਦੀ ਪੁਸਤਕ ਵਿਚ ਅੰਤਲੀ ਕਵਿਤਾ ਹੈ :

ਅੰਤਿਕਾ
"
... .
ਆਹ ਲਓ ਸਾਡਾ ਜਫਰਨਾਮਾ
ਸਾਡੇ ਹਿੱਸੇ ਦੀ ਕਟਾਰ ਸਾਨੂੰ ਦੇਵੋ
ਸਾਡਾ ਪੇਟ ਹਾਜ਼ਰ ਹੈ"

ਸੱਚਮੁੱਚ ਹੀ ਪਾਸ਼ ਨੇ ਆਪਣਾ ਪੇਟ ਸਟੇਨਗੰਨ ਦੀਆਂ ਗੋਲੀਆਂ ਅੱਗੇ ਹਾਜ਼ਰ ਕਰ ਦਿੱਤਾ ਪਰ ਬੇਇਨਸਾਫੀ ਅਤੇ ਜ਼ੁਲਮ ਦੇ ਵਿਰੁਧ ਆਪਣੇ ਕਿਸੇ ਅਸੂਲ ਨਾਲ ਸਮਝੌਤਾ ਨਹੀਂ ਕੀਤਾ। ਏਸੇ ਲਈ ਹੀ ਉਸਦੀ ਮੌਤ ਉਤੇ ਅਜ ਵਿਸ਼ਵ ਭਰ ਦੇ ਪੰਜਾਬੀ ਲੋਕ ਅੱਥਰੂ ਵਹਾ ਰਹੇ ਹਨ। ਪਾਸ਼ ਦਾ ਘਾਟਾ ਪੰਜਾਬੀ ਸਾਹਿਤ ਲਈ ਕਦੇ ਨਾ ਪੂਰਾ ਹੋ ਸਕਣ ਵਾਲਾ ਘਾਟਾ ਹੈ।

ਪਾਸ਼ ਦੇ ਜਵਾਨੀ ਚੜ੍ਹਨ ਸਮੇਂ ਪੰਜਾਬ ਵਿਚ ਇਨਕਲਾਬੀ ਲਹਿਰ (ਨਕਸਲਬਾੜੀ) ਨੇ ਵੀ ਜ਼ੋਰ ਫੜਿਆ। ਅਨੇਕਾਂ ਨੌਜਵਾਨ ਪੰਜਾਬੀ ਲੇਖਕ ਇਸ ਦੇ ਪ੍ਰਭਾਵ ਥੱਲੇ ਆਏ ਅਤੇ ਉਹਨਾਂ ਨੇ ਕ੍ਰਾਂਤੀਕਾਰੀ ਜਾਂ ਜੁਝਾਰੂ ਸਾਹਿਤਕ ਰਚਨਾਵਾਂ ਕੀਤੀਆਂ। ਵਿਸ਼ੇਸ਼ ਕਰਕੇ ਕਵਿਤਾ ਦੀ ਬਹੁਤ ਭਰਪੂਰ ਰਚਨਾ ਹੋਈ। ਇਸ ਕਵਿਤਾ ਵਿਚ ਸੱਜਰਾਪਨ ਸੀ, ਨਵਾਂ ਮੁਹਾਵਰਾ ਸੀ ਅਤੇ ਨਵੇਂ ਬਿੰਬ ਅਤੇ ਨਵੀਂ ਸ਼ਬਦਾਵਲੀ ਵੀ। ਧਰਤੀ, ਮਿੱਟੀ, ਲੋਹਾ ਵਰਗੇ, ਹੋਰ ਅਨੇਕਾਂ ਸ਼ਬਦ ਇਸ ਕਵਿਤਾ ਨੂੰ ਇਕ ਵੱਖਰਾ ਰੰਗ ਦਿੰਦੇ ਹਨ। ਇਸ ਤਰ੍ਹਾਂ ਇਕ ਕਵਿਤਾ ਨੇ ਸਮੁੱਚੀ ਪੰਜਾਬੀ ਕਵਿਤਾ ਦੀ ਪਰੰਪਰਾ ਨੂੰ ਇਕ ਮੋੜ ਦਿੱਤਾ।

ਪਾਸ਼ ਜਿਹਨਾਂ ਸਾਰੇ ਕਵੀਆਂ ਵਿਚੋਂ ਸ਼੍ਰੋਮਣੀ ਸੀ। ਉਸਦੀ 18 ਸਾਲਾਂ ਦੀ ਉਮਰ ਵਿਚ ਲਿਖੀ ਪਹਿਲੀ ਪੁਸਤਕ "ਲੋਕ ਕਥਾ" ਨੇ ਪੰਜਾਬੀ ਕਵਿਤਾ ਵਿਚ ਨਰੋਈ ਚਰਚਾ ਛੇੜੀ। ਉਸਦੇ ਨਿਕਟਵਰਤੀ ਦੋਸਤ ਅਤੇ ਕਵੀ ਅਮਰਜੀਤ ਚੰਦਨ ਅਨੁਸਾਰ 90% ਇਨਕਲਾਬੀ ਕਵੀਆਂ ਨੇ ਪਾਸ਼ ਦੀ ਕਵਿਤਾ ਦਾ ਪ੍ਰਭਾਵ ਗ੍ਰਹਿਣ ਕੀਤਾ। ਪਰ ਜਿਥੇ ਆਪ ਇਨਕਲਾਬੀ ਕਵੀਆਂ ਦੀ ਕਵਿਤਾ ਦਾ ਸੁਰ ਬਹੁਤ ਉਚਾ ਸੀ — ਪਾਸ਼ ਦੀ ਕਵਿਤਾ ਵਿਚ ਡੂੰਘਾਈ ਸੀ ਅਤੇ ਮਿਥਹਾਸਿਕ ਹਵਾਲਿਆਂ ਦੀ ਭਰਪੂਰਤਾ। ਇਨਕਲਾਬੀ ਲਹਿਰ ਦੇ ਉਤਮ ਪਿਛੋਂ ਉਸ ਦੀ ਕਵਿਤਾ ਵਿਚ ਹੋਰ ਵੀ ਗੰਭੀਰਤਾ ਅਤੇ ਡੂੰਘਾਈ ਆ ਗਈ। ਹੁਣ ਤੱਕ ਉਸਦੀਆਂ ਕਵਿਤਾ ਦੀਆਂ ਤਿੰਨ ਪੁਸਤਕਾਂ ਛਪੀਆਂ ਹਨ : "ਲੋਕ ਕਥਾ", "ਉਡਦੇ ਬਾਜਾਂ ਮਗਰ" ਅਤੇ "ਸਾਡੇ ਸਮਿਆਂ ਵਿਚ"। ਇਹਨਾਂ ਪੁਸਤਕਾਂ ਵਿਚ ਕਿਨੀਆਂ ਹੀ ਅਜਿਹੀਆਂ ਨਜ਼ਮਾਂ ਹਨ ਜਿਨ੍ਹਾਂ ਦੇ ਤੁਲ ਸਮੁਚੀ ਪੰਜਾਬੀ ਵਿਚ ਨਜ਼ਮਾਂ ਲੱਭਣੀਆਂ ਮੁਸ਼ਕਿਲ ਹਨ।

ਪਾਸ਼ ਨਾਲ ਮੇਰੀ ਅੰਤਲੀ ਮੁਲਾਕਾਤ ਲੰਡਨ, ਇੰਗਲੈਂਡ ਵਿਚ, ਮਈ 1986 ਵਿਚ ਹੋਈ। ਅਸੀਂ ਤਿੰਨ ਚਾਰ ਦਿਨ ਇਕੱਠੇ ਰਹੇ ਅਤੇ ਰਾਤਾਂ ਵੀ ਇਕੱਠਿਆਂ ਗੁਜ਼ਾਰੀਆਂ। ਇਕ ਫਰੈਂਚ ਡਰਾਮਾ ਵੀ ਵੇਖਿਆ ਅਤੇ ਕਵਿਤਾ ਬਾਰੇ ਬਹੁਤ ਗੱਲਾਂ ਕੀਤੀਆਂ। ਪਿਛਲੇ ਸਾਲਾਂ ਵਿਚ ਪਾਸ਼ ਦੀ ਜਾਨ ਨੂੰ ਨਿਰੰਤਰ ਖਤਰਾ ਰਿਹਾ ਹੈ — ਉਸ ਨੇ ਪਿਛਲੇ ਸਾਲਾਂ ਵਿਚ ਕੁਝ ਨਹੀਂ ਲਿਖਿਆ ਸੀ। ਉਹ ਇਕ ਸੰਪੂਰਨ ਸ਼ੈਲੀ ਦੀ ਤਲਾਸ਼ ਵਿਚ ਸੀ। ਹੁਣ ਉਸ ਵਿਚ ਸਿਰਜਣਾਤਮਿਕ ਸ਼ਕਤੀ ਮੁੜ ਲਿਖਣ ਲਈ ਅੰਗੜਾਈਆਂ ਲੈ ਰਹੀ ਸੀ। ਉਸ ਦੀ ਸੋਚ ਵਿਚ ਹੁਣ ਬਹੁਤ ਪਰਪੱਕਤਾ ਅਤੇ ਡੂੰਘਾਈ ਆ ਚੁਕੀ ਸੀ। ਹੁਣ ਉਹ ਫੇਰ ਲਿਖਣ ਲਈ ਤਿਆਰ ਸੀ। ਉਸਨੇ ਬਹੁਤ ਅਤੇ ਬਹੁਤ ਵਧੀਆ ਲਿਖਣਾ ਸੀ। ਪਾਸ਼ ਸਹਿਜੇ ਹੀ ਮਹਾਨ ਕਵੀ ਬਣਨ ਦੀ ਸਮਰੱਥਾ ਰਖਦਾ ਸੀ।

ਇਸੇ ਕਾਰਨ ਸਾਨੂੰ ਉਸਦੇ ਵਿਛੋੜੇ ਉਤੇ ਗਹਿਰਾ ਸਦਮਾ ਹੋਇਆ ਹੈ। ਆਓ ਉਸਦੀਆਂ ਕੁਝ ਨਜ਼ਮਾਂ ਪੜ੍ਹ ਕੇ ਉਸ ਨੂੰ ਸ਼ਰਧਾਂਜਲੀ ਪੇਸ਼ ਕਰੀਏ।

ਕਿਟੀਮੈਟ ਸਿੱਖ ਸੁਸਾਇਟੀ ਦੇ ਨਵੇਂ ਸੇਵਾਦਾਰਾਂ ਦੀ ਚੋਣ

ਕਿਟੀਮੈਟ ਸਿੱਖ ਸੁਸਾਇਟੀ ਦੇ ਨਵੇਂ ਸੇਵਾਦਾਰ ਜੋ ਕਿ ਸਾਧ ਸੰਗਤ ਦੀ ਸਰਬ ਸੰਮਤੀ ਨਾਲ ਚੁਣੇ ਗਏ ਹਨ। ਉਨ੍ਹਾਂ ਦੇ ਨਾਵਾਂ ਦੀ ਲਿਸਟ ਇਸ ਪ੍ਰਕਾਰ ਹੈ :

ਪ੍ਰਧਾਨ — ਇਕਬਾਲ ਸਿੰਘ ਸੰਧੂ
ਮੀਤ ਪ੍ਰਧਾਨ — ਰਛਪਾਲ ਸਿੰਘ ਸੰਘੇੜਾ
ਜਨਰਲ ਸੈਕਟਰੀ — ਜਗਦੇਵ ਸਿੰਘ ਸਹੋਤਾ
ਸਹਾਇਕ ਸੈਕਟਰੀ — ਪ੍ਰਮਿੰਦਰ ਸਿੰਘ ਸਿੱਧੂ
ਖਜ਼ਾਨਚੀ — ਅਮਰੀਕ ਸਿੰਘ ਧਾਲੀਵਾਲ
ਮੀਤ ਖਜ਼ਾਨਚੀ — ਸਤਨਾਮ ਸਿੰਘ ਸੰਘਾ
ਪਬਲਿਕ ਰੀਲੇਸ਼ਨ — ਦੇਵਿੰਦਰ ਸਿੰਘ ਵਿਰਕ
ਮੈਂਬਰ — ਸਤਿੰਦਰਪਾਲ ਸਿੰਘ ਗਿੱਲ, ਮਹਿੰਦਰਪਾਲ ਸਿੰਘ ਛੀਨਾਂ।

• ਕੀ ਪਰਲੋਅ ਵਿਚ ਰਹਿਣ ਵਾਲੀਆਂ ਰੂਹਾਂ ਮਨੁੱਖ ਨਾਲ ਦੁੱਖ ਦਰਦਾਂ ਕਾਰਨ ਈਰਖਾ ਨਹੀਂ ਕਰਦੀਆਂ।

ਬੰਬੇ ਸਵੀਟਸ ਮੈਨੂਫੈਕਚਰਰ ਇਨਕ
ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!
BOMBAY SWEETS MANUFACTURER INC.
6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722
CONTACT:
NARESH SHUKLA & BROS.
$2.50 / ਪੌਂਡ ਵਾਲੀਆਂ ਜਲੇਬੀਆਂ $1.49
$2.50 / ਪੌਂਡ ਵਾਲੇ ਲੱਡੂ $1.75

KLM KLM KLM KLM KLM KLM KLM KLM
■ ਸਪੈਸ਼ਲ ■ ■ ਸਪੈਸ਼ਲ ■ ■ ਸਪੈਸ਼ਲ ■
GABA TRAVELS (1982) LTD.
6612 MAIN ST., VANCOUVER, B.C. V5X 3H2
ਤੁਹਾਡੀ ਸਹੂਲਤ ਵਾਸਤੇ ਹੁਣ ਮੋਗੇ ਵੀ ਦਫਤਰ ਖੋਲ੍ਹ ਦਿੱਤਾ ਹੈ।
Tel. (604) 324-3336
ਗੁਰੂ ਨਾਨਕ ਟਰੈਵਲ
ਨਿਊ ਸੋਢੀ ਨਗਰ, ਮੋਗਾ,
ਫੋਨ 2161, 35 32



KLM
AUTHORIZED AGENTS FOR AIR INDIA
AND NOW WE ARE AUTHORISED
K.L.M.
(ROYAL DUTCH AIRLINES)
TOLL FREE NO.
B. C. & ALBERTA
1—800 663 6696
SPECIAL FARE TO: Delhi, Karachi, Colombo, Singapore, London, Amsterdam
ਦਿੱਲੀ, ਕਰਾਚੀ, ਕੋਲੰਬੋ, ਸਿੰਘਾਪੁਰ, ਲੰਡਨ ਤੇ Amsterdam ਲਈ ਸਪੈਸ਼ਲ ਕਿਰਾਏ
ASSOCIATED OFFICES IN INDIA:
GABA TRAVELS (Opposit Friends Theatre) JALLANDHAR CITY TEL. 74597
GABA TRAVELS V.P.O. NURMAHAL JALLANDHAR TEL. 49
GABA TRAVELS NEW DELHI
KLM KLM KLM KLM KLM KLM KLM KLM

TRU FOODS

ਟਰੂ ਫੂਡਜ਼

ਸੇਲ!

SALE!

10053 - 136A St. Surrey, B.C.

Ph. (604) 584-7011

VAISAKHI GREETINGS

Manh Whole ਮਾਂਹ ਸਾਬਤ **49¢** lb.	**Moongi Whole** ਸਾਬਤ ਮੂੰਗੀ **49¢** lb.	**Chana Dal** ਛੋਲਿਆਂ ਦੀ ਦਾਲ **49¢** lb.	**Chick Peas** ਕਾਬਲੀ ਛੋਲੇ **49¢** lb.
Peas Flour ਮਟਰਾਂ ਦਾ ਆਟਾ **1.99** 2 kg.	**Chana Flour** ਬੇਸਣ **2.75** 2 kg.	**Chana Flour** ਬੇਸਣ bag **5.99** 10 lb.	**Corn Flour** ਮੱਕੀ ਦਾ ਆਟਾ **7.49** 20 lb. bag
Assors Agarbati ਅਗਰਬੱਤੀ 2 for **99¢**	**Sevian** ਸੇਵੀਆਂ **79¢** pkt.	**Fresh Chicken Legs** **On Special**	**Fresh Bread** ਤਾਜ਼ੀ ਬਰੈੱਡ **75¢** 683 grm Loaf
Vegetabl Oil ਵੈਜੀਟੇਬਲ ਤੇਲ **2.99** 3 lit	**Royal Tissues** ਰੋਇਲ ਟਿਸ਼ੂ **65¢** Pkt.	**Frozen Samosa** ਫਰੋਜਨ ਸਮੋਸੇ 3 for **$1.00**	ਆਪਣੂੰ ਗਾਰਡਨ ਲਈ ਬੱਡਾਂ, ਟਿੰਡਿਆਂ, ਬਤਾਊਂ ਅਤੇ ਮੂਲੀਆਂ ਦੇ ਬੀਜ ਮਿਲ ਸਕਦੇ ਹਨ

ਟਰੂ ਫੂਡਜ਼ ਵਲੋਂ ਵਿਆਹ ਅਤੇ ਅਖੰਡਪਾਠ ਦੀ ਗਰੌਸਰੀ ਤੇ ਖਾਸ ਡਿਸਕਾਊਂਟ ਦਿੱਤਾ
ਜਾਂਦਾ ਹੈ ਸਾਫ ਸੁਥਰੀ ਗਰੌਸਰੀ ਦਾ ਭੰਡਾਰ ਟਰੂ ਫੂਡਜ਼

ਟਰੂ ਫੂਡਜ਼ ਤੇ ਆਪ ਨੂੰ ਸੱਤੇ ਦਿਨ ਤਾਜ਼ਾ ਸਬਜ਼ੀਆਂ, ਮੀਟ, ਪਨੀਰ, ਆਂਡੇ, ਬਰੈੱਡ, ਮਠਿਆਈਆਂ
ਨਮਕੀਨ ਮਿਲ ਸਕਦਾ ਹੈ।

ਦੇਖਣ ਲਈ ਹਿੰਦੀ, ਪੰਜਾਬੀ ਦੀਆਂ ਵੀਡੀਓ ਫਿਲਮਾਂ ਅਤੇ ਸੁਣਨ ਲਈ
ਗੀਤਾਂ ਦੀਆਂ ਭਰੀਆਂ ਹੋਈਆਂ ਟੇਪਾਂ ਮਿਲਦੀਆਂ ਹਨ

ਸਿੱਖ—ਰਾਜਨੀਤੀ

ਮੇਹਰ ਸਿੰਘ ਸੰਧੂ, ਵੈਨਕੂਵਰ

ਸਿੱਖ ਦਾ ਭਾਵ ਸਿਖਣ ਵਾਲਾ, ਸ਼ਿਸ਼ ਜਾਂ ਸ਼ਗਿਰਦ ਤੋਂ ਹੈ। ਜੋ ਗੁਰੂ ਦੀ ਸਿਖਿਆ ਦਾ ਪਾਲਣ ਕਰਦਾ ਹੈ, ਉਸ ਨੂੰ ਗੁਰਸਿਖ ਕਹੀ ਦਾ ਹੈ।

ਗੁਰਸਿਖੀ ਦਾ ਆਦਰਸ਼ ਪਰਮਾਤਮਾ ਨਾਲ ਮਿਲਾਪ ਹੈ — ਮਲਾਪ ਇਸ ਲਈ ਕਿ ਜਨਮ ਮਰਨ ਦੇ ਦੁੱਖਾਂ ਤੋਂ ਨਿਜਾਤ ਹੋ ਸਕੇ।

ਕੋਈ ਕਰਮ ਜੋ ਪਰਮਾਤਮਾ ਦੇ ਮਿਲਾਪ ਅਥਵਾ ਜਨਮ-ਮਰਨ ਤੋਂ ਰਹਿਣ ਹੋਣ ਲਈ ਸਹਾਈ ਹੋ ਸਕੇ ਉਹ ਪੁੰਨ ਹੈ। ਜੋ ਸਹਾਈ ਨਾ ਹੁੰਦਾ ਹੋਵੇ ਉਹ ਫੋਕਟ ਕਰਮ ਹੈ ਅਤੇ ਜੋ ਅੜਚਨ ਪਾਉਂਦਾ ਹੋਵੇ ਉਹ ਪਾਪ ਹੈ। ਗੁਰਸਿੱਖ ਲਈ ਰਾਜ-ਭਾਗ ਪ੍ਰਾਪਤ ਕਰਨਾ ਉਚਿਤ ਹੈ ਕਿ ਨਹੀਂ, ਇਹ ਵੀ ਇਸੇ ਕਸਵੱਟੀ (ਗੁਰੂ ਗ੍ਰੰਥ ਸਾਹਿਬ) ਉਤੇ ਪਰੀਖਿਆ ਜਾਣਾ ਹੈ।

ਜੇ ਰਾਜ-ਭਾਗ ਜਨਮ-ਮਰਨ ਤੋਂ ਛੁਟਕਾਰੇ ਲਈ ਸਹਾਈ ਹੋਵੇ ਤਾਂ ਸਿੱਖ ਨੂੰ ਰਾਜ-ਨੀਤੀ ਵਿਚ ਜ਼ਰੂਰ ਪੈਣਾ ਚਾਹੀਦਾ ਹੈ ਜੇ ਇਹ ਰੁਕਾਵਟ ਬਣੇ ਤਾਂ ਪਾਪ ਜਾਣ ਕੇ ਇਸ ਦੇ ਨੇੜੇ ਵੀ ਨਹੀਂ ਜਾਣਾ ਚਾਹੀਦਾ —

ਕਰਤਾ ਇਕ ਹੈ ਪਰ ਉਸ ਨੇ ਪੰਧ ਦੋ ਬਣਾਏ ਹਨ। ਇਕ ਪੰਧ ਹੈ ਗੁਰੂ ਦੇ ਦੱਸੇ ਰਾਹ ਉਤੇ ਚਲਣਾ, ਜਿਸ ਨੂੰ ਪ੍ਰਮਾਰਥ ਕਿਹਾ ਜਾਂਦਾ ਹੈ। ਦੂਸਰਾ ਹੈ ਆਪਣੇ ਮਨ ਦੇ ਕਹੇ ਅਨੁਸਾਰ ਟੁਰਨ ਦਾ। ਪਹਿਲਾ ਗੁਰਮੁਖਾਂ ਦਾ ਰਾਹ ਹੈ ਅਤੇ ਦੂਸਰਾ ਮਨ-ਮੁਖਾਂ ਦਾ। ਇਹ ਦੋਵੇਂ ਇਕ ਦੂਸਰੇ ਦੇ ਉਲਟ ਰਸਤੇ ਹਨ। ਇਹਨਾਂ ਦਾ ਆਪਸ ਵਿਚ ਬਹੁਤਾ ਮੇਲ ਨਹੀਂ।

ਇਕੋ ਵਕਤ ਦੋਵਾਂ ਰਸਤਿਆਂ ਉਤੇ ਚਲਿਆ ਨਹੀਂ ਜਾ ਸਕਦਾ। ਦੋ ਬੇੜੀਆਂ ਵਿਚ ਪੈਰ ਰੱਖਿਆਂ ਨ ਤਾਂ ਦੀਨ ਦੀ ਪ੍ਰਾਪਤੀ ਹੋ ਸਕਦੀ ਹੈ ਅਤੇ ਨ ਹੀ ਦੁਨੀਆਂ ਜੋਗੇ ਰਹਿ ਜਾਈਦਾ ਹੈ।

ਇਕ ਕਰਤਾ ਹੀ ਸਤਿ ਹੈ। ਬਾਕੀ ਸਭ ਕੁਝ ਅਸਤਿ ਹੈ। ਮਾਇਆ ਹੈ, ਭਰਮ ਭੁਲੇਖਾ ਹੈ। ਮਾਇਆ ਅਨੇਕ ਰੂਪ ਧਾਰਦੀ ਹੈ। ਕਈ ਚਲਿਤ੍ਰ ਕਰਦੀ ਹੈ, ਜਿਨ੍ਹਾਂ ਵਿਚੋਂ ਰਾਜ-ਭਾਗ ਚਾਹੁਣਾ ਵੀ ਇਕ ਚਲਿਤ੍ਰ ਹੈ।

ਮਾਇਆ ਦੇ ਤਿੰਨ ਗੁਣ ਹਨ — ਸਤੋ, ਰਜੋ ਤੇ ਤਮੋ। ਤਿੰਨਾਂ ਗੁਣਾਂ ਵਿਚ ਕੀਤਾ ਕੋਈ ਕਰਮ ਵੀ ਮਰਨ-ਜੀਵਨ ਦੇ ਚੱਕਰ ਤੋਂ ਕੱਢ ਨਹੀਂ ਸਕਦਾ।

ਰਾਜਨੀਤੀ ਤਿੰਨਾਂ ਗੁਣਾਂ ਵਾਲੀ ਮਾਇਆ ਹੀ ਹੈ। ਗੁਰਬਾਣੀ ਵਿਚ ਤਿੰਨਾਂ ਗੁਣਾਂ ਵਾਲੀ ਮਾਇਆ ਨੂੰ ਪਰਵਾਣ ਨਹੀਂ ਕੀਤਾ ਗਿਆ। ਗੁਰਮਤ ਚੌਥੇ ਪਦ, ਜਿਸ ਨੂੰ ਤੁਰੀਆ ਜਾਂ ਸਹਿਜ ਅਵਸਥਾ ਵੀ ਕਹਿੰਦੇ ਹਨ, ਦਾ ਉਪਦੇਸ਼ ਦਿੰਦੀ ਹੈ। ਸਿਰਫ ਚੌਥੇ ਪਦ ਵਿਚ ਕੀਤੇ ਕਰਮ ਅਗੋਂ ਲਈ ਸੰਸਕਾਰ ਨਹੀਂ ਬਣਾਉਂਦੇ ਤੇ ਜਨਮ-ਮਰਨ ਤੋਂ ਰਹਿਤ ਕਰ ਸਕਦੇ ਹਨ।

ਸਿੱਖ ਨੂੰ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਦਾ ਹੁਕਮ ਹੈ। ਗੁਰਬਾਣੀ ਅਨਸਰ ਦੌਲਤ ਪਾਪਾਂ ਤੋਂ ਬਿਨਾਂ ਇਕੱਠੀ ਨਹੀਂ ਹੋ ਸਕਦੀ। ਇਸੇ ਕਰਕੇ ਰਾਜ-ਭਾਗ ਅਤੇ ਮਾਇਆ ਦੇ ਹੋਰ ਭੁਲਾਵਿਆਂ ਤੋਂ ਸਿੱਖ ਖਬਰਦਾਰ ਰਹਿੰਦਾ ਹੈ। ਜੋ ਕਰਤੇ ਨੇ ਦਿੱਤਾ ਹੋਵੇ ਉਸ ਨੂੰ ਵੀ ਉਹ ਵੰਡ ਛਕਦਾ ਹੈ। ਜੋ ਮਾਇਆ ਵਿਚ ਚਿੱਤ ਲਾਉਂਦੇ ਹਨ, ਗੁਰਮਤਿ ਅਨੁਸਾਰ, ਉਹ ਮਾਇਆ-ਧਾਰੀ ਹਨ, ਸਾਕਤ ਹਨ। ਸਾਕਤਾਂ ਨੂੰ ਗੁਰੂ ਘਰ ਵਿਚ ਕੋਈ ਜਗ੍ਹਾ ਨਹੀਂ। ਜ਼ਮਾਨੇ ਸਾਜ਼ਾਂ ਵਾਲੀ ਰਾਜਨੀਤੀ ਕਰਨ ਵਾਲੇ ਅਰ ਸਾਕਤ ਵਿਚ ਬਹੁਤਾ ਫਰਕ ਨਹੀਂ।

ਜੀਵਨ ਲਈ ਮਾਇਆ ਜ਼ਰੂਰੀ ਹੈ ਪਰ ਸਵਾਦਾਂ ਤੇ ਚਸਕੇ ਲੈਣ ਲਈ ਨਹੀਂ। ਗੁਰਬਾਣੀ ਦੇ ਮੁਤਾਬਿਕ ਜ਼ਿੰਦਗੀ ਵਿਚ ਸਾਰਾ ਪੁਆੜਾ ਮਾਇਆ ਦਾ ਹੈ। ਉਸ ਨੇ ਮਨੁੱਖ ਨੂੰ ਕੈਦ ਕੀਤਾ ਹੋਇਆ ਹੈ ਅਤੇ ਉਹ ਮਨੁੱਖ ਦੀ ਸਫਲਤਾ ਦੇ ਰਾਹ ਵਿਚ ਰੋੜਾ ਹੈ। ਗੁਰਬਾਣੀ ਮਾਇਆ ਨੂੰ ਬਦੀ, ਬਦੀ ਦਾ ਸੋਮਾ ਕਰਾਰ ਦੇਂਦੀ ਹੈ। ਬਦੀ ਇਸ ਵਾਸਤੇ ਹੈ ਕਿਉਂਕਿ ਇਹ ਮਨੁੱਖ ਦਾ ਬੰਧਨ ਹੈ, ਗੁਲਾਮੀ ਹੈ, ਬੰਧਨ ਹੋਣ ਕਰਕੇ ਬਦੀ ਹੈ। ਮਾਇਆ ਲਾਜ਼ਮੀ ਹੈ ਪਰ ਬਤੌਰ ਮਨੁੱਖ ਦੀ ਆਜ਼ਦੀ ਦੇ ਵਸੀਲੇ ਦੇ, ਮਨੁੱਖ ਦੀ ਦਾਸੀ ਦੇ। ਮਾਇਆ ਮਨੋਰਥ ਬਣ ਜਾਂਦੀ ਹੈ। ਦਾਸੀ ਮਾਲਕ ਬਣ ਬੈਠਦੀ ਹੈ ਅਤੇ ਮਨੁੱਖ ਨੂੰ ਆਪਣਾ ਦਾਸ ਤੇ ਵਸੀਲਾ ਬਣਾ ਲੈਂਦੀ ਹੈ। ਮਾਇਆ ਸਿਰਫ ਸੱਚ ਦੀ ਹੀ ਵਿਰੋਧਨ ਨਹੀਂ, ਉਹ ਪਿਆਰ ਦੀ ਵੈਰਨ ਤੇ ਇਨਸਾਨੀਅਤ ਦੀ ਦੁਸ਼ਮਣ ਵੀ ਹੈ। ਮਾਇਆ ਦੀ ਯੋਗ ਵਰਤੋਂ ਤੋਂ ਮਨਾਹੀ ਨਹੀਂ ਪਰ ਇਸ ਵਿਚ ਖਚਿਤ ਹੋਣਾ ਪਾਪ ਹੈ। ਸਾਧਾਰਨ ਤੌਰ ਉਤੇ ਰਾਜ਼-ਭਾਗ ਮਾਨਣ ਕਰ ਕੇ ਮਨੁੱਖ ਵਿਚ ਸਾਰੀਆਂ ਕਮਜ਼ੋਰੀਆਂ ਆ ਜਾਂਦੀਆਂ ਹਨ।

ਬਹੁਤ ਕਰਕੇ ਰਾਜ-ਭਾਗ, ਦੁਨਿਆਵੀ ਵਡਿਆਈਆਂ, ਤਾਕਤ ਤੇ ਰੁਪਿਆ ਪੈਸਾ ਪਰਮਾਤਮਾ ਨੂੰ ਭੁਲਾਉਣ ਦਾ ਕਾਰਨ ਬਣਦੇ ਹਨ। ਜੇ ਇਨ੍ਹਾਂ ਨੂੰ ਕਰਤੇ ਦੀ ਮਿਹਰ-ਬਖਸ਼ਿਸ਼ ਮੰਨਿਆ ਜਾਵੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਲਕ ਭਾਗੋ ਦੇ ਘਰ ਉਤਾਰਾ ਕਰਨ ਅਤੇ ਉਸ ਦਾ ਭੰਡਾਰ ਪ੍ਰਵਾਨ ਕਰਨੋ ਸੰਕੋਚ ਕਿਉਂ ਕੀਤਾ?

ਰਾਜ-ਭਾਗ, ਠਾਠ-ਬਾਠ, ਸਰਦਾਰੀਆਂ ਆਦਿ ਦੀ ਖਾਹਿਸ਼ ਮਨੁੱਖੀ ਕਮਜ਼ੋਰੀ ਹੈ। ਇਹ ਸਭ ਕੁਝ ਪਰਮਾਤਮਾ ਨੂੰ ਅਨੁਭਵ ਕਰ ਸਕਣ ਵਿਚ ਰੁਕਾਵਟ ਹੈ। ਰਾਜ਼ ਰੰਗ, ਅਮੀਰੀਆਂ, ਹਕੂਮਤ ਤੇ ਤਾਕਤ ਵਡਿਆਂ ਵਡਿਆਂ ਦੇ ਸਿਰ ਫੇਰ ਦਿੰਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾ ਤਾਂ ਆਪ ਰਾਜਨੀਤੀ ਕਮਾਈ ਅਤੇ ਨਾ ਹੀ ਪੰਥ ਨੂੰ ਇਸ ਦੀ ਆਗਿਆ ਦਿੱਤੀ। ਰਾਜਨੀਤੀ ਹਮੇਸ਼ਾ ਦੇਸ਼ ਜਾਂ ਪ੍ਰਾਂਤ ਹਿਤ ਵਿਚ ਹੁੰਦੀ ਹੈ। ਮਹਾਂ ਪੁਰਸ਼ ਤਾਂ ਸਾਰੇ ਜਗਤ ਦੇ ਸ਼ਹਿਰੀ ਹੁੰਦੇ ਹਨ। ਬ੍ਰਹਮ ਗਿਆਨੀ ਕਿਸੇ ਹੱਦ ਅੰਦਰ ਨਹੀਂ ਹੁੰਦਾ। ਸਾਰੀ ਸ੍ਰਿਸ਼ਟੀ ਉਸ ਦਾ ਦੇਸ਼ ਹੈ। ਉਹ ਸਾਰੇ ਜਗਤ ਦਾ ਵਾਸੀ ਹੈ। ਦਸਮੇਸ਼ ਜੀ ਨੇ ਆਪਣਾ ਸਭ ਕੁਝ ਹੋਰਨਾਂ ਲਈ ਕੁਰਬਾਨ ਕੀਤਾ। ਉਹ ਕਰਮ-ਰਹਿਤ ਸਨ। ਉਨ੍ਹਾਂ ਦੇ ਕਰਮ ਰਾਜਨੀਤੀ ਨਹੀਂ, ਪਰਉਪਕਾਰੀ ਸਨ। ਰਾਜਨੀਤੀ ਕੁਝ ਲੈਣ ਲਈ ਕਰੀਦੀ ਹੈ, ਪਰਉਪਕਾਰ ਵਿਚ ਦੇਈਦਾ ਹੈ।

ਗੁਰਬਾਣੀ ਵਿਚ ਆਏ ਸ਼ਬਦ 'ਰਾਜ-ਜੋਗ' ਤੋਂ ਕਈ ਵਾਰੀ ਦੁਨੀਆਂ ਦੇ ਰਾਜ ਦਾ ਭਾਵ ਲਿਆ ਜਾਂਦਾ ਹੈ। ਇਹ ਗਲਤੀ ਹੈ, ਗੁਰਬਾਣੀ ਨੂੰ ਨਾ ਸਮਝਣਾ ਹੈ। ਰਾਜ-ਜੋਗ ਤੋਂ ਭਾਵ ਦੁਨੀਆਂ ਵਿਚ ਰਹਿੰਦੇ ਤੇ ਗ੍ਰਹਿਸਤ ਕਮਾਉਂਦੇ, ਨਾਮ ਦੀ ਕਮਾਈ ਕਰਨੀ ਹੈ ਤੇ ਪਰਮਾਤਮਾ ਨਾਲ ਮਿਲਾਪ ਪ੍ਰਾਪਤ ਕਰਨਾ ਹੈ। ਰਾਜ-ਜੋਗ ਤੋਂ ਭਾਵ ਉਸ ਜੋਗ ਤੋਂ ਹੈ ਜੋ ਗੁਰੂ ਸਾਹਿਬਾਨ ਨੇ ਕਮਾਇਆ ਤੇ ਜਿਸ ਦਾ ਜਗਤ ਨੂੰ ਉਪਦੇਸ਼ ਦਿੱਤਾ। ਜੇ ਰਾਜ-ਜੋਗ ਤੋਂ ਸੰਸਾਰਕ ਰਾਜ ਦਾ ਭਾਵ ਲਿਆ ਜਾਵੇ ਤਾਂ ਗੁਰੂ ਸਾਹਿਬਾਨ ਦੀ ਕਥਨੀ ਅਤੇ ਕਰਨੀ ਵਿਚ ਫਰਕ ਪੈਂਦਾ ਹੈ।

ਧਾਰਮਿਕ ਸੁਤੰਤਰਤਾ, ਰਾਜਸੀ ਸੁਤੰਤਰਤਾ ਦੇ ਅਧੀਨ ਨਹੀਂ, ਸਗੋਂ ਰਾਜਸੀ ਸੁਤੰਤਰਤਾ ਧਾਰਮਿਕ ਸੁਤੰਤਰਤਾ ਕਰਕੇ ਹੁੰਦੀ ਹੈ। ਧਰਮ ਦਾ ਕੰਮ ਹੈ ਰਾਹ ਦੱਸਣਾ। ਧਰਮ ਨੇ ਅੱਗੇ ਹੋ ਕੇ ਚਲਣਾ ਹੈ। ਜਦੋਂ ਧਰਮ ਅਗਵਾਈ ਕਰਦਾ ਹੈ ਤਾਂ "ਸਤਿ-ਜੁਗ" ਵਰਤਦਾ ਹੈ ਅਤੇ ਜਦ ਦੀਨ ਅਮਾਨ ਯਾਨੀ ਧਰਮ ਪਿਛੇ ਰਹਿ ਜਾਂਦਾ ਹੈ ਤਾਂ "ਕਲ-ਜੁਗ" ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਦੇਸ ਦੇਸਾਂਤਰਾਂ ਵਿਚ ਗਏ। ਹਿੰਦੂਆਂ ਦੇ ਤੀਰਥੀਂ ਪਹੁੰਚੇ। ਮੱਕੇ ਸ਼ਰੀਫ ਅੱਪੜੇ। ਕੀ ਇਹ ਦੁਨੀਆਂ ਨੂੰ ਰਾਜਨੀਤੀ ਸਿਖਾਣ ਲਈ ਸੀ? ਜਿਨ੍ਹਾਂ ਬਜ਼ੁਰਗਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ, ਉਨ੍ਹਾਂ ਵਿਚੋਂ ਕਿੰਨਿਆਂ ਨੇ ਰਾਜ ਕੀਤੇ ਸਨ?

ਸੰਤ ਬਾਬਾ ਅਤਰ ਸਿੰਘ ਜੀ, ਸੰਤ ਨੰਦ ਸਿੰਘ ਜੀ, ਸੰਤ ਜੈਮਲ ਸਿੰਘ ਜੀ ਜਾਂ ਕਿਸੇ ਹੋਰ ਕਮਾਈ ਵਾਲੇ ਮਹਾਂ ਪੁਰਸ਼ ਨੇ ਰਾਜਨੀਤੀ ਦੀ ਗੱਲ ਕਿਉਂ ਨਾ ਚੁੱਕੀ? ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਲਈ ਰਾਜਨੀਤੀ ਕਮਾਉਣ ਸਬੰਧੀ ਕੋਈ ਇਸ਼ਾਰਾ ਤੱਕ ਵੀ ਨਹੀਂ।

ਸ੍ਰੀ ਗੁਰੂ ਅਰਜਨ ਦੇਵ ਜੀ ਉਬਲਦੀਆਂ ਦੇਗਾਂ ਵਿਚ ਬੈਠੇ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਾਰੇ ਸਾਹਿਬਜ਼ਾਦੇ ਵਾਰੇ, ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਚਾਲੀ ਮੁਕਤਿਆਂ ਤੇ ਅਨੇਕ ਹੋਰਨਾਂ ਨੇ ਜੰਗ ਵਿਚ ਜਾਨਾਂ ਦਿੱਤੀਆਂ। ਸਿੱਖ ਚਰਖੜੀਆਂ ਤੇ ਚੜ੍ਹੇ, ਖੱਲਾਂ ਲੁਹਾਈਆਂ, ਖੋਪਰੀਆਂ ਉਤਰਵਾਈਆਂ, ਬੰਦ ਬੰਦ ਕਟਵਾਏ, ਮਾਂਵਾਂ ਨੇ ਆਪਣੇ ਬੱਚਿਆਂ ਦੇ ਟੁਕੜੇ ਝੋਲੀਆਂ ਵਿਚ ਪਵਾਏ। ਅਰਦਾਸ ਵਿਚ ਹੋਰ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਵੀ ਯਾਦ ਕੀਤਾ ਜਾਂਦਾ ਹੈ।

ਜੇ ਗੁਰੂ ਘਰ ਦਾ ਮੰਤਵ ਦੁਨੀਆਂ ਦਾ ਰਾਜ-ਭਾਗ ਹੀ ਸੀ ਤਾਂ ਇਹ ਸਭ ਕੁਝ ਕਿਸ ਅਰਥ ਲੱਗਾ?

ਦੋ ਸੌ ਸਾਲ ਦੇ ਅਰਸੇ ਵਿਚ ਮੁਗਲੀਆ ਸਲਤਨਤ ਵਿਚ ਕਈ ਉਤਰਾ ਚੜ੍ਹਾਅ ਆਏ। ਕੀ ਕਿਸੇ ਗੁਰੂ ਸਾਹਿਬ ਵਿਚ ਇਹ ਸ਼ਕਤੀ ਨਹੀਂ ਸੀ ਕਿ ਉਹ ਆਪਣੀ ਹਕੂਮਤ ਕਾਇਮ ਕਰ ਲੈਂਦੇ? ਰਾਜੇ, ਰਾਜ ਲਈ ਜੰਗ ਵਿਚ ਲੜਦੇ ਤੇ ਮਰਦੇ ਸੁਣੇ ਹਨ, ਪਰ ਇਸ ਰਾਜ ਲਈ ਕਦੀ ਕਿਸੇ ਨੇ ਆਪਣੀ ਸੰਤਾਨ ਨੂੰ ਜਾਣ ਬੁਝ ਕੇ ਕੁਰਬਾਨ ਨਹੀਂ ਹੋਣ ਦਿੱਤਾ। ਰਾਜ ਕਰਨਾ ਤਾਂ ਦਸਮੇਸ਼ ਜੀ ਦੇ ਘੋੜਿਆਂ ਦੀ ਲਿੱਦ ਚੁਕਣ ਵਾਲਿਆਂ ਨੂੰ ਵੀ ਪ੍ਰਵਾਨ ਨਹੀਂ ਸੀ। ਦਸਮੇਸ਼ ਜੀ ਦੀਆਂ ਕਰਨੀਆਂ ਨੂੰ ਰਾਜਨੀਤੀ ਕਹਿਣਾ ਆਪਣੀ ਬੇ-ਸਮਝੀ ਹੈ, ਮੂਰਖਤਾਈ ਹੈ, ਮਹਾਰਾਜ ਜੀ ਦੀ ਨਿਰਾਦਰੀ ਹੈ।

(ਚਲਦਾ)

ਨਜ਼ਮ/
ਕਦ ਹੋਸਣ ਦੂਰ ਹਨੇਰੇ

ਰਾਵਲ ਰਾਠ



ਰਾਤ ਹਨੇਰੀ ਦੇ ਵਿਚ ਲੁਟਿਆ
ਉਸ ਆਫ਼ਾਤ ਨੇ ਸਾਨੂੰ
ਲੁਟ ਕੇ ਟੋਟੇ ਟੋਟੇ ਕੀਤਾ
ਇਸੇ ਸੋਗਾਤ ਨੇ ਸਾਨੂੰ
ਅਜ ਹੂਕਾਂ ਭਰਦੀ ਮਾਂ
ਜੀਹਦੀ ਉਜੜੀ ਹਰ ਇਕ ਥਾਂ
ਅਜ ਚਾਦਰ ਮਾਂ ਤੋਂ ਯਾਰੋ
ਖੋਹ ਲਈ ਏ ਜਰਨੈਲਾਂ
ਅੱਜ ਚਾਦਰ ਚਕਲੇ ਵਾਲੀ
ਕਿਉਂ ਹਾਕਮ ਪਾਂਦੇ ਮਾਂ ਤੇ
ਕਿਥੇ ਟੁਰ ਗਿਆ ਬੁੱਲੇ ਸ਼ਾਹ
ਕਿਥੇ ਰਹਿ ਗਿਆ ਵਾਰਸ ਸ਼ਾਹ
ਕਿਥੇ ਰਹਿ ਗਿਆ ਮਾਧੋ ਲਾਲ
ਕਿਥੇ ਛਡੀਆਂ ਨੀ ਦਲਿਆ ਵਾਰਾਂ
ਕਿਥੇ ਗਿਆ ਗੁਆਚਿਆ ਭਗਤ
ਕਿਥੇ ਟੁਰ ਗਿਆ ਜੈਮਲ ਫੱਤਾ
ਕਿਉਂ ਥੀ ਗਈ ਮਾਂ ਅੱਜ ਬੁਢੜੀ
ਜਿਹਨੇ ਜੰਮੇ ਸਾਰੇ ਲਾਲ
ਕਿਉਂ ਯਾਰ ਖੜੀਚਿਆ ਨਾਨਕ
ਕਿਉਂ ਮੁਸਲਮ ਫੜੀ ਬੰਦੂਕ
ਕਿਉਂ ਗੁਰੂ ਭੁਲੇ ਚੇਲੇ
ਕਿਉਂ ਫੜੀਆਂ ਨੇ ਕਿਰਪਾਨਾਂ
ਉਠ ਜਾਗ ਪੰਜਾਬੀ ਖਾਨਾਂ
ਖੋਹ ਲੈ ਧਰਤੀ ਮਾਂ
ਜਿਥੇ ਰਾਜ ਨਾ ਹੋਵੇਗਾ
ਕਿਸੇ ਓਪਰੀ ਬੋਲੀ ਦਾ
ਜਿਥੇ ਮੁਸਲਿਮ ਖਾਲਿਸ ਕਠੇ
ਰਹਿ ਕੇ ਖੁਸ਼ੀਆਂ ਪਾਸਨ
ਇਸ ਸੰਸਾਰ ਦੇ ਨਕਸ਼ੇ ਤੇ
ਜਦ ਖਿੜਸੀ ਧਰਤੀ ਮਾਂ
ਫ਼ਿਰ ਫ਼ਖਰ ਕਰੇਸਨ ਸਾਰੇ
ਲਾਲਾਂ ਦੇ ਵੰਜਾਰੇ
ਇਹ ਮਜ਼ਦੂਰਾਂ ਦੀ ਧਰਤੀ
ਫ਼ਿਰ ਮਜ਼ਦੂਰਾਂ ਦਾ ਰਾਜ
ਹਾਲੀ ਹਾਕਮ ਸਾਰੇ
ਫ਼ਿਰ ਹੋਵਣਗੇ ਪੰਜਾਬੀ
ਫ਼ਿਰ ਕੁਲ ਜਹਾਨੀ ਰਲ ਕੇ
ਸਭ ਨਸਲ ਜ਼ਬਾਨਾਂ ਮਿਲ ਕੇ
ਢਾਂਸਾਂ ਉਚੇ ਕੋਠੇ
ਸਭ ਲੁਟ ਕੇ ਮਾਲ ਖਜ਼ਾਨੇ
ਫ਼ਿਰ ਭੰਨਸਾਂ ਤੈਨੂੰਸਾਰ
ਜਦ ਰਾਜ ਕਰੇਗਾ ਦੁਨੀਆਂ ਤੇ
ਹਰ ਧਰਤੀ ਮਾਂ ਦਾ ਪੂਰ
ਜਾਂ ਬਲਸਨ ਸਰਘੀ ਦੀਵੇ
ਤੱਦ ਹੋਸਣ ਦੂਰ ਹਨੇਰੇ।


● ਅਧਿਆਪਕ -(ਨਵੀਨ ਨੂੰ) ਇਹ ਦਸ ਕਿ ਇਕ ਕਿਲੋ ਰੂੰ ਵਿਚ ਜ਼ਿਆਦਾ ਭਾਰ ਹੈ ਕਿ ਇਕ ਕਿਲੋ ਲੋਹੇ ਵਿਚ।

ਨਵੀਨ - ਇਕ ਕਿਲੋ ਲੋਹੇ ਵਿਚ।

ਅਧਿਆਪਕ - ਓਏ ਮੂਰਖਾ! ਭਾਰ ਤਾਂ ਦੋਹਾਂ ਵਿਚ ਹੀ ਬਰਾਬਰ ਹੋਵੇਗਾ।

ਨਵੀਨ - ਇੰਝ ਨਹੀਂ ਮਾਸਟਰ ਜੀ। ਤੁਸੀਂ ਬਾਹਰ ਖਲੋ ਜਾਓ ਮੈਂ ਛੱਤ ਤੇ ਖੜਾ ਹੋ ਕੇ ਪਹਿਲਾਂ ਤੁਹਾਡੇ ਉਪਰ ਰੂੰ ਸੁਟਾਂਗਾ ਅਤੇ ਫਿਰ ਲੋਹਾ। ਜੇ ਤੁਹਾਨੂੰ ਦੋਵਾਂ ਵਾਰੀ ਸੱਟ ਬਰਾਬਰ ਵੱਜੇ ਤਾਂ ਦੋਹਾਂ ਦਾ ਭਾਰ ਇਕੋ ਜਿੰਨਾ ਹੋਵੇਗਾ।

Non-smokers pay less for insurance.



Mohindar Singh Gill

MOHINDAR SINGH GILL
B. Comm., M.B.A.,C.G.A.
Life Underwriter

Ph. Off. 430-0455
Ph. Res. 433-1684

Suite 1206,
4330 Kingsway,
urnaby, B.C.

SunLife OF CANADA

Get your life in shape.

MORTGAGE MONEY?

High mortgage amounts available on conventional basis
No insurance fees!
Purchasing or re-financing

Bad credit rating? Turn Down?

NO PROBLEM
Residential, Commercial, Motels & Interim financing.
1st & 2nd Mortgages

1 & 2nd Mortgage up to 85-90%

AFRO-CANADIAN MORTGAGE LTD.
8 YEARS EXPERIENCE
SHERALI VELJI
Monday to Friday 9.30 to 5.30
Saturday 11-4

Ph. 433-6391
Ste. 300-3665 Kingsway Vancouver, B.C
Res: 433-7975

VAISAKHI GREETINGS

ਸਿਰ.ਫ ਹੋਲ ਸੇਲ !

ਹਰ ਕਿਸਮ ਦੇ ਮਸਾਲੇ, ਦਾਲਾਂ, ਬੀਨਜ਼, ਤੇਲ, ਚੌਲ, ਆਚਾਰ, ਸਟੇਨਲੈਸ ਸਟੀਲ ਦੇ ਬਰਤਨ, ਗੱਲ ਕੀ ਤੁਹਾਡੇ ਸਟੋਰ ਲਈ ਜੋ ਵੀ ਚੀਜ਼ ਚਾਹੀਦੀ ਹੈ, ਉਹ ਸਾਡੇ ਕੋਲੋਂ ਮਿਲਦੀ ਹੈ

ਯਾਦ ਰੱਖੋ

ਏਸ਼ੀਅਨ ਸਪਾਈਸਜ਼, ਇਨਕ.

ਇੰਮਪੋਰਟਰਜ਼, ਹੋਲਸੇਲਰਜ਼, ਡਿਸਟਰੀਬਿਊਟਰਜ਼ ਐਂਡ ਮਿਲਰਜ਼

8550 - ਫਰੇਜ਼ਰ ਸਟਰੀਟ, ਵੈਨਕੂਵਰ, ਬੀ. ਸੀ.

ਫ਼ੋਨ : 604-325-9030 TLX: 04-51411 A/B ASIANSPICE VCR

ਪੰਜਾਬੀ ਭਰਾਵਾਂ ਲਈ ਖੁਸ਼ਖਬਰੀ!

ਬਿਲਕੁਲ ਤਾਜ਼ਾ ਪੀਠਾ ਛੋਲਿਆਂ ਦਾ ਆਟਾ ਤੁਹਾਨੂੰ ਹਰ ਚੰਗੇ ਭਾਰਤੀ ਸਟੋਰ ਵਿਚੋਂ ਮਿਲਦਾ ਹੈ

ਹਮੇਸ਼ਾ 100% ਖਾਲਸ ਛੋਲਿਆਂ ਦਾ ਆਟਾ ਨੈਟਕੋ ਬਰਾਂਡ ਵਰਤੋ

NATCO



CHANA FLOUR

2 kg (4.4 lb.)

NATCO FOODS INC.

VANCOUVER, B.C.

FINEST PRODUCT OF CANADA

100% PURE

ਤਾਜ਼ਾ ਅਤੇ ਵਧੀਆ ਆਟਾ ਨੈਟਕੋ ਫੂਡਜ਼ ਇਨਕ. ਵੈਨਕੂਵਰ ਦਾ ਬਣਾਇਆ ਹੋਇਆ ਹੈ

ਇਕ ਖਬਰ ਇਕ ਦਿਨ

23 ਮਾਰਚ 1988 ; ਸੁਭਾ 6 ਵਜੇ ਦਾ ਸਮਾਂ

ਫੋਨ ਦੀ ਘੰਟੀ :

(ਬਿਸਤਰ 'ਚੋਂ ਹਥ ਵਧਾ ਕੇ ਫੋਨ ਚੁਕਿਆ ; ਬੋਲਣ ਵਾਲੇ ਨੇ ਕੋਈ ਹਾਲਚਾਲ ਨਾ ਪੁੱਛਿਆ, ਨ ਹੀ ਆਪਣਾ ਨਾਮ ਦੱਸਿਆ)

"ਪਾਸ਼ ਨੂੰ ਚੱਕ ਕੇ ਲੈਗੇ" ....

"ਹੈ ਤੁਹਾਡੀ ! ਬਹੁਤ ਮਾੜੀ ਖਬਰ ਐ ਇਹ ਤਾਂ ਕਿਵੇਂ ਪਤਾ ਲੱਗਾ

"ਧੀਦੋ ਦਾ ਫੋਨ ਆਇਐ ਹੁਣੇ ਕੈਲੇਫੋਰਨੀਆ ਤੋਂ"

"ਕਿਤੇ ਮਾਰ ਨ ਦੇਣ ਯਾਰ"

"ਹੋਰ ਹੁਣ ਓਹਨਾਂ ਨੇ ਛੱਡਣਾ ਥੋੜੋ ਐ ... ... ਨੇ"।

"ਅਤਿਵਾਦੀਆਂ ਨੇ ਈ ਚੱਕਿਆ ?"

"ਹੋਰ ਕੀਹਨੇ ? ਅੱਗੇ ਰੋਜ਼ ਮਾਰੀ ਜਾਂਦੇ ਐ, ਪੰਜਾਬ ਨੂੰ ਤਬਾਹ ਕਰੀ ਜਾਂਦੇ ਐ"

"ਸ਼ਾਇਦ .... ਬਚ ਈ ਜਾਵੇ"

"ਬਚਣਾ ਬੁਚਣਾ ਕਾਹਦਾ ਹੁਣ — ਆਪਾਂ ਕੈਲੇਫੋਰਨੀਆਂ ਨੂੰ ਚਲੀਏ ਕੁਸ਼ ਜਣੇ ਲਾਂਗ ਵੀਕਐਂਡ ਤੇ, ਧੀਦੋ ਦੇ ਮੂੰਹੋਂ ਗੱਲ ਨੀ ਨਿਕਲਦੀ ਸੀ ... ਬਹੁਤ ਡਿਸਟਰਬਰਡ ਸੀ ...

(ਮੈਂ ਕੰਮ ਤੇ ਪੁੱਜ ਕੇ ਦਰਸ਼ਨ ਗਿੱਲ ਨੂੰ ਫੋਨ ਘੁਮਾਇਆ)

"ਦਰਸ਼ਨ, ਖਬਰ ਦਾ ਪਤਾ ਲੱਗਾ ?"

"ਬਹੁਤ ਮਾੜਾ ਕੰਮ ਹੋਇਆ ਯਾਰ, ਸਿਰੇ ਦਾ ਬੰਦਾ ਮਾਰ ਕੇ ਰੱਖ ਤਾ"

"ਹੈਂ ਮਾਰ ਤਾ ?"

"ਹੋਰ ਤੈਨੂੰ ਨੀ ਪਤਾ ?"

"ਚਰਨਪਾਲ ਤਾਂ ਕਹਿੰਦਾ ਸੀ ਚੱਕ ਕੇ ਲੈ ਗੇ"

"ਨਹੀਂ। ਮਾਰ ਤਾ ਪਿੰਡ 'ਚ ਈ। ਚਰਨਪਾਲ ਤੈਨੂੰ ਸਵੇਰੇ ਸਵੇਰੇ ਐਨੀ ਮਾੜੀ ਖਬਰ ਦੱਸਣੋਂ ਜਕ ਗਿਆ ਹੋਣਾ — ਮੈਨੂੰ ਵੀ ਉਹਦਾ ਫੋਨ ਆਇਆ ਸੀ ਹੁਣੇ ਈ"

"ਇਹ ਤਾਂ ਖਬਰ ਸਹਿਣੀ ਬਹੁਤ ਔਖੀ ਐ ਯਾਰ ... ਪਤਾ ਨੀ ਲਗਦਾ ਕੀ ਕਰੀਏ"

"ਮੈਨੂੰ ਸੁਰਿੰਦਰ ਧੰਜਲ ਦਾ ਵੀ ਫੋਨ ਆਇਐ ਅਡਮਿੰਟਨ ਤੋਂ। ਉਥੋਂ ਲਾਟ ਭਿੰਡਰ ਨੇ ਆਪਣੇ ਭਰਾ ਨੂੰ ਫੋਨ ਕੀਤਾ ਸੀ ਅੰਮ੍ਰਿਤਸਰ। ਉਹਨਾਂ ਨੇ ਦੱਸਿਆ ਸਾਰਾ ਕੁਸ਼"

"ਮੈਨੂੰ ਤਾਂ ਹੁਣ ਅਮਰਜੀਤ ਚੰਦਨ ਦਾ ਵੀ ਫਿਕਰ ਲੱਗਿਐ — ਪਤਾ ਨਹੀਂ ਉਹ ਪੰਜਾਬ ਤੋਂ ਵਾਪਸ ਆ ਗਿਐ ਕਿ ਨਹੀਂ — ਜੇ ਓਥੇ ਈ ਹੋਇਆ ਤਾਂ ਓਹਨੂੰ ਵੀ ਬਹੁਤ ਖਤਰਾ ਐ ?"

"ਤੂੰ ਐ ਕਰ ਹੁਣੇ ਈ ਇੰਗਲੈਂਡ ਨੂੰ ਫੋਨ ਕਰ ਚੰਦਨ ਨੂੰ। ਨਹੀਂ ਤਾਂ ਸੰਸਾ ਈ ਰਹਿਣੈ।"

"ਐਥੇ ਦਫਤਰ 'ਚ ਬਹਿਣ ਨੂੰ ਤਾਂ ਜੀਅ ਨੀ ਕਰਦਾ ਹੁਣ — ਮੈਂ ਘਰੇ ਜਾ ਕੇ ਕਰਦਾਂ ਚੰਦਨ ਨੂੰ ਫੋਨ। ਫੇਰ ਤੈਨੂੰ ਕਰਦਾਂ ਬੈਕ"

"ਮੇਰਾ ਤਾਂ ਯਾਰ ਅੱਜ ਐਥੇ ਚੀਫ ਲਾਇਬ੍ਰੇਰੀਅਨ ਨਾਲ ਲੰਚ ਸੀ — ਓਥੇ ਜਾਣਾ ਪੈਣੈ ਮੈਨੂੰ। ਤੂੰ ਟਰਾਈ ਕਰ ਲੀਂ।"

(ਫੋਨ ਰੱਖਿਆ। ਘੰਟੀ ਖੜਕੀ ...)

"ਅਜਮੇਰ, ਮੈਂ ਅਮਰਜੀਤ ਚੰਦਨ ਬੋਲਦਾਂ ਲੰਡਨ ਤੋਂ"

"ਓ, ਅਮਰਜੀਤ, ਮੈਂ ਤੈਨੂੰ ਈ ਫੋਨ ਕਰਨ ਬਾਰੇ ਸੋਚ ਰਿਹਾ ਸਾਂ। ਬਹੁਤ ਈ ਮਾੜੀ ਗੱਲ ਹੋਈ ਯਾਰ"

"ਐਦੂੰ ਮਾੜੀ ਗੱਲ ਹੋਰ ਕੀ ਹੋ ਸਕਦੀ ਐ ? ...... (ਚੁੱਪ) .....

"ਪਤਾ ਨੀ ਲਗਦਾ ਕੀ ਕੀਤਾ ਜਾਵੇ"

..... (ਚੁੱਪ) ......

"ਪਤਾ ਕਿਵੇਂ ਲੱਗਾ ?"

"ਐਥੇ ਇੰਗਲੈਂਡ ਫੋਨ ਆ ਗਿਆ ਸੀ ਇੰਡੀਆ ਤੋਂ। ਪਾਸ਼ ਤੇ ਹੰਸਰਾਜ ਬਾਹਰ ਖੂਹ ਤੇ ਸੀ, ਨ੍ਹੌਂਦੇ — ਸਟੇਨਗੰਨ ਨਾਲ ਮਾਰ ਤੇ ... ਪਹਿਲਾਂ ਐਤਵਾਰ ਨੂੰ ਜੈਮਲ ਪੱਡਾ ਮਾਰ ਤਾ — ਉਹਦਾ ਪਿੰਡ ਵੀ ਨਾਲ ਈ ਸੀ। ......

"ਹੋ ਸਕੇ ਤਾਂ ਕੈਲੇਫੋਰਨੀਆ ਧੀਦੋ ਕੋਲ ਗੇੜਾ ਮਾਰ ਆਇਓ। ਮੈਨੂੰ ਤਾਂ ਹੁਣ ਐਥੋਂ ਆਉਣਾ ਮੁਸ਼ਕਲ ਐ"

"ਅਸੀਂ ਤਾਂ ਪਹਿਲਾਂ ਈ ਸੋਚੀ ਜਾਨੇ ਐਂ ਲਾਗ ਵੀਕ ਐਂਡ ਤੇ ਜਾਣ ਲਈ। ਐਥੇ ਵੀ ਪਬਲਿਕ ਮੀਟਿੰਗ ਆਦਿ ਦਾ ਪ੍ਰੋਗਰਾਮ ਸੋਚ ਰਹੇ ਹਾਂ

"ਪਬਲਿਕ ਮੀਟਿੰਗ ਤੇ ਪ੍ਰੋਗਰਾਮ ਤਾਂ ਹੋਣੇ ਈ ਐ, ਐਥੇ ਵੀ ਕਰਾਂਗੇ — ਇਹ ਤਾਂ ਹੁਣ ਫਾਰਮੈਲਟੀਆਂ ਈ ਲਗਦੀਆਂ — ਪਾਸ਼ ਨੇ ਤਾਂ ਵਾਪਸ ਨੀ ਆ ਜਾਣਾ ....

(ਅਮਰਜੀਤ ਦੇ ਬੋਲ ਵਿਚ ਬਹੁਤ ਦੁਖ ਸੀ। ਫੋਨ ਰੱਖਣ ਪਿਛੋਂ ਮੈਂ ਦਰਸ਼ਨ ਗਿੱਲ ਨੂੰ ਚੰਦਨ ਦੇ ਸਹੀ ਸਲਾਮਤ ਹੋਣ ਬਾਰੇ ਫੋਨ ਕੀਤਾ। ਫੋਨ ਚਰਨਜੀਤ (ਦਰਸ਼ਨ ਦੀ ਪਤਨੀ) ਨੇ ਚੁੱਕਿਆ)

"ਹੈਲੋ, ਚਰਨਜੀਤ, ਦਰਸ਼ਨ ਚਲਾ ਗਿਆ ਲੰਚ ਤੇ?"

"ਨਹੀਂ ਵੀਰ ਜੀ, ਲੰਚ ਤਾਂ ਕੈਂਸਲ ਕਰ ਤਾ, ਉਹ ਤਾਂ ਅੰਦਰ ਬੈੱਡ ਤੇ ਪਏ ਐ।"

****

"ਹੈਲੋ, ਉਜੱਲ (ਦੁਸਾਂਝ) ਪਤਾ ਲੱਗਾ ਖਬਰ ਦਾ ?"

"ਬਹੁਤ ਹੀ ਮਾੜੀ ਗੱਲ ਹੋਈ — ਪਤਾ ਨੀ ਇਹ ਸਿਲਸਿਲਾ ਕਦੋਂ ਖਤਮ ਹੋਊ ਕਤਲਾਂ ਦਾ"

(ਮੈਨੂੰ ਖਬਰ ਦੇ ਐਨੀ ਛੇਤੀ ਫੈਲਣ ਤੇ ਕੁਝ ਹੈਰਾਨੀ ਹੋਈ)

"ਪਾਸ਼ ਤਾਂ ਸਿਰੇ ਦਾ ਲੇਖਕ ਸੀ — ਉਹਨੂੰ ਵੀ ਖਤਮ ਕਰ ਤਾ .....

....

"ਜਦੋਂ ਕੋਈ ਮੀਟਿੰਗ ਕੀਤੀ ਮੈਨੂੰ ਜ਼ਰੂਰ ਪਤਾ ਕਰਿਓ"

****

"ਹੈਲੋ ਰਾਮਪੁਰੀ ਜੀ, ਪਾਸ਼ ਬਾਰੇ ਤਾਂ ਪਤਾ ਲੱਗ ਗਿਆ ਹੋਣੈ?"

"ਦੇਖ ਲੋ ਹਾਲਾਤ ਕਿੱਧਰ ਨੂੰ ਜਾ ਰਹੇ ਐ — ਕੀ ਕੀਤਾ ਜਾਵੇ"

"ਪਾਸ਼ ਦਾ ਤਾਂ ਬਹੁਤ ਈ ਦੁਖ ਹੋਇਐਂ — ਸਾਰਿਆਂ ਨੂੰ। ਇਹ ਘਾਟਾ ਨੀ ਪੂਰਾ ਹੋਣਾ"

"ਗੱਲ ਈ ਇਹੋ ਜੀ ਹੋਈ ਐ। ਆਪਾਂ ਲੇਖਕ ਮੰਚ ਦੀ ਮੀਟਿੰਗ ਬੁਲਾਈਏ ਛੇਤੀ ਤੋਂ ਛੇਤੀ।"

****

"ਹੈਲੋ ਅਜਮੇਰ, ਮੈਂ ਨਵਤੇਜ (ਭਾਰਤੀ) ਬੋਲਦਾਂ ਲੰਡਨ (ਓਂਟੇਰੀਓ) ਤੋਂ। ਪਾਸ਼ ਬਾਰੇ ਸੁਣਿਆ ?"

" ਹਾਂ ਐਥੇ ਤਾਂ ਸਵੇਰੇ ਹੀ ਫੋਨ ਆ ਗਿਆ ਸੀ — ਸਾਰੇ ਸੋਗ 'ਚ ਡੁੱਬੇ ਹੋਏ ਐ — ਤੈਨੂੰ ਕਿਥੋਂ ਪਤਾ ਲੱਗਾ ?"

"ਇਕਬਾਲ ਰਾਮੂਵਾਲੀਆ ਨੇ ਫੋਨ ਕੀਤਾ ਸੀ ਟੋਰਾਂਟੋ ਤੋਂ। ਮਾਰਿਆ ਕੀਹਨੇ ਅਤਿਵਾਦੀਆਂ ਨੇ ?"

"ਪੱਕੀ ਖਬਰ ਤਾਂ ਨਹੀਂ ਆਈ ਅਜੇ ਪਰ ਸ਼ੱਕ ਪੂਰਾ ਉਹਨਾਂ ਤੇ ਈ ਐ"

"ਪਾਸ਼ ਦਾ ਘਾਟਾ ਨੀ ਪੂਰਾ ਹੋਣਾ। ਬਹੁਤ ਵੱਡੀ ਟ੍ਰੈਜ਼ਿਡੀ ਹੋਈ ਪੰਜਾਬੀ ਨਾਲ।

(ਸ਼ਾਮ ਦੇ 6 ਦਾ ਸਮਾਂ ਸੀ। ਸੁਭਾ 6 ਤੋਂ ਸ਼ਾਮ ਦੇ 6 ਵਜੇ ਤੱਕ ਪਾਸ਼ ਦੀ ਖਬਰ ਨੇ ਦੁਨੀਆਂ ਭਰ ਦਾ ਸਫਰ ਮੁਕਾ ਲਿਆ ਸੀ। ਰੂਹਾਂ ਵਿਚ ਲਹਿੰਦੀ ਉਦਾਸੀ ਦਾ ਸਫਰ ਅਜੇ ਨਿਰੰਤਰ ਜਾਰੀ ਸੀ)

ਸ੍ਰੀਦੇਵੀ ਇੰਦਰਾ ਕਾਂਗਰਸ 'ਚ ਸ਼ਾਮਲ ਹੋਵੇਗੀ

ਨਵੀਂ ਦਿੱਲੀ — ਹਿੰਦੀ ਫਿਲਮਾਂ ਦੀ ਨੰਬਰ ਇਕ ਹੀਰੋਇਨ ਸ੍ਰੀ ਦੇਵੀ ਕਾਂਗਰਸ (ਇ) ਵਿਚ ਸ਼ਾਮਲ ਹੋ ਰਹੀ ਹੈ। ਤਾਮਿਲ ਨਾਡੂ ਵਿਚ ਸ੍ਰੀ ਐਮ ਜੀ ਰਾਮਾ ਚੰਦਰਨ ਦਾ ਦੇਹਾਂਤ ਹੋ ਜਾਣ ਅਤੇ ਇਕ ਹੋਰ ਲੋਕਪ੍ਰਿਯ ਫਿਲਮੀ ਐਕਟਰ ਸ਼ਿਵਾਜੀ ਗਣੇਸ਼ਨ ਵਲੋਂ ਕਾਂਗਰਸ (ਇ) ਛੱਡ ਜਾਣ ਕਾਰਨ ਕਾਂਗਰਸ (ਇ) ਨੂੰ ਤਾਮਿਲਨਾਡੂ ਦੀ ਫਿਲਮ ਸਟਾਰਾਂ ਦੇ ਗਲਬੇ ਵਾਲੀ ਸਿਆਸਤ ਲਈ ਇਹੋ ਜਿਹੀ ਫਿਲਮੀ ਹਸਤੀ ਦੀ ਲੋੜ ਹੈ ਜਿਹੜੀ ਭੀੜ ਨੂੰ ਆਪਣੀ ਤਰਫ ਖਿਚ ਸਕੇ। ਛੇਤੀ ਹੀ ਮਦਰਾਸ ਵਿਚ ਇਕ ਸ਼ਾਨਦਾਰ ਸਮਾਗਮ ਕਰਕੇ ਸ੍ਰੀਦੇਵੀ ਨੂੰ ਕਾਂਗਰਸ (ਇ) ਵਿਚ ਸ਼ਾਮਲ ਕੀਤਾ ਜਾਵੇਗਾ। ਤਾਮਿਲਨਾਡੂ ਕਾਂਗਰਸ (ਇ) ਕਮੇਟੀ ਦੇ ਪ੍ਰਧਾਨ ਸ੍ਰੀ ਜੀ ਕੇ ਮੂਪਨਾਰ ਵਲੋਂ ਇਸ ਸੰਬੰਧ ਵਿਚ ਇਕ ਫਿਲਮੀ ਐਕਟਰ ਕਮਲ ਹਸਨ ਨਾਲ ਵੀ ਸੰਪਰਕ ਕਾਇਮ ਕੀਤਾ ਜਾ ਰਿਹਾ ਹੈ।

- ਅਸੀਂ ਸਮੇਂ ਨੂੰ ਮਿਣਦੇ ਹਾਂ ਅਣਗਿਣਤ
ਸੂਰਜਾਂ ਦੀ ਗਰਦਸ਼ ਨਾਲ ਤੇ ਉਹ ਸਮੇਂ ਨੂੰ
ਮਿਣਦੇ ਨੇ ਆਪਣੀਆ ਨਿੱਕੀਆਂ ਜੇਬਾਂ ਵਿਚ
ਪਾਈਆਂ ਨਿੱਕੀਆ ਮਸ਼ੀਨਾਂ ਨਾਲ।
ਹੁਣ ਤੁਸੀਂ ਦਸੋ ਸਾਡਾ ਮਿਲਨ ਕਦੇ ਵੀ
ਕਿਵੇਂ ਹੋ ਸਕਦਾ ਹੈ ਇਕੋ ਜਗਾਹ ਤੇ ਇਕੋ
ਸਮੇਂ ਤੇ



Child Care: Opening New Doors

The availability of quality, affordable and flexible child care is a key to opening up the future for many women in Canada.

The Government of Canada has recognized the importance of accessible child care in assuring women's economic equality by introducing The National Child Care Strategy — a balanced mix of program initiatives, offering a wide range of choices to women who work inside or outside the home.

Highlights of the program include:

- the addition of 200,000 new child care spaces;
- the creation of a $100 million Child Care Initiatives Fund for developmental projects for child care and special needs groups;
- the increase of the Child Care Expense Deduction from $2,000 to $4,000 for children six and under or with special needs;
- the phase in of a $200 supplement to the Child Tax Credit for children six and under.

As Minister Responsible for the Status of Women, I invite you to learn how you and your family can benefit from the National Child Care Strategy.

Please write to me:
**Barbara McDougall,
Minister Responsible for the Status of Women,
House of Commons,
Ottawa, Ontario KIA 0A6**

Status of Women Canada | Condition féminine Canada

Canada

Moti-Mahal

Restauurant & Bangla Sweet Shop

Serving Indian & Canadian Food Since 1975

BY EXPERT CHEF **RAJA**

EXPERIENCED HOST **BALWANT**

Vaisakhi SPECIAL
1 lb. Jalebi FREE
with 5 lb. Mixed Sweets

Specialize in Catering — Weddings — Banquets

- Special Prices on Sweets on Bulk Orders
- Cash & Carry — Food (For Parties)

CHECK AND COMPARE

QUALITY AND SERVICE

THE CATERING KING

NEW PRICES

CATERING SERVICES start from $6.95 per person
from 200 persons to 1000 persons

Ph. 325-5014 or **321-3223**
6450 Main St., VANCOUVER, B.C. V5W 2V4

More Discounts on PICK-UP Orders

Please Call :
Balwant 325-5014

ਧਰਮ ਅਤੇ ਸਿਆਸਤ

(ਦੂਜਾ ਹਿੱਸਾ)

ਬਲਦੇਵ ਦੂਹੜੇ

ਇਨਸਾਨ ਨੇ ਜੰਗਲਾਂ 'ਚੋਂ ਨਿਕਲਕੇ ਮਹਾਨ ਸਭਿਆਤਾਵਾਂ ਪੈਦਾ ਕੀਤੀਆਂ ਹਨ। ਬਰਤਾਨੀਆਂ ਨੇ ਜੋ ਅੱਗ ਨਾਲ ਚਲਣ ਵਾਲੇ ਇੰਜਣਾਂ ਦਾ ਦੌਰ ਸ਼ੁਰੂ ਕੀਤਾ ਸੀ ਉਹ ਹੁਣ ਸਾਰੀ ਦੁਨੀਆਂ ਵਿਚ ਫੈਲ ਰਿਹਾ ਹੈ। ਇਨਸਾਨੀ ਰਚਨਾਤਮਕ ਸ਼ਕਤੀ ਦੇ ਪੈਦਾ ਕੀਤੇ ਸਨਅਤੀ ਇਨਕਲਾਬ ਨੇ ਬਰਤਾਨੀਆ ਨੂੰ ਜੋ ਤਾਕਤ ਦਿਤੀ ਉਸ ਨਾਲ ਉਹਨਾਂ ਨੇ ਦੁਨੀਆਂ ਨੂੰ ਗੁਲਾਮ ਬਣਾ ਲਿਆ।

ਹਿੰਦੁਸਤਾਨ ਦੇ ਕਈ ਲੋਕ ਅੰਗਰੇਜ਼ਾਂ ਦੇ ਗੋਰੇ ਰੰਗ ਅਤੇ ਬਿੱਲੀਆਂ ਅੱਖਾਂ ਨੂੰ ਉਹਨਾਂ ਦੀ ਤਾਕਤ ਦਾ ਕਾਰਨ ਸਮਝਣ ਲੱਗ ਪਏ। ਅਤੇ ਕਈ ਉਹਨਾਂ ਦੇ ਸੁਭਾਅ, ਸਭਿਆਚਾਰ ਜਾਂ ਧਰਮ ਨੂੰ ਇਸਦਾ ਕਾਰਨ ਸਮਝਦੇ ਰਹੇ। ਅੱਜ ਕਈ ਲੋਕ ਕਹਿੰਦੇ ਹਨ ਕਿ ਆਰਥਕ ਬਰਾਬਰੀ ਆਰਥਕ ਤਰੱਕੀ ਨਾਲੋਂ ਵਧੇਰੇ ਜ਼ਰੂਰੀ ਹੈ। ਅੰਗਰੇਜ਼ਾਂ ਦੇ ਬੁਰਯਾਵਾ ਇਨਕਲਾਬ 'ਚੋਂ ਜਮਹੂਰੀ ਨਿਜ਼ਾਮ ਪੈਦਾ ਹੋਇਆ ਪਰ ਇਹ ਨਿਜ਼ਾਮ ਜਮਾਤੀ ਲੁੱਟ ਖਸੁੱਟ ਦੀ ਆਪਣੀ ਮਿਸਾਲ ਆਪ ਸੀ। ਜਮਾਤੀ ਨਾ-ਬਰਾਬਰੀ ਅਗਰੇਜ਼ਾਂ ਦੇ ਸਮੁੱਚੇ ਨਿਜ਼ਾਮ ਦੇ ਵਿਕਾਸ ਵਿਚ ਰੋੜਾ ਨਹੀਂ ਬਣ ਸਕੀ ਕਿਉਂਕਿ ਇਸ ਵਿਕਾਸ ਦਾ ਅਧਾਰ ਇਕ ਅਰੁੱਕ ਇਨਕਲਾਬ ਸੀ। ਬਾਹਰਲੇ ਮੁਲਕਾਂ ਨੂੰ ਗੁਲਾਮ ਬਣਾ ਕੇ ਉਹ ਸਾਰੀ ਬਰਤਾਨੀਆਂ (ਪ੍ਰੋਲੋਤਾਰੀ ਅਤੇ ਬੁਰਯਵਾ ਜਮਾਤਾਂ) ਨੂੰ ਗੁਲਾਮ ਮੁਲਕਾਂ ਨਾਲੋਂ ਚੰਗੇਰਾ ਜੀਵਨ ਦੇਣ ਵਿਚ ਕਾਮਯਾਬ ਹੋ ਗਏ।

ਉਹਨਾਂ ਦੀ ਕਾਮਯਾਬੀ ਦਾ ਕਾਰਨ ਸਨਅਤੀ ਇਨਕਲਾਬ ਸੀ। ਸਾਡੀ ਹਾਰ ਦਾ ਕਾਰਨ ਉਸੇ ਇਨਕਲਾਬ ਦੀ ਕਮੀ ਸੀ।

ਹੁਣ ਅਸੀਂ ਆਪਣੇ ਅਜ਼ਾਦ ਮੁਲਕ ਵਿਚ ਆਪਣੇ ਯਥਾਰਥ ਨੂੰ ਸਮਝਣ ਵਿਚ ਗੰਭੀਰ ਗਲਤੀਆਂ ਕਰ ਰਹੇ ਹਾਂ। ਗੁਲਾਮੀ ਦਾ ਦੌਰ ਅਜੇ ਅਦਾਰਿਆਂ ਅਤੇ ਸੋਚਾਂ ਦੇ ਰੂਪ ਵਿਚ ਸਾਡੇ ਨਾਲ ਚਲ ਰਿਹਾ ਹੈ। ਇਹਨਾਂ ਵਿਚੋਂ ਇਕ ਹੈ ਧਰਮ ਅਤੇ ਸਿਆਸਤ ਨੂੰ ਰਲਗਡ ਕਰਨਾ। ਹਿੰਦੁਸਤਾਨ ਦੀ ਸਮੂਹਕ ਸੋਚ ਬੜੀ ਜਜ਼ਬਾਤੀ ਹੈ। ਇਥੇ ਠੰਡੇ ਵਿਗਿਆਨਕ ਨਜ਼ਰੀਏ ਦੀ ਥਾਂ ਧਾਰਮਕ ਜਜ਼ਬਾਤੀ ਅਤੇ ਮਿਥਿਹਾਸਕ ਪ੍ਰਤੀਬਿੰਬਾਂ ਨਾਲ ਮਾਹੌਲ ਭਰਿਆ ਪਿਆ ਹੈ। ਹਿੰਦੂ, ਸਿੱਖ ਅਤੇ ਮੁਸਲਮਾਨ, ਸਭ ਧਰਮ ਅਤੇ ਸਿਆਸਤ ਨੂੰ ਇਕੱਠਾ ਕਰ ਰਹੇ ਹਨ। ਉਂਜ ਸਿੱਖ ਧਰਮ ਅਸੂਲਨ ਤੌਰ ਤੇ ਜਮਹੂਰੀ ਧਰਮ-ਨਿਰਪਖਤਾ ਦਾ ਵਿਰੋਧ ਨਹੀਂ ਕਰਦਾ। ਪਰ ਇਸਦੀ ਯਥਾਰਥ ਦੇ ਵਿਕਾਸ ਨੂੰ ਅਖੋਂ ਓਹਲੇ ਕਰਕੇ ਕੀਤੀ ਵਿਆਖਿਆ ਨਾਲ ਸਾਰਾ ਮਸਲਾ ਰਲਗੱਡ ਹੋ ਜਾਂਦਾ ਹੈ।

ਧਰਮ-ਅਧਾਰਤ ਸਿਆਸੀ ਅਦਾਰੇ ਅਤੇ ਫਿਰਕਾਪ੍ਰਸਤ ਸੋਚ ਸਾਡੇ ਗੁਲਾਮ ਵਿਰਸੇ ਦੀ ਰਹਿੰਦ-ਖੂੰਹਦ ਹੈ। ਇਹ ਸਿਆਸੀ ਮਾਹੌਲ ਨੂੰ ਗੰਧਲਾ ਕਰਕੇ ਸਾਨੂੰ ਆਪਣੀਆਂ ਅਸਲ ਸਮੱਸਿਆਵਾਂ ਤਕ ਪਹੁੰਚਣ ਤੋਂ ਰੋਕਦੀ ਹੈ। ਇਹ ਸਮੂਹਕ ਮਾਨਸਕ ਉਲਝੇਵਾਂ ਸਾਨੂੰ ਅੰਤਰਰਾਸ਼ਟਰੀ ਮੁਕਾਬਲੇ ਵਿਚ ਇਕ ਵਾਰ ਫਿਰ ਪਿੱਛੇ ਸੁਟ ਰਿਹਾ ਹੈ। ਦੁਨੀਆਂ ਬੜੀ ਤੇਜ਼ੀ ਨਾਲ ਬਦਲ ਰਹੀ ਹੈ। ਪਛੜੇ ਹੋਣ ਦੀ ਸਜ਼ਾ ਅਸੀਂ ਭੁਗਤ ਰਹੇ ਹਾਂ ਅਤੇ ਭਵਿਖ ਹੈਰਾਨੀਜਨਕ ਤਬਦੀਲੀਆਂ ਨਾਲ ਲੱਦਿਆ ਸਾਡੇ ਵੱਲ ਵਧ ਰਿਹਾ ਹੈ।

ਸਿਆਸੀ ਅਦਾਰਿਆਂ ਨੂੰ ਧਰਮ-ਅਧਾਰਤ ਕਰਨਾ, ਜਾਂ ਉਂਜ ਧਰਮ ਅਤੇ ਸਿਆਸਤ ਨੂੰ ਇਕੱਠੇ ਕਰਨਾ ਬੁਨਿਆਦੀ ਤੌਰ ਤੇ ਗਲਤ ਹੈ। ਧਰਮ ਦਾ ਸਿਆਸੀ ਅਮਲ ਮਨੁੱਖੀ ਹੱਕਾਂ ਤੱਕ ਸੀਮਤ ਰਹਿਣਾ ਚਾਹੀਦਾ ਹੈ। ਸਗੋਂ ਮਨੁੱਖੀ ਹੱਕਾਂ ਦੀ ਪਹਿਰੇਦਾਰੀ ਧਰਮ ਦਾ ਜ਼ਰੂਰੀ ਹਿੱਸਾ ਹੈ। ਪਰ ਮਨੁੱਖੀ ਹੱਕਾਂ ਦੀ ਪਹਿਰੇਦਾਰੀ ਅਤੇ ਕੁਰਸੀਆਂ ਲਈ ਲੜੀ ਸਿਆਸਤ ਵਿਚ ਬਹੁਤ ਫਰਕ ਹੈ। ਜੇ ਰਾਜਨੀਤਕ ਸਮੁੱਚੀਕਰਨ ਵਿਚ ਧਾਰਮਕ ਤ੍ਰੇੜਾਂ ਅਦਾਰਾਬੰਦ ਹੋ ਜਾਣ ਤਾਂ ਕੌਮੀ ਸਿਆਸੀ ਸਮੁੱਚੀਕਰਨ (totalization) ਕਦੇ ਨੇਪਰੇ ਨਹੀਂ ਚੜ੍ਹ ਸਕਦਾ। ਧਰਮ ਅਤੇ ਫਿਰਕਾਪ੍ਰਸਤੀ ਦਾ ਉਹੀ ਰਿਸ਼ਤਾ ਹੈ ਜੋ ਮੈਂ ਅਤੇ ਹਉਮੈ ਦਾ ਜਾਂ ਆਪੇ ਅਤੇ ਖੁਦਗਰਜ਼ੀ ਦਾ। ਸਿਰਫ ਆਪਣੇ ਹੀ ਹੱਕਾਂ ਦਾ ਜਨੂੰਨ ਹੋਣਾ ਸਾਰਥਕ ਸਮਾਜੀ ਅਮਲ ਲਈ ਹਾਨੀਕਾਰਕ ਹੈ। ਫਿਰਕਾਪ੍ਰਸਤੀ ਵਿਚ ਫਸੇ ਲੋਕ ਸਵਾਰਥੀ ਲੀਡਰਾਂ ਦੇ ਸਸਤੇ ਨਾਅਰਿਆਂ ਨੂੰ ਆਪਣੇ ਅਸਲ ਹਿੱਤਾਂ ਤੋਂ ਨਿਖੇੜਕੇ ਨਹੀਂ ਦੇਖ ਸਕਦੇ। ਇਹ ਸਮੂਹਕ ਹਉਮੈਂ ਦਾ ਚਕ੍ਰਵਿਊ ਹੈ ਜਿਸ ਵਿਚ ਦਾਖਲ ਹੋਣਾ ਸੌਖਾ ਹੈ ਪਰ ਬਾਹਰ ਆਉਣਾ ਬਹੁਤ ਮੁਸ਼ਕਲ।

ਸੂਬਿਆਂ ਦੀਆਂ ਭਾਸ਼ਾ-ਅਧਾਰਤ ਹੱਦਾਂ ਇਕ ਨਾਜ਼ੁਕ ਹੱਲ ਹੈ ਬੜੀ ਗੁੰਝਲਦਾਰ ਸਮੱਸਿਆ ਦਾ। ਪਰ ਜੇ ਅਜਿਹੀ ਹੱਦ ਦੋ ਧਰਮਾਂ ਦੇ ਵਿਚਕਾਰ ਦੀ ਹੱਦ ਬਣ ਜਾਵੇ ਤਾਂ ਸੂਬਾਈ ਮਸਲਿਆਂ ਦਾ ਧਾਰਮਿਕ ਬਣ ਜਾਣ ਦਾ ਖਤਰਾ ਪੈਦਾ ਹੋ ਜਾਂਦਾ ਹੈ। ਧਾਰਮਿਕ ਜਜ਼ਬਾਤ ਇੰਨੇ ਜ਼ਬਰਦਸਤ ਹੁੰਦੇ ਹਨ ਕਿ ਨਿਆਇਪੂਰਨ ਸਿਆਸੀ ਅਮਲ ਅਸੰਭਵ ਹੋ ਜਾਂਦਾ ਹੈ। ਅਜਿਹੀ ਹਾਲਤ ਵਿਚ ਇਨਸਾਫ ਦਾ ਹੋਣਾ ਹੀ ਕਾਫੀ ਨਹੀਂ, ਹੁੰਦੇ ਦਿਸਣਾ ਵੀ ਜ਼ਰੂਰੀ ਹੈ। ਧਰਮ-ਅਧਾਰਤ ਸਿਆਸੀ ਪਾਰਟੀਆਂ ਧਰਮ-ਅਧਾਰਤ ਸਿਆਸੀ ਅਦਾਰੇਬੰਦੀ ਦੀ ਇਕ ਬੜੀ ਢੁਕਵੀਂ ਮਿਸਾਲ ਹਨ। ਜਨਸੰਘ ਜਾਂ ਇਸਦੇ ਕਈ ਹੋਰ ਰੂਪ ਮੁਸਲਮ ਲੀਗ ਅਤੇ ਹੋਰ ਅਜਿਹੀਆਂ ਮੁਸਲਮ ਪਾਰਟੀਆਂ ਅਤੇ ਅਕਾਲੀ ਦਲ (ਅਤੇ ਇਸਦੇ ਕਈ ਧੜੇ) ਆਦਿ ਪਾਰਟੀਆਂ ਹਨ ਜਿਨ੍ਹਾਂ ਵਿਚ ਸਾਰੇ ਸ਼ਹਿਰੀਆਂ ਦੀ ਨੁਮਾਇੰਦਗੀ ਨਹੀਂ ਹੁੰਦੀ। ਇਹ ਸਿਰਫ ਆਪਣੇ ਆਪਣੇ ਫਿਰਕੇ ਦੀ ਹੀ ਪ੍ਰਤੀਨਿਧਤਾ ਕਰਦੀਆਂ ਹਨ। ਭਾਵੇਂ ਕਿ ਇਹਨਾਂ ਵਿਚ ਕੋਈ ਵੀ ਪਾਰਟੀ ਵੱਖਵਾਦੀ ਨਾ ਹੋਵੇ ਫਿਰ ਵੀ ਇਹਨਾਂ ਦਾ ਸਿਆਸੀ ਅਮਲ ਲੋਕਾਂ ਵਿਚ ਵਖਰੇਪਨ ਅਤੇ ਓਪਰੇਪਨ ਨੂੰ ਜਨਮ ਦਿੰਦਾ ਹੈ। ਨਾ ਸਿਰਫ ਇਹ ਆਪਣਾ ਵਿਰੋਧ ਆਪ ਖੜਾ ਕਰਦੀਆਂ ਹਨ ਸਗੋਂ ਇਹ ਕਾਂਗਰਸ ਪਾਰਟੀ ਲਈ ਸਿਆਸੀ ਇਜਾਰੇਦਾਰੀ ਦਾ ਸੌਖਾ ਰਾਹ ਪੈਦਾ ਕਰਦੀਆਂ ਹਨ। ਹਿੰਦੁਸਤਾਨ ਦੇ ਸਿਆਸੀ ਮਾਹੌਲ ਦੇ ਵਿਗੜੇ ਹੋਣ ਦਾ ਕਾਰਨ ਨੁਕਸਦਾਰ ਸਿਆਸੀ ਅਦਾਰੇ ਹਨ। ਕਾਂਗਰਸ ਪਾਰਟੀ ਦੇ ਕੌਮੀ ਬਦਲ ਜਾਂ ਤਾਂ ਨੀਮ-ਧਾਰਮਿਕ ਅਤੇ ਫਿਰਕੂ ਪਾਰਟੀਆਂ ਹਨ ਜਾਂ ਕੌਮਿਊਨਿਸਟ ਪਾਰਟੀਆਂ ਦੇ ਵੱਖ ਵੱਖ ਰੂਪ। ਇਸ ਦਾ ਪੂਰਾ ਵਿਸ਼ਲੇਸ਼ਣ ਫਿਰ ਕਦੇ ਸਹੀ ਪਰ ਇਹ ਕਹਿਣਾ ਜ਼ਰੂਰੀ ਹੈ ਕਿ ਕਾਂਗਰਸ ਤੋਂ ਖੱਬੇ ਪਾਸੇ ਪਾਰਟੀਆਂ ਦੀ ਕਮੀ ਨਹੀਂ ਪਰ ਸੱਜੇ ਪਾਸੇ ਦੀਆਂ ਪਾਰਟੀਆਂ ਸਿਆਸੀ ਤਰਕ ਅਨੁਸਾਰ ਸੁਤੰਤਰ ਬਿਜ਼ਨਸ (Lessefaire) ਵਾਲੀਆਂ ਪਾਰਟੀਆਂ ਚਾਹੀਦੀਆਂ ਹਨ। ਹਿੰਦੁਸਤਾਨ ਦਾ ਸੱਜਾ ਪੱਖ ਆਪਣੇ ਆਪਣੇ ਫਿਰਕੇ ਦੀ ਤੂਤੀ ਵਜਾਉਣ ਵਾਲੀਆਂ ਪਾਰਟੀਆਂ ਨਾਲ ਭਰਿਆ ਪਿਆ ਹੈ। ਆਪਣੇ ਆਪਣੇ ਫਿਰਕੇ ਦੇ ਮਾਨੁਖੀ ਹੱਕਾਂ ਦੀ ਰਾਖੀ ਲਈ ਗੈਰ ਸਿਆਸੀ ਜਥੇਬੰਦੀਆਂ ਚਾਹੀਦੀਆਂ ਹਨ, ਜੋ ਇਸ ਗੱਲ ਦਾ ਨਿਰਣਾ ਕਰਨ ਕਿ ਹਿੰਦੁਸਤਾਨ ਦਾ ਸੰਵਿਧਾਨ ਸਭ ਲੋਕਾਂ ਨੂੰ ਪੂਰਾ ਇਨਸਾਫ ਦੇਵੇ ਅਤੇ ਮਨੁੱਖੀ ਹੱਕਾਂ ਦੀ ਕਦਰ ਕਰੇ। ਜੇ ਸੱਜੀਆਂ ਪਾਰਟੀਆਂ ਫ੍ਰੀ ਐਂਟਰਪਰਾਈਜ਼ ਪਾਰਟੀਆਂ ਹੋਣ ਤਾਂ ਸਿਆਸੀ ਜਦੋ ਜਹਿਦ ਇਸ ਗੱਲ ਤੇ ਹੋਵੇਗੀ ਕਿ ਹਿੰਦੁਸਤਾਨ ਵਿਚ ਫ੍ਰੀ ਐਂਟਰਪਰਾਈਜ਼ (Lesse faire) ਦਾ ਢਾਂਚਾ ਚਾਹੀਦਾ ਹੈ, ਜਾਂ ਸਮਾਜੀ ਜਮਹੂਰੀਅਤ (Social democracy) ਦਾ ਜਾਂ ਕਿ ਪੂਰਨ ਸਮਾਜਵਾਦ ਦਾ। ਇਹ ਵੀਹਵੀਂ ਸਦੀ ਦਾ ਮਹੱਤਵਪੂਰਨ ਸਿਆਸੀ ਮਸਲਾ ਹੈ। ਇਸ ਦਾ ਹੱਲ ਹਿੰਦੁਸਤਾਨ ਦੇ ਲੋਕ ਤਾਂ ਹੀ ਕਰ ਸਕਦੇ ਹਨ ਜੇ ਇਹ ਤਿੰਨ ਬਦਲ ਲੋਕਾਂ ਦੇ ਸਾਹਮਣੇ ਤਿੰਨ ਤਰਾਂ ਦੀਆਂ ਸਿਆਸੀ ਪਾਰਟੀਆਂ ਦੇ ਰੂਪ ਵਿਚ ਹੋਣ। ਪਰ ਜੇ ਸਿਆਸੀ ਪਾਰਟੀਆਂ ਦਾ ਮੰਤਵ ਲੋਕਾਂ ਦੇ ਜਜ਼ਬਾਤ ਨਾਲ ਖੇਲ ਕੇ ਆਪਣੀਆਂ ਜੇਬਾਂ ਭਰਨਾ ਜਾਂ ਕੁਰਸੀਆਂ ਭਾਲਣਾ ਹੋਵੇ ਤਾਂ ਸਿਆਸੀ ਅਮਲ ਕੁਰਾਹੇ ਪੈ ਜਾਂਦਾ ਹੈ। ਫਿਰਕੂ ਹਿੱਤਾਂ ਦੇ ਰਾਹ ਤੇ ਤੁਰਿਆ ਸਿਆਸੀ ਵਿਕਾਸ ਜੰਗ ਦੇ ਜ਼ਲਜ਼ਲੇ ਤੋਂ ਬਿਨਾਂ ਵਾਪਸ ਘੱਟ ਹੀ ਪਰਤਦਾ ਹੈ। ਪਰ ਸਭ ਕੁਝ ਬਰਬਾਦ ਕਰਕੇ ਆਈ ਸਮਝ ਬਹੁਤ ਲੇਟ ਹੈ। ਚੰਗੇ ਸੰਕਲਪਾਂ ਦਾ ਅਮਲ ਚੰਗੇ ਇਤਿਹਾਸ ਨੂੰ ਜਨਮ ਦਿੰਦਾ ਹੈ ਅਤੇ ਮਾੜੇ ਸੰਕਲਪਾਂ ਦਾ ਅਮਲ ਮਾੜੇ ਇਤਿਹਾਸ ਨੂੰ। ਮਾੜੇ ਸੰਕਲਪ ਦਾ ਪੁਰਾਤਨ ਨਾਮ ਸਰਾਪ ਹੈ। ਸਰਾਪ ਉਹ ਸੰਕਲਪ ਹੈ ਜਿਸ ਉਤੇ ਅਮਲ ਕੀਤਿਆਂ ਦੁਖ ਤਕਲੀਫ ਤੋਂ ਵੱਧ ਕੁਝ ਨਹੀਂ ਪੈਦਾ ਹੁੰਦਾ। ਹਿੰਦੁਸਤਾਨ ਦੀ ਫਿਰਕਾਪ੍ਰਸਤ ਸੋਚ ਹਿੰਦੁਸਤਾਨ ਉਤੇ ਇਕ ਸਰਾਪ ਵਾਂਗ ਹੈ। ਜਿਉਂ ਜਿਉਂ ਫਿਰਕਾਪ੍ਰਸਤੀ ਦਾ ਇਹ ਬੀਜ ਫਲਦਾ ਫੁਲਦਾ ਹੈ ਇਕ ਗਲਤ ਇਤਿਹਾਸ ਹੋਂਦ ਵਿਚ ਆਉਂਦਾ ਹੈ। ਜਾਤੀ ਜ਼ਿੰਦਗੀ ਵਾਂਗ ਕੌਮਾਂ ਮੁਲਕਾਂ ਅਤੇ ਧਰਮਾਂ ਦੇ ਜੀਵਨ ਵਿਚ ਵੀ ਗਲਤ ਅਮਲ ਗਲਤ ਇਤਿਹਾਸ ਨੂੰ ਪੈਦਾ ਕਰਦੇ ਹਨ ਭਾਵੇਂ ਸਮੂਹਕ ਇਨਸਾਨ ਅਖੀਰ ਸੱਚ ਤੱਕ ਜ਼ਰੂਰ ਪਹੁੰਚ ਜਾਂਦਾ ਹੈ, ਪਰ ਅਜੋਕੀ ਮੁਕਾਲਬਤਨ ਦੁਨੀਆਂ ਵਿਚ ਉਲਝੇ ਹੋਏ ਲੋਕ ਪਛੜ ਜਾਂਦੇ ਹਨ। ਪਛੜੇ ਹੋਣ ਦੀ ਬੜੀ ਸਖਤ ਸਜ਼ਾ ਹੈ।

ਸਿਆਸੀ ਅਤੇ ਆਰਥਕ ਮਸਲਿਆਂ ਨੂੰ ਧਰਮ ਰਾਹੀਂ ਹਲ ਕਰਨਾ ਇੰਜ ਹੈ ਜਿਵੇਂ ਸਿਹਤ ਅਤੇ ਧਰਮ ਨੂੰ ਇਕੱਠੇ ਕਰ ਦਿੱਤਾ ਜਾਵੇ। ਭਾਵੇਂ ਧਾਰਮਕ ਲੋਕ ਕਈ ਵਾਰ ਬਿਮਾਰੀ ਅਤੇ ਮੌਤ ਨੂੰ ਲਿਖੀ ਮਿਥੀ ਮੰਨਦੇ ਹਨ ਪਰ ਕੋਈ ਵੀ ਇਹ ਸੁਝਾਅ ਨਹੀਂ ਦੇ ਸਕਦਾ ਕਿ ਹਸਪਤਾਲਾਂ ਦੀ ਥਾਂ ਮੰਦਰ, ਮਸਜਦਾਂ ਜਾਂ ਗੁਰਦੁਆਰਿਆਂ ਨੂੰ ਦਿੱਤੀ ਜਾਵੇ। ਅਤੇ ਨਾ ਕੋਈ ਇਹ ਕਹਿ ਸਕਦਾ ਹੈ ਕਿ ਡਾਕਟਰਾਂ ਅਤੇ ਨਰਸਾਂ ਦੀ ਥਾਂ ਪੰਡਤ, ਮੌਲਵੀ ਜਾਂ ਭਾਈ ਟਰੇਨ ਕੀਤੇ ਜਾਣ। ਜਿਵੇਂ ਹਿੰਦੂ ਸਿਖ ਅਤੇ ਮੁਸਲਮਾਨ ਦਾ ਇਲਾਜ ਇਕੋ ਹੀ ਸਿਹਤ ਵਿਗਿਆਨ ਨਾਲ ਕੀਤਾ ਜਾਂਦਾ ਹੈ, ਉਸੇ ਤਰ੍ਹਾਂ ਇਹਨਾਂ ਸਭ ਧਰਮਾਂ ਉਤੇ ਇਕੋ ਤਰ੍ਹਾਂ ਦੇ ਸਿਆਸੀ ਅਤੇ ਆਰਥਕ ਸਿਧਾਂਤ ਲਾਗੂ ਹੁੰਦੇ ਹਨ। ਆਰਥਕ ਮਸਲਿਆਂ ਦੇ ਧਾਰਮਕ ਹਲ ਅਗਿਆਨਤਾ ਦੇ ਪ੍ਰਤੀਕ ਹਨ।

ਧਰਮ ਅਤੇ ਰਾਜ ਆਪਣੇ ਬੁਨਿਆਦੀ ਖਾਸੇ ਵਿਚ ਦੋ ਵੱਖਰੀਆਂ ਹਸਤੀਆਂ ਹਨ। ਕੌਮੀ ਰਾਜ ਇਕ ਵਕਤੀ ਅਦਾਰਾ ਹੈ। ਇਸ ਦੀ ਇਤਿਹਾਸਕ ਉਮਰ ਲਿਖੀ ਮਿਥੀ ਹੈ। ਨਾ ਤਾਂ ਕੌਮੀ ਰਾਜ ਪੁਰਾਣੇ ਜ਼ਮਾਨੇ ਵਿਚ ਸਨ ਨਾ ਭਵਿਖ ਵਿਚ ਹੋਣਗੇ। ਮੌਜੂਦਾ ਜ਼ਮਾਨਾ ਕੌਮੀ ਰਾਜ ਦਾ ਜ਼ਮਾਨਾ ਹੋਣ ਕਰਕੇ ਇਹ ਰਾਜ ਅਕਾਲ ਅਤੇ ਅਟੱਲ ਲਗਦੇ ਹਨ। ਧਰਮ ਇਸਦੇ ਉਲਟ ਭਾਵੇਂ ਵਕਤ ਦਾ ਕੁਝ ਹੱਦ ਤੱਕ ਸ਼ਿਕਾਰ ਹੁੰਦਾ ਹੈ ਪਰ ਇਸ ਦੇ ਬੁਨਿਆਦੀ ਸਵਾਲ ਅਕਾਲ ਹਨ। ਹਸਤੀ ਦੇ ਬੁਨਿਆਦੀ ਸਵਾਲ ਅਤੇ ਅਸਤਿਤਵ ਦੇ ਦਵੰਦ ਅਕਾਲ ਅਤੇ ਅਟੱਲ ਹਨ। ਜਨਮ, ਮੌਤ, ਸ੍ਰਿਸ਼ਟੀ ਦਾ ਸ਼ੁਰੂ ਅਤੇ ਅੰਤ, ਸਦਾਚਾਰ ਦੇ ਅਸੂਲ, ਮਨੁੱਖੀ ਰੂਹ ਦੇ ਹਾਵ ਭਾਵ, ਇਨਸਾਨ ਦਾ ਬ੍ਰਹਿਮੰਡ, ਸ੍ਰਿਸ਼ਟੀ ਅਤੇ ਵਕਤ ਨਾਲ ਰਿਸ਼ਤਾ। ਮਨੁੱਖ ਦਾ ਆਪਣੇ ਆਪ ਨਾਲ ਰਿਸ਼ਤਾ ਅਤੇ ਇਨਸਾਨੀ ਜ਼ਿੰਦਗੀ ਦਾ ਮਕਸਦ ਆਦਿ ਸਵਾਲ ਧਰਮ ਦਾ ਵਿਸ਼ਾ ਹਨ। ਇਹ ਸਵਾਲ ਮੁਢ-ਕਦੀਮ ਤੋਂ ਚਲੇ ਆ ਰਹੇ ਹਨ। ਸਾਇੰਸ ਇਹਨਾਂ ਸਵਾਲਾਂ ਦੇ ਜਵਾਬ ਅਤੇ ਹਲ ਅਜੇ ਤਕ ਲੱਭ ਨਹੀਂ ਸਕੀ। ਸੁਕਰਾਤ ਤੋਂ ਲੈ ਕੇ ਸਾਰਤਰ ਤੱਕ ਹਸਤੀ ਦੇ ਸਵਾਲ ਉਠਾਏ ਗਏ ਹਨ। ਪੁਰਾਤਨ ਵੇਦਾਂ, ਵੇਦਾਤਾਂ, ਉਪਨਿਸ਼ਦਾਂ, ਪੁਰਾਣੀ ਅਤੇ ਨਵੀਂ ਅੰਜੀਲ, ਕੁਰਾਨ ਸ਼ਰੀਫ, ਕਨਫਿਊਸ਼ਸਵਾਦ ਅਤੇ ਗ੍ਰੰਥ ਸਾਹਿਬ ਵਿਚ ਇਹਨਾਂ ਸਵਾਲਾਂ ਨੂੰ ਉਠਾਇਆ ਅਤੇ ਸੁਲਝਾਇਆ ਗਿਆ ਹੈ। ਬਚਪਨ ਤੋਂ ਉਠਦਾ ਹਰ ਇਨਸਾਨ ਇਹ ਦਵੰਦ ਲੈਕੇ ਪਲਦਾ ਹੈ। ਧਰਮ ਪਿਛਲੇ ਕਈ ਹਜ਼ਾਰ ਸਾਲ ਤੋਂ ਪ੍ਰਸੰਗਤ (relevant) ਰਿਹਾ ਹੈ ਅਤੇ ਰਹੇਗਾ। ਸਾਇੰਸ ਨਾ ਧਰਮ ਦੀ ਥਾਂ ਲੈ ਸਕੀ ਹੈ ਅਤੇ ਨਾ ਅਜੇ ਲੈ ਸਕਦੀ ਹੈ। ਕਿਉਂਕਿ ਮਨੁੱਖੀ ਅਨੁਭਵ ਵਿਚ ਜਜ਼ਬਾਤ ਦਾ ਡੂੰਘਾ ਸਬੰਧ ਹੈ। ਜਜ਼ਬਾਤ ਦਾ ਸਬਲੀਮੇਸ਼ਨ ਹਮੇਸ਼ਾ ਕਾਫੀ ਨਹੀਂ। ਇਹਨਾਂ ਦਾ ਇਲਾਹੀਕਰਨ ਵੀ ਕਈ ਵਾਰ ਜ਼ਰੂਰੀ ਹੋ ਜਾਂਦਾ ਹੈ। ਮੇਰਾ ਖਿਆਲ ਹੈ ਕਿ ਜਦੋਂ ਯਥਾਰਥ ਪੂਰਨ ਤੌਰ ਤੇ ਮਨੁੱਖੀ ਤਰਕਸ਼ੀਲਤਾ ਦੇ ਅਨੁਕੂਗਲ . ਹੋ ਗਿਆ ਤਾਂ ਮਨੁੱਖੀ ਰੂਹ ਦਾ ਉਪਰੇਵਾਂ (alienation) ਉਦਰੇਵਾਂ ਅਤੇ ਵਿਯੋਗ ਖਤਮ ਹੋ ਸਕਦੇ ਹਨ। ਪਰ ਇਹ ਅਜੇ ਦੂਰ ਦੀ ਮੰਜ਼ਲ ਹੈ। ਮੌਜੂਦਾ ਦੁਨੀਆਂ ਅਧੂਰੀ ਅਤੇ ਬੇਦਲੀਲ ਹੈ। ਅਜੇ ਧਰਮ ਦਾ ਏਜੰਡਾ ਅਧਿਆਤਮਕ ਮਸਲਿਆਂ ਨਾਲ ਭਰਪੂਰ ਹੈ। ਧਰਮ ਦਾ ਇਹ ਮੰਤਵ ਰਾਜ ਦੇ ਮੰਤਵ ਨਾਲੋਂ ਬਿਲਕੁਲ ਵੱਖਰਾ ਹੈ। ਭਾਵੇਂ ਇਹ ਵੱਖਰਾਪਨ ਅੰਤਰ-ਸਬੰਧਤ ਦਵੰਦਾਂ ਦੀ ਸਾਂਝ ਵੀ ਰਖਦਾ ਹੈ।

ਰਾਜ ਦਾ ਅਧਾਰ ਨਿੱਜੀ ਜਾਇਦਾਦ ਵਿਚ ਹੈ। ਇਸ ਦੇ ਵਰਤਮਾਨ ਰੂਪ ਦਾ ਸੋਮਾ ਅਤੇ ਅਧਾਰ ਉਤਪਾਦਨ ਦੇ ਸਾਧਨਾਂ ਦਾ ਇਤਿਹਾਸਕ ਵਿਕਾਸ ਹੈ। ਇਸ ਦੇ ਮੌਜੂਦਾ ਅਦਾਰੇ ਦੌਲਤ ਦੀ ਕਮੀ 'ਚੋਂ ਪੈਦਾ ਹੋਈ ਕਾਣੀਵੰਡ ਤੇ ਅਧਾਰਤ ਹਨ। ਰਾਜ ਦਾ ਇਤਿਹਾਸਕ ਰੋਲ ਬਰਾਬਰੀ ਦੇ ਠੱਲ ਨੂੰ ਰੋਕ ਕੇ ਰੱਖਣਾ ਹੈ, ਜਦੋਂ ਤੱਕ ਉਤਪਾਦਕਤਾ ਦਾ ਇਨਕਲਾਬ ਕਮੀ ਅਤੇ ਕਾਣੀ ਵੰਡ ਤੋਂ ਅਗਲਾ ਯੁੱਗ ਨਹੀਂ ਲੈ ਆਉਂਦਾ। ਰਾਜ ਉਤਪਾਦਕਤਾ ਦੇ ਇਨਕਲਾਬ ਵੱਲ ਵੱਧ ਰਿਹਾ ਹੈ। ਉਤਪਾਦਕਤਾ ਦਾ ਮੁਕੰਮਲ ਇਨਕਲਾਬ ਕੌਮੀ ਰਾਜਾਂ ਨੂੰ ਫਜ਼ੂਲ (superflous) ਬਣਾ ਦੇਵੇਗਾ। ਇਸ ਨਜ਼ਰੀਏ ਅਨੁਸਾਰ ਰਾਜ ਤਕਨੀਕੀ ਇਨਕਲਾਬ ਦੀ ਸਲੀਬ ਮੋਢੇ ਚੁੱਕੀ, ਆਪਣੇ ਸਰਵਨਾਸ਼ ਵੱਲ ਵੱਧ ਰਿਹਾ ਹੈ। ਇਹ ਸਰਵਨਾਸ਼ ਇਕ ਸੰਜੋਗਾਤਮਕ ਸ਼ੁਰੂਆਤ ਹੋਵੇਗੀ। ਅਗਲਾ ਯੁੱਗ ਮਨੁੱਖੀ ਸੁਤੰਤਰਤਾ ਦਾ ਅਸਲ ਯੁਗ ਹੋਵੇਗਾ।

(ਚਲਦਾ)

Bhambra Construction Co. Ltd.

— ਸਪੈਸ਼ਲ ਸੇਵਾਵਾਂ —

— ਘਰਾਂ ਦੀ ਉਸਾਰੀ ਦੇ ਕੰਮਾਂ ਦੇ ਮਾਹਿਰ —

ਨੀਂਹਾਂ, ਫਰੇਮਿੰਗ, ਫਿਨਸ਼ਿੰਗ, ਘਰਾਂ 'ਚ ਵਧਾਰਾ ਕਰਨਾ, ਕਸਟਮ ਘਰਾਂ ਦੇ ਸਪੈਸ਼ਲਿਸਟ

ਕੰਮ ਦੀ ਗਰੰਟੀ ਤੇ ਫ਼ਰੀ ਐਸਟੀਮੇਟ

ਫ਼ੋਨ ਕਰੋ :

ਅਮਰੀਕ 859-3617

— SPECIALIZING IN —

Foundations, Framing, Finishing, Housing Additions,

Also Specializing in CUSTOM HOMES

GUARANTEED WORK & FREE ESTIMATES

call:

AMRIK 859-3617

ਮੈਂ ਤਾਂ ਹਾਂ ਇਕ ਸਾਹਿਤਕਾਰ

ਸਾਹਿਤਕਾਰ ਦੇ ਨਾਂ ਜਿਸਦੀ ਕੋਈ ਸਿਆਸਤ ਨਹੀਂ

ਅਜੀਤ ਮਨਸੂਰਪੁਰੀ

ਮੇਰਾ ਕੰਮ ਹੈ ਲਿਖੀ ਜਾਵਾਂ
ਜੋ ਮੂੰਹ ਆਵੇ ਬੋਲੀ ਜਾਵਾਂ
ਕੀ ਹੁੰਦਾ ਹੈ ਦੁਨੀਆਂ ਅੰਦਰ
ਮੈਂ ਕਿਉਂ ਜਾਣਾਂ ਇਸ ਦੀ ਸਾਰ ?
ਮੈਂ ਤਾਂ ਹਾਂ ਇਕ ਸਾਹਿਤਕਾਰ

ਮੈਂ ਲਿਖੀਆਂ ਹਨ ਪੰਜ ਪੋਥੀਆਂ
ਪੈਸੇ ਦੇ ਵਿਦਿਆਲੇ ਠੋਸੀਆਂ
ਏਧਰ ਉਧਰ ਭੀ ਕਈ ਵੇਚੀਆਂ
ਕਈ ਲਟਕਣ ਅੱਧ ਵਿਚਕਾਰ
ਮੈਂ ਤਾਂ ਹਾਂ ਇਕ ਸਾਹਿਤਕਾਰ

ਉਠ ਸਵੇਰੇ ਗੁਰੂ ਘਰ ਜਾਵਾਂ
ਲੰਮਾਂ ਪੈ ਕੇ ਨੱਕ ਘਸਾਵਾਂ
ਉਹਦੇ ਅੰਦਰ ਕੀ ਹੈ ਲਿਖਿਆ ?
ਇਸ ਗੱਲ ਦੀ ਹੈ ਸਮਝ ਨਾ ਸਾਰ
ਮੈਂ ਤਾਂ ਹਾਂ ਇਕ ਸਾਹਿਤਕਾਰ

ਗੁਰਪੁਰਬਾਂ ਤੇ ਸਦਾ ਮੈਂ ਜਾਵਾਂ
ਕਈ ਗੱਲਾਂ ਮਨਘੜਤ ਸੁਣਾਵਾਂ
ਚੰਦੂ ਗੰਗੂ ਦਾ ਛੇੜ ਕੇ ਸਾਕਾ
ਨਫਰਤ ਬਰਸਾਵਾਂ ਮੋਹਲੇਧਾਰ
ਮੈਂ ਤਾਂ ਹਾਂ ਇਕ ਸਾਹਿਤਕਾਰ

ਵਿਆਹ ਸ਼ਾਦੀ ਦੇ ਮੌਕੇ ਉਤੇ
ਲਿਖਾਂ ਸੇਹਰੇ ਜਾਗਦੇ ਸੁੱਤੇ
ਭੂਆ, ਮਾਸੀਆਂ, ਚਾਚੀਆਂ ਤਾਈਆਂ
ਸਭ ਨਾਵਾਂ ਦੀ ਲਾਵਾਂ ਡਾਰ
ਮੈਂ ਤਾਂ ਹਾਂ ਇਕ ਸਾਹਿਤਕਾਰ

ਡਾਲਰ ਆਉਂਦੇ ਦੇਖ ਕੇ ਹੱਸਾਂ
ਉਚੀ ਗਾਵਾਂ ਕਸਰ ਨਾ ਰੱਖਾਂ
ਜੋੜੀ ਵਿਚੋਂ ਖੁਸ਼ ਹੈ ਕੋਈ ?
ਇਹ ਨਾ ਮੇਰੀ ਸੋਚ ਵਿਚਾਰ
ਮੈਂ ਤਾਂ ਹਾਂ ਇਕ ਸਾਹਿਤਕਾਰ

ਖੁਸ਼ੀ ਕਿਸੇ ਘਰ ਜੇ ਆ ਜਾਵੇ
ਪੈਸਾ ਜਾਂ ਇਕ ਕਾਕਾ ਆਵੇ
ਮੈਂ ਦੌੜਾ ਉਹਦੇ ਘਰ ਜਾਵਾਂ
ਕੱਢਾਂ ਕਸੀਦੇ ਗਾਵਾਂ ਵਾਰ
ਮੈਂ ਤਾਂ ਹਾਂ ਇਕ ਸਾਹਿਤਕਾਰ

ਏਥੇ ਅਜ ਹੜਤਾਲ ਕਿਉਂ ਹੈ ?
ਪਿਕਟਿੰਗ ਦੀ ਭਰਮਾਰ ਕਿਉਂ ਹੈ ?
ਲੱਗੇ ਕਿਉਂ ਫਾਟਕ ਨੂੰ ਤਾਲੇ
ਖੜੀ ਕਿਉਂ ਪੋਲੀਸ ਦੀ ਕਾਰ ?
ਮੈਂ ਤਾਂ ਹਾਂ ਇਕ ਸਾਹਿਤਕਾਰ

ਕਿਉਂ ਏਨੇ ਲੋਕੀ ਬੇਘਰ ਨੇ ?
ਸੜਕਾਂ ਤੇ ਕਿਉਂ ਰੁਲਦੇ ਨੇ ?
ਕਿਉਂ ਬਣੀਆਂ ਹਨ ਬੱਚੀਆਂ ਵੇਸਵਾ ?
ਹੈ ਕੌਣ ਇਨ੍ਹਾਂ ਦਾ ਜ਼ੁਮੇਂਵਾਰ ?
ਮੈਂ ਤਾਂ ਹਾਂ ਇਕ ਸਾਹਿਤਕਾਰ

ਸਕੂਲ ਦੇ ਬੱਚੇ ਅਜ ਕਿਉਂ ਭੁੱਖੇ ?
ਫੂਡ ਬੈਂਕ ਕਿਉਂ ਏਥੇ ਖੁਲੇ ?
ਇਸ ਦੇ ਪਿਛੇ ਕਾਰਨ ਕੀ ਹੈ ?
ਲਗੇ ਹਨ ਧਨ ਦੇ ਅੰਬਾਰ
ਮੈਂ ਤਾਂ ਹਾਂ ਇਕ ਸਾਹਿਤਕਾਰ

ਕੌਣ ਨੇ ਹੁੰਦੇ ਇਹ ਫਲਸਤੀਨੀ ?
ਕਿਸੇ ਨੇ ਇਨ੍ਹਾਂ ਦੀ ਧਰਤੀ ਛੀਨੀ ?
ਇਜ਼ਰਾਈਲੀ ਕਿਉਂ ਓਹੀ ਕਰਦੇ ?
ਹਿਟਲਰ ਜੋ ਕੀਤੀ ਇਨ੍ਹਾਂ ਦੇ ਨਾਲ
ਮੈਂ ਤਾਂ ਹਾਂ ਇਕ ਸਾਹਿਤਕਾਰ

ਅਫਰੀਕਾ ਦੇ ਵਿਚ ਕਾਲੇ ਹੀ ਕਿਉਂ ?
ਗੋਲੀ ਦੇ ਨਾਲ ਮਰਦੇ ਕਿਉਂ ?
ਲੰਮੀਆਂ ਕੈਦਾਂ ਸਖਤ ਸਜ਼ਾਵਾਂ
ਕਿਉਂ ਦੇਂਦੀ ਗੋਰੀ ਸਰਕਾਰ ?
ਮੈਂ ਤਾਂ ਹਾਂ ਇਕ ਸਾਹਿਤਕਾਰ ।

ਕੌਣ ਅਮਨ ਨੂੰ ਲਾਂਬੂ ਲਾਉਂਦਾ ?
ਜ਼ਹਿਰੀਲੇ ਹਥਿਆਰ ਬਨਾਉਂਦਾ
ਜਿਸ ਨੂੰ ਹੁੰਦਾ ਫਾਇਦਾ ਇਸਦਾ
. ਕਿਸ ਨੂੰ ਹੁੰਦਾ ਫਾਇਦਾ ਇਸਦਾ ?
ਕਿਸ ਲਈ ਸਟਾਰ ਵਾਰ ?
ਮੈਂ ਤਾਂ ਹਾਂ ਇਕ ਸਾਹਿਤਕਾਰ

ਲੋਕ ਆਪਦੇ ਗੀਤ ਕਿਉਂ ਗਾਉਂਦੇ ?
ਘੱਤ ਵਹੀਰਾਂ ਬਾਹਰ ਆਉਂਦੇ
ਅਮਨ ਦੇ ਝੰਡੇ ਨਾਹਰੇ ਲਾਉਂਦੇ
ਪਰ ਮੈਂ ਨਾ ਲਿਖਾਂ ਅਮਨ ਦੀ ਵਾਰ
ਮੈਂ ਤਾਂ ਹਾਂ ਇਕ ਸਾਹਿਤਕਾਰ

ਕਿਸੇ ਸਿਆਸਤ ਵਿਚ ਨਾ ਆਵਾਂ
ਬਣਾਂ ਨਾ ਮੈਂਬਰ ਚੰਦਾ ਪਾਵਾਂ
ਖੱਬੇ ਸੱਜੇ ਕੀ ਹਨ ਹੁੰਦੇ ?
ਇਹ ਫਰਕ ਨਾ ਜਾਣੇ ਕਲਾਕਾਰ
ਮੈਂ ਤਾਂ ਹਾਂ ਇਕ ਸਾਹਿਤਕਾਰ

ਪਿਆਰ ਤਾਂ ਕਦੇ ਮੈਂ ਕੀਤਾ ਨਹੀਂ
ਪਿਠੇ ਰਸ ਦਾ ਘੁੱਟ ਪੀਤਾ ਨਹੀਂ
ਕੀ ਪਿਆਰ ਦੇ ਵਿਚ ਹੁਲਾਰਾ ਹੁੰਦਾ ?
ਇਸ ਵਿਚ ਕੀ ਹੈ ਚਮਤਕਾਰ ?
ਮੈਂ ਤਾਂ ਹਾਂ ਇਕ ਸਾਹਿਤਕਾਰ ।

ਰਾਧਾ ਸੁਆਮੀ ਡੇਰੇ ਵਿਚ ਸ਼ਰਨ

ਅੰਮ੍ਰਿਤਸਰ — ਇਸ ਇਲਾਕੇ ਵਿਚ ਹੋਈਆਂ ਵਾਰਦਾਤਾਂ ਨੂੰ ਧਿਆਨ ਵਿਚ ਰੱਖਦਿਆਂ ਕਈ ਸਿੱਖ ਪਰਿਵਾਰਾਂ ਨੇ ਬਿਆਸ ਨੇੜੇ ਰਾਧਾ ਸੁਆਮੀ ਡੇਰੇ ਵਿਚ ਸ਼ਰਨ ਲਈ ਹੋਈ ਹੈ। ਡੇਰੇ ਵਿਚ ਉਨ੍ਹਾਂ ਨੂੰ ਠਹਿਰਨ ਅਤੇ ਰਾਸ਼ਨ ਦੀ ਮੁਫਤ ਸਹੂਲਤ ਮਿਲ ਰਹੀ ਹੈ । ਇਸ ਕਾਰਨ ਡੇਰੇ ਦੇ ਪ੍ਰਬੰਧਕਾਂ ਨੂੰ ਵੀ ਅਜੀਬ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸੇ ਡੇਰੇ ਵਿਚ ਆ ਕੇ ਠਹਿਰਨ ਵਾਲਿਆਂ ਵਿਚ ਵਡਾਲਾ ਕਲਾਂ, ਦਨਿਆਲ, ਵਜ਼ੀਰ ਭੁੱਲਰ, ਚੰਨਣਕੇ, ਊਧੋ-ਨੰਗਲ ਅਤੇ ਮਹਿਤਾ ਦੇ ਪਰਿਵਾਰ ਵੀ ਸ਼ਾਮਲ ਹਨ ।

ਭਾਵੇਂ ਅਧਿਕਾਰੀ ਸਿੱਖਾਂ ਵਲੋਂ ਡੇਰੇ ਵਿਚ ਸ਼ਰਨ ਲੈਣ ਦੀ ਪੁਸ਼ਟੀ ਕਰਦੇ ਹਨ ਪਰ ਉਨ੍ਹਾਂ ਦੇ ਵਿਚਾਰ ਅਨੁਸਾਰ ਸਥਿਤੀ ਬਹੁਤੀ ਚਿੰਤਾਜਨਕ ਨਹੀਂ ਹੈ ।

ਤਰਨਤਾਰਨ ਦੇ ਕਈ ਅਮੀਰ ਪਰਿਵਾਰ ਇਥੇ ਸ਼ਹਿਰ ਵਿਚ ਰਹਿਣ ਨੂੰ ਤਰਜੀਹ ਦੇ ਰਹੇ ਹਨ । ਜਿਨ੍ਹਾਂ ਲੋਕਾਂ ਨੂੰ ਧਮਕੀ ਪੱਤਰ ਮਿਲੇ ਹਨ ਉਨ੍ਹਾਂ ਵਿਚੋਂ ਵੀ ਕਈਆਂ ਨੇ ਇਥੇ ਕਿਰਾਏ ਉਤੇ ਮਕਾਨ ਲੈ ਲਏ ਹਨ ਇਲਾਕੇ ਵਿਚ ਹੋਈਆਂ ਕਤਲਾਂ ਦੀਆਂ ਵਾਰਦਾਤਾਂ ਕਾਰਨ ਜੰਡਿਆਲਾ ਵਰਗੇ ਕਸਬਿਆਂ ਵਿਚ ਤਾਂ ਮਕਾਨ ਹੀ ਨਹੀਂ ਮਿਲਦੇ ।

BRAKE & CLUTCH PARTS ONLY
WHOLESALE TO THE PUBLIC

V.A.P. DISTRIBUTORS (1987) LTD.

brake PARTS ONLY
DOMESTIC & IMPORT BRAKE PARTS SPECIALISTS
"WHOLESALE TO PUBLIC"



MACHINE ROTOR [illegible] ea.
MACHINE DRUM [illegible] ea.


Heavy duty brake shoes from $10.80
Heavy duty brake pads from $9.50
Metallic pads from $17.79
Disc rotor (import) from $11.80
Disc rotor (most domestic) from $35.00
Brake drum from $38.00

WATER PUMPS



We carry all makes
From $18.00 exchange


ALTERNATOR & STARTER PARTS



3 Examples
GM 350 cu. in. 73-80 STD 3839 .... $48.00 exch.
Dodge 73-80 STG 2806 .... $48.00 exch.
Ford 76-80 STF 558 .... $48.00 exch.

ALTERNATORS
3 Examples
Ford 73-78 40 amp FD5011 .... $37.00 exch.
GM (built-in regulator)
42 amp DR3053 .... $44.00 exch.
63 amp DR3054 .... $48.00 exch.
Dodge 60 amp CC2025 .... $45.00 exch.

REBUILT MASTER CYLINDERS



For most domestic cars
From $24.50 exchange
Stock No. 40,000

clutch PARTS ONLY



CLUTCH BEARING from $9.00
CLUTCH DISC from $18.80
PRESSURE PLATE from $28.00
CLUTCH MASTER CYLINDER (new) from $28.80

REBUILT CALIPERS
SPECIAL!



Single piston caliper
For most domestic cars
No. 524, 525
From $14.40 exchange

REPAIR SPECIALS
Burnaby Location Only
COMPLETE FRONT BRAKE JOB
• Machine rotors • Pack bearings
• Replace heavy duty organic pads
From $49.95
most cars & light trucks
plus FREE oil change.
STARTERS FROM
$79.95 INSTALLED
Most cars & light trucks.
1 year warranty plus FREE oil change.
ALTERNATORS FROM
$69.95 INSTALLED
Most cars & light trucks.
1 year warranty plus FREE oil change.
Expires March 2, 1988

DRUM AND ROTORS TURNED WHILE-YOU-WAIT
DRUMS $5.00 ROTORS $5.00
CARS ONLY
SPECIAL TILL April 30, '88
With 'Canada Darpan' Coupon
Surrey, Burnaby and Vancouver (Clark Dr. store) only

GUARANTEED LOWEST PRICES
4 LOCATIONS TO SERVE YOU
ON SAME BRAND OR SAME QUALITY AUTO PARTS
MORE LOCATIONS OPENING SOON

VANCOUVER
1828 Clark Dr. (at 3rd) 251-9060
8:30-5:30 Mon.-Fri., Sat. 9-5

VANCOUVER
1320 E. Pender St. 253-6311
8:30-5:30 Mon.-Fri., Sat. 9-5

BURNABY
5369 Imperial St. 430-6375
8:30-5:30 Mon.-Fri., Sat. 9-5

SURREY
10706 K. George Hwy. 581-5464
8:30-5:30 Mon.-Fri., Sat. 9-5

TOLL FREE 1-800-663-6044
PHONE ORDERS WELCOME • OUT OF TOWN ORDERS SHIPPED PROMPTLY — VISA NUMBER, MASTERCARD NUMBER, C.O.D. OR TELECHEQUE
V.A.P. DISTRIBUTORS (1987) LTD.

ਅੰਮ੍ਰਿਤਸਰ

ਸ਼੍ਰੀਮਤੀ ਇੰਦਰਾ ਗਾਂਧੀ ਦੀ ਅੰਤਲੀ ਲੜਾਈ

ਇਕ ਪ੍ਰਧਾਨ ਮੰਤਰੀ ਦਾ ਕਤਲ

ਸ਼੍ਰੀਮਤੀ ਇੰਦਰਾ ਗਾਂਧੀ, ਉਹ ਔਰਤ ਜੋ ਲਗਭਗ ਵੀਹ ਸਾਲਾਂ ਤੋਂ ਭਾਰਤ ਦੀ ਰਾਜਨੀਤੀ ਤੇ ਛਾਈ ਰਹੀ ਹੈ, 31 ਅਕਤੂਬਰ, 1984 ਨੂੰ ਸਵੇਰੇ ਸਵਾ ਨੌਂ ਵਜੇ ਆਪਣੇ ਬੰਗਲੇ ਦੇ ਬਗਲੀ ਦਰਵਾਜ਼ੇ ਤੋਂ, ਆਪਣੇ ਦਫ਼ਤਰ ਜਾਣ ਲਈ ਵਿਹੜਾ ਪਾਰ ਕਰਨ ਲਈ ਨਿਕਲੀ। ਜਿੰਨਾ ਸਮਾਂ ਵੀ ਉਹ ਪ੍ਰਧਾਨ ਮੰਤਰੀ ਰਹੀ, ਉਸਨੇ ਆਪਣੀ ਰਿਹਾਇਸ਼ ਇਕ ਸਫਦਰ ਜੰਗ ਰੋਡ ਤੇ ਹੀ ਰੱਖੀ ਜਿਹੜਾ ਕਿ ਇਕ ਸਾਦਾ, ਸਫੇਦ, ਅੰਗਰੇਜ਼ੀ ਬਸਤੀਵਾਦ ਕਿਸਮ ਦਾ ਬੰਗਲਾ ਹੈ। ਅਜਿਹੇ ਬੰਗਲੇ ਅੰਗਰੇਜ਼ਾਂ ਨੇ ਆਪਣੇ ਪ੍ਰਬੰਧਕੀ ਅਫ਼ਸਰਾਂ ਦੇ ਨਿਵਾਸ ਲਈ ਉਦੋਂ ਬਣਾਏ ਸਨ, ਜਦੋਂ ਉਨ੍ਹਾਂ ਨੇ ਆਪਣੀ ਰਾਜਧਾਨੀ ਕਲਕੱਤੇ ਤੋਂ ਦਿੱਲੀ ਲਿਆਂਦੀ ਸੀ। ਪ੍ਰਧਾਨ ਮੰਤਰੀ ਦਾ ਨਿਵਾਸ ਸਥਾਨ ਕਿਸੇ ਵੀ ਤਰ੍ਹਾਂ ਚਮਕੀਲਾ, ਭੜਕੀਲਾ, ਵਿਖਾਵੇ ਭਰਿਆ ਜਾਂ ਘਟੀਆ ਨਹੀਂ ਸੀ। ਹੋਰ ਬਹੁਤ ਸਾਰੇ ਸਰਕਾਰਾਂ ਦੇ ਮੁਖੀਆਂ ਮੁਕਾਬਲੇ ਸ਼੍ਰੀਮਤੀ ਗਾਂਧੀ ਦੀ ਖ਼ੂਬਸੂਰਤ ਤੇ ਸੁਹਜ ਸਵਾਦ ਵਾਲੀ ਰੁਚੀ ਉਸ ਦਾ ਖਾਸ ਗੁਣ ਸੀ। ਭਾਵੇਂ ਉਸਦਾ ਅਥਾਹ ਰਾਜਨੀਤਕ ਰੁਪਏ ਉਤੇ ਅਧਿਕਾਰ ਸੀ, ਪ੍ਰੰਤੂ ਉਹ ਆਪਣੇ ਪੁੱਤਰ ਰਾਜੀਵ, ਉਸਦੀ ਇਤਾਲਵੀ ਪਤਨੀ ਸੋਨੀਆ ਅਤੇ ਉਸਦੇ ਦੋ ਬੱਚਿਆਂ ਨਾਲ ਬਹੁਤ ਹੀ ਸਾਦੀ ਘਰੇਲੂ ਜ਼ਿੰਦਗੀ ਬਤੀਤ ਕਰਦੀ ਸੀ।

ਪ੍ਰਧਾਨ ਮੰਤਰੀ ਆਪਣੇ ਪਹਿਨਣ ਲਈ ਸਾੜ੍ਹੀਆਂ ਦੀ ਚੋਣ ਸਦਾ ਹੀ ਬੜੇ ਧਿਆਨ ਨਾਲ ਕਰਦੀ ਸੀ। ਉਸ ਸਵੇਰ ਉਸ ਨੇ ਕੇਸਰੀ ਸਾੜ੍ਹੀ ਪਹਿਨੀ ਹੋਈ ਸੀ ਕਿਉਂਕਿ ਇਹ ਰੰਗ ਟੈਲੀਵੀਜ਼ਨ ਤੇ ਬਹੁਤ ਹੀ ਨਿਖਰ ਕੇ ਆਉਂਦਾ ਸੀ। ਉਹ ਪ੍ਰਸਿੱਧ ਨਾਟਕਕਾਰ, ਅਦਾਕਾਰ ਅਤੇ ਹਾਸਰਸੀ ਲੇਖਕ ਪੀਟਰ ਉਸਤੀਨੋਵ ਨਾਲ ਇਕ ਟੈਲੀਵੀਜ਼ਨ ਇੰਟਰਵੀਊ ਲਈ ਜਾ ਰਹੀ ਸੀ। ਵਿਅੰਗ ਦੀ ਗੱਲ ਹੈ ਕਿ ਕੇਸਰੀ ਰੰਗ ਸਿੱਖ ਮਤ ਵਿਚ ਸ਼ਹਾਦਤ ਦੀ ਨਿਸ਼ਾਨੀ ਹੈ। ਸ਼੍ਰੀਮਤੀ ਗਾਂਧੀ ਵਿਚ ਖੁਦ-ਪਸੰਦੀ ਸੀ। ਵਿਸ਼ਵਨੇਤਾ ਦੇ ਤੌਰ ਤੇ ਆਪਣੇ ਰੁਤਬੇ ਤੋਂ ਉਹ ਚੰਗੀ ਤਰ੍ਹਾਂ ਜਾਣੂ ਸੀ ਅਤੇ ਉਹ ਇਸਦਾ ਭਰਪੂਰ ਅਨੰਦ ਮਾਣਦੀ ਸੀ। ਭਾਵੇਂ ਉਹ ਪੱਛਮੀ ਪ੍ਰੈਸ ਦੀ ਬਹੁਤ ਕੌੜੀ ਆਲੋਚਕ ਸੀ, ਪ੍ਰੰਤੂ ਬਾਹਰੋਂ ਆਉਣ ਵਾਲੀਆਂ ਵਿਖਿਆਤ ਹਸਤੀਆਂ ਦੀ ਪ੍ਰੈਸ ਮਿਲਣੀ ਦੀ ਬੇਨਤੀ ਨੂੰ ਉਹ ਸਦਾ ਹੀ ਚਾਅ ਅਤੇ ਫੁਰਤੀ ਨਾਲ ਸਵੀਕਾਰਦੀ ਸੀ। ਜ਼ਿਆਦਾਤਰ ਪ੍ਰਧਾਨ ਮੰਤਰੀ ਆਪਣਾ ਸਵੇਰ ਦਾ ਕਾਰ ਵਿਹਾਰ 'ਦਰਸ਼ਨ' ਤੋਂ ਸ਼ੁਰੂ ਕਰਦੀ ਸੀ, ਜਿਸ ਸਮੇਂ ਉਹ ਚੁਣੇ ਹੋਏ ਲੋਕਾਂ ਦੇ ਜੱਥਿਆਂ ਨੂੰ, ਜਿਨ੍ਹਾਂ ਵਿਚ ਬਹੁਤੀ ਗਰੀਬ ਜਨਤਾ ਤੇ ਭਾਰਤ ਦੇ ਦੂਰ-ਦਰਾਜ ਇਲਾਕਿਆਂ ਤੋਂ ਆਏ ਲੋਕ ਹੁੰਦੇ ਸਨ, ਨੂੰ ਇਕ ਸਫਦਰ ਜੰਗ ਰੋਡ ਤੇ ਬੇਤਕੱਲਫੀ ਨਾਲ ਮਿਲਦੀ ਸੀ। 31 ਅਕਤੂਬਰ ਦੀ ਸਵੇਰੇ 'ਦਰਸ਼ਨ' ਦਾ ਪ੍ਰਬੰਧ ਨਹੀਂ ਕੀਤਾ ਗਿਆ ਸੀ। ਉੜੀਸਾ ਦੀ ਯਾਤਰਾ ਅੱਧ ਵਿਚਕਾਰ ਛੱਡ ਕੇ ਸ਼੍ਰੀਮਤੀ ਗਾਂਧੀ ਪਿਛਲੀ ਰਾਤ ਹੀ ਵਾਪਸ ਆਈ ਸੀ। ਇਸ ਯਾਤਰਾ ਦੌਰਾਨ ਦਿੱਤੇ ਆਪਣੇ ਅੰਤਲੇ ਲੋਕ-ਭਾਸ਼ਣ ਵਿਚ ਉਸਨੇ ਜੋ ਕਿਹਾ, ਉਸ ਤੋਂ ਇੰਝ ਲਗਦਾ ਸੀ ਜਿਵੇਂ ਉਸਨੂੰ ਆਪਣੀ ਮੌਤ ਦਾ ਪਹਿਲਾਂ ਹੀ ਆਭਾਸ ਹੋ ਗਿਆ ਹੋਵੇ। ਉਸਨੇ ਕਿਹਾ, 'ਮੈਨੂੰ ਇਹ ਚਿੰਤਾ ਨਹੀਂ ਹੈ ਕਿ ਮੈਂ ਜ਼ਿੰਦਾ ਰਹਿੰਦੀ ਹਾਂ ਜਾਂ ਨਹੀਂ। ਜਦ ਤੱਕ ਮੇਰਾ ਸਾਹ ਚਲਦਾ ਹੈ, ਮੈਂ ਤੁਹਾਡੀ ਸੇਵਾ ਕਰਦੀ ਰਹਾਂਗੀ। ਜਦੋਂ ਮੈਂ ਮਰ ਜਾਵਾਂਗੀ, ਮੇਰੇ ਖ਼ੂਨ ਦੀ ਹਰ ਬੂੰਦ ਭਾਰਤ ਨੂੰ ਸ਼ਕਤੀ ਦੇਵੇਗੀ ਅਤੇ ਇਸ ਨੂੰ ਇਕਮੁੱਠ ਰੱਖਣ ਵਿਚ ਸਹਾਈ ਹੋਵੇਗੀ।' ਸ਼੍ਰੀਮਤੀ ਗਾਂਧੀ ਆਪਣੀ ਯਾਤਰਾ ਤੋਂ ਜਲਦੀ ਵਾਪਸ ਆ ਗਈ ਸੀ ਕਿਉਂਕਿ ਉਸਦੇ ਪੋਤੇ ਤੇ ਪੋਤੀ ਨਾਲ ਦਿੱਲੀ ਵਿਚ ਇਕ ਕਾਰ ਦੁਰਘਟਨਾ ਵਾਪਰ ਗਈ ਸੀ। ਉਸਦੇ ਸਾਰੇ ਪਰਿਵਾਰ ਨੂੰ ਹੀ ਉਨ੍ਹਾਂ ਸਿੱਖਾਂ ਤੋਂ ਧਮਕੀ ਭਰੇ ਪੱਤਰ ਪ੍ਰਾਪਤ ਹੋ ਰਹੇ ਸਨ, ਜਿਨ੍ਹਾਂ ਵਿਚ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਤੇ ਹੋਏ ਫੌਜ ਦੇ ਹਮਲੇ ਕਾਰਨ ਰੋਹ ਭਰਿਆ ਹੋਇਆ ਸੀ ਅਤੇ ਸ਼੍ਰੀਮਤੀ ਗਾਂਧੀ ਨੂੰ ਇਹ ਅੰਦੇਸ਼ਾ ਸੀ ਕਿ ਇਹ ਦੁਰਘਟਨਾ ਸ਼ਾਇਦ ਉਸਦੇ ਪੋਤੇ ਪੋਤੀ ਦੀ ਜਾਨ ਤੇ ਕੀਤਾ ਹੋਇਆ ਹਮਲਾ ਹੋਵੇ।

ਸ਼੍ਰੀਮਤੀ ਗਾਂਧੀ ਦੇ ਨਿਵਾਸ ਅਤੇ ਦਫਤਰ ਦਾ ਵਲਗਣ ਇਕ ਵਾੜ ਰਾਹੀਂ ਵੰਡਿਆ ਹੋਇਆ ਸੀ ਜਿਸ ਵਿਚ ਇਕ ਫਾਟਕੀ ਲੱਗੀ ਹੋਈ ਸੀ। ਜਿਵੇਂ ਹੀ ਪ੍ਰਧਾਨ ਮੰਤਰੀ ਹਰ ਰੋਜ਼ ਦੀ ਤਰ੍ਹਾਂ ਆਪਣੇ ਨਿੱਜੀ ਸਹਾਇਕ ਆਰ. ਕੇ. ਧਵਨ ਨਾਲ ਫਾਟਕੀ ਤਕ ਪਹੁੰਚੀ ਤਾਂ ਉਹ ਬੇਅੰਤ ਸਿੰਘ ਨੂੰ ਵੇਖ ਕੇ ਮੁਸਕਰਾਈ ਜਿਹੜਾ ਇਕ ਸਿੱਖ ਪੁਲਿਸ ਸਬ ਇੰਸਪੈਕਟਰ ਸੀ ਅਤੇ ਉਥੇ ਸੁਰੱਖਿਆ ਦੀ ਡਿਊਟੀ ਤੇ ਤੈਨਾਤ ਸੀ। ਜਿਉਂ ਹੀ ਉਹ ਮੁਸਕਰਾਈ, ਬੇਅੰਤ ਸਿੰਘ ਨੇ ਆਪਣਾ ਰਿਵਾਲਵਰ ਕੱਢਕੇ ਉਸ ਤੇ ਗੋਲੀ ਦਾਗ ਦਿੱਤੀ। ਉਹ ਜ਼ਮੀਨ ਤੇ ਡਿੱਗ ਪਈ ਅਤੇ ਇਕ ਸਿੱਖ ਸਿਪਾਹੀ ਸਤਵੰਤ ਸਿੰਘ ਜਿਹੜਾ ਫਾਟਕੀ ਦੇ ਦੂਸਰੇ ਪਾਸੇ ਡਿਊਟੀ ਤੇ ਸੀ, ਨੇ ਆਪਣੀ ਸਟੇਨਗੰਨ ਪ੍ਰਧਾਨ ਮੰਤਰੀ ਦੀ ਦੇਹ ਤੇ ਖਾਲੀ ਕਰ ਦਿੱਤੀ। ਸਤਵੰਤ ਦੀਆਂ ਦੀਆਂ ਬਹੁਤੀਆਂ ਗੋਲੀਆਂ ਪ੍ਰਧਾਨ ਮੰਤਰੀ ਨੂੰ ਨਾ ਵੱਜੀਆਂ ਤੇ ਕੰਕਰੀਟ ਵਿਛੇ ਰਸਤੇ ਤੋਂ ਇਧਰ-ਉਧਰ ਖਿੰਡ ਗਈਆਂ।

ਪ੍ਰਧਾਨ ਮੰਤਰੀ ਨੂੰ ਗੋਲੀ ਮਾਰਕੇ, ਜਿਸਦੀ ਸੁਰੱਖਿਆ ਲਈ ਉਹ ਤੈਨਾਤ ਕੀਤਾ ਗਿਆ ਸੀ, ਬੇਅੰਤ ਸਿੰਘ ਨੇ ਆਪਣਾ ਵਾਕੀ-ਟਾਕੀ ਸੈੱਟ ਵਾੜ ਤੇ ਟੰਗ ਦਿੱਤਾ। ਉਸ ਆਪਣੇ ਹੱਥ ਸਿਰ ਤੋਂ ਉਪਰ ਚੁੱਕ ਲਏ ਅਤੇ ਕਿਹਾ 'ਮੈਂ ਜੋ ਕਰਨਾ ਸੀ ਕਰ ਦਿੱਤਾ ਹੈ, ਹੁਣ ਤੁਸੀਂ ਜੋ ਕਰਨਾ ਹੈ ਕਰ ਲਵੋ।' ਉਸ ਨੇ ਭਾਰਤੀ ਫੌਜ ਦੇ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਤੇ ਕੀਤੇ ਹਮਲੇ ਦਾ ਬਦਲਾ ਲੈ ਲਿਆ ਸੀ, ਉਹ ਤੀਰਥ ਜਿਸ ਦਾ ਵਾਸਾ ਸਿੱਖ ਮਤ ਦੇ ਦਿਲ ਵਿਚ ਹੈ।

ਦੋਨੋਂ ਅੰਗ ਰੱਖਿਅਕਾਂ ਨੂੰ ਦਫਤਰ ਦੇ ਵਲਗਣ ਦੇ ਅੰਦਰ ਬਣੀ ਪੁਲਿਸ ਚੌਕੀ ਵਿਚ, ਤੁੰਨ ਦਿੱਤਾ ਗਿਆ, ਜਿਥੇ ਉਨ੍ਹਾਂ ਦੀ ਇੰਡੋ-ਤਿਬਤਨ ਬਾਰਡਰ ਪੁਲਿਸ ਦੇ ਜਵਾਨਾਂ ਨਾਲ ਖਹਿਬੜ ਹੋ ਗਈ, ਜੋ ਪ੍ਰਧਾਨ ਮੰਤਰੀ ਨਿਵਾਸ ਨੂੰ ਸੁਰੱਖਿਆ ਦਾ ਬਾਹਰੀ ਘੇਰਾ ਪ੍ਰਦਾਨ ਕਰਦੇ ਸਨ। ਇਸ ਖਹਿਬੜ ਵਿਚ ਬੇਅੰਤ ਸਿੰਘ ਗੋਲੀ ਨਾਲ ਮਾਰਿਆ ਗਿਆ

→

ਮਾਰਕ ਟੱਲੀ ਤੇ ਸਤੀਸ਼ ਜੈਕਬ ਦੀਆਂ ਪਾਠਕਾਂ ਨਾਲ ਦੋ ਗੱਲਾਂ

ਅੰਮ੍ਰਿਤਸਰ, ਸ਼੍ਰੀਮਤੀ ਗਾਂਧੀ ਦੀ ਅੰਤਲੀ ਲੜਾਈ, ਸਿੱਖਾਂ ਵਿਰੁੱਧ ਲੜਾਈ ਨਹੀਂ ਸੀ ਕਿਉਂਕਿ ਸ਼੍ਰੀਮਤੀ ਗਾਂਧੀ ਸਿੱਖ ਭਾਈਚਾਰੇ ਨੂੰ ਬਹੁਤ ਸਨੇਹ ਨਾਲ ਤੱਕਦੀ ਸੀ। ਇਹ ਇਕ ਐਸੀ ਲੜਾਈ ਸੀ ਜਿਸ ਵਿਚ ਪਿਆਦਾ ਫੌਜ, ਬਕਤਰ ਅਤੇ ਤੋਪਖਾਨੇ ਨੂੰ ਆਤੰਕਵਾਦੀਆਂ ਦੇ ਇਕ ਛੋਟੇ ਜਿਹੇ ਗਰੁੱਪ (ਜਿਸ ਨੇ ਹਰਿਮੰਦਰ ਸਾਹਿਬ ਦੀ ਕਿਲ੍ਹੇਬੰਦੀ ਕਰਕੇ ਇਸ ਨੂੰ ਆਪਣਾ ਟਿਕਾਣਾ ਬਣਾ ਕੇ ਭਾਰਤ ਸਰਕਾਰ ਦੇ ਹੁਕਮਾਂ ਦੀ ਅਵੱਗਿਆ ਕੀਤੀ) ਦੇ ਵਿਰੁੱਧ ਵਰਤਿਆ ਗਿਆ। ਇਹ ਦੁਖਾਂਤ ਹੈ ਕਿ ਬਹੁਤ ਸਾਰੇ ਸਿੱਖ ਇਸ ਗੱਲ ਨੂੰ ਸਵੀਕਾਰ ਨਹੀਂ ਕਰਦੇ। ਉਨ੍ਹਾਂ ਦਾ ਦਾਅਵਾ ਹੈ ਕਿ ਇਹ ਸੱਚਮੁਚ ਹੀ ਉਨ੍ਹਾਂ ਦੇ ਭਾਈਚਾਰੇ ਵਿਰੁੱਧ ਲੜਾਈ ਸੀ। ਮੈਂ ਅਤੇ ਸਤੀਸ਼ ਜੈਕਬ ਉਨ੍ਹਾਂ ਘਟਨਾਵਾਂ ਦਾ ਜਿਨ੍ਹਾਂ ਦੇ ਫਲਸਰੂਪ ਹਰਿਮੰਦਰ ਸਾਹਿਬ ਵਿਚ ਫੌਜੀ ਕਾਰਵਾਈ ਹੋਈ, ਬਹੁਤ ਨੇੜਿਉਂ ਅਧਿਐਨ ਕਰਦੇ ਰਹੇ ਹਾਂ ਅਤੇ ਬਦਲਦੇ ਹਾਲਾਤ ਦੇ ਹਰ ਵਲ-ਫੇਰ ਅਤੇ ਮੋੜ ਦੀ ਬੀ. ਬੀ. ਸੀ. ਦੀਆਂ ਵਿਦੇਸ਼ ਸੇਵਾਵਾਂ (ਜਿਨ੍ਹਾਂ ਦਾ ਭਾਰਤ ਵਿਚ ਵੀ ਭਾਰੀ ਸਰੋਤਾ ਸਮੂਹ ਹੈ) ਅਤੇ ਬੀ. ਬੀ. ਸੀ. ਰੇਡੀਓ ਅਤੇ ਟੈਲੀਵੀਜ਼ਨ ਲਈ ਰੀਪੋਰਟਿੰਗ ਕਰਦੇ ਰਹੇ ਹਾਂ।

ਇਹ ਪੁਸਤਕ ਅਸੀਂ ਸ਼੍ਰੀਮਤੀ ਗਾਂਧੀ ਦੇ ਕਤਲ ਤੋਂ ਪਹਿਲਾਂ ਲਿਖਣੀ ਸ਼ੁਰੂ ਕੀਤੀ ਸੀ ਕਿਉਂਕਿ ਸਾਨੂੰ ਯਕੀਨ ਸੀ ਕਿ ਜੇ ਇਹ ਸਚਾਈ ਨਾ ਪਛਾਣੀ ਗਈ ਕਿ ਇਸ ਤਬਾਹੀ ਲਈ ਸਿੱਖ ਲੀਡਰਸ਼ਿਪ ਵੀ ਭਾਰਤ ਸਰਕਾਰ ਜਿੰਨੀ ਹੀ ਜ਼ਿਮੇਂਵਾਰ ਹੈ ਤਾਂ 'ਅਪਰੇਸ਼ਨ ਬਲੂ ਸਟਾਰ' ਦਾ ਭਾਰਤ ਦੀ ਏਕਤਾ ਤੇ ਗੰਭੀਰ ਪ੍ਰਭਾਵ ਪਵੇਗਾ। ਸ਼੍ਰੀਮਤੀ ਗਾਂਧੀ ਦੇ ਦੁਖਦਾਈ ਅੰਤ ਨੇ ਸਾਨੂੰ ਸਹੀ ਸਾਬਤ ਕੀਤਾ। ਉਹ ਮਾਰੀ ਗਈ ਕਿਉਂਕਿ ਕੁਝ ਸਿੱਖਾਂ ਨੂੰ ਇਹ ਯਕੀਨ ਸੀ ਕਿ ਉਸਨੇ ਜਾਣਬੁਝ ਕੇ ਅਤੇ ਅਨੁਚਿਤ ਰੂਪ ਵਿਚ ਉਨ੍ਹਾਂ ਦੇ ਸਭ ਤੋਂ ਪਵਿੱਤਰ ਅਸਥਾਨ ਤੇ ਹਮਲਾ ਕੀਤਾ। ਸਿੱਖ ਭਾਈਚਾਰੇ ਦੇ ਇਕ ਵੱਡੇ ਹਿੱਸੇ ਦੀ ਬੇਗਾਨਗੀ ਨੂੰ ਸ਼੍ਰੀਮਤੀ ਗਾਂਧੀ ਦੇ ਕਤਲ ਤੋਂ ਬਾਦ ਸਿੱਖਾਂ ਵਿਰੁੱਧ ਅਰੰਭੀ ਗਈ ਹਿੰਸਾ ਨੂੰ ਰੋਕਣ ਵਿਚ ਸਰਕਾਰ ਦੀ ਅਸਮਰਥਤਾ ਨੇ ਹੋਰ ਵਧਾਇਆ। ਇਸ ਲਈ ਅਸੀਂ ਮਹਿਸੂਸ ਕੀਤਾ ਕਿ ਸੰਤ ਭਿੰਡਰਾਂਵਾਲੇ ਦੀ ਕਹਾਣੀ ਅਤੇ ਉਨ੍ਹਾਂ ਗਲਤੀਆਂ ਦਾ ਜ਼ਿਕਰ ਕਰਨਾ ਹੋਰ ਵੀ ਜ਼ਰੂਰੀ ਹੈ ਜਿਨ੍ਹਾਂ ਦੇ ਸਿਟੇ ਵਜੋਂ ਹਰਿਮੰਦਰ ਸਾਹਿਬ ਦਾ ਸਾਕਾ ਵਾਪਰਿਆ।

ਜੇ ਇਸ ਪੁਸਤਕ ਨੂੰ ਪੜ੍ਹ ਕੇ ਆਪਸ ਵਿਚ ਟਕਰਾਅ ਰਹੀਆਂ ਸ਼ਕਤੀਆਂ ਨੂੰ ਹਿੰਦੂ ਤੇ ਸਿੱਖ ਵਧੇਰੇ ਠੀਕ ਢੰਗ ਨਾਲ ਸਮਝ ਸਕਣ ਤਾਂ ਨਿਸ਼ਚੇ ਹੀ ਇਸ ਨਾਲ ਦੋਹਾਂ ਵਿਚ ਇਕਸੁਰਤਾ ਦੀ ਆਸ ਤਕੜੀ ਹੋਵੇਗੀ। ਅਸੀਂ ਇਹ ਉਘਾੜਣ ਦੀ ਕੋਸ਼ਿਸ਼ ਕੀਤੀ ਹੈ ਕਿ ਕੋਈ ਵੀ ਪੱਖ ਅਜੇਹੀ ਅੰਤਮ ਟੱਕਰ ਨਹੀਂ ਚਾਹੁੰਦਾ ਸੀ।

ਜਦੋਂ ਅਸੀਂ ਲਿਖਣਾ ਸ਼ੁਰੂ ਕੀਤਾ ਤਾਂ ਸਤੀਸ਼ ਅਤੇ ਮੇਰੇ ਸਾਹਮਣੇ ਇਕ ਸਮੱਸਿਆ ਆਈ। ਅਸੀਂ ਇੰਨਾ ਰਲ-ਮਿਲ ਕੇ ਕੰਮ ਕੀਤਾ ਸੀ ਕਿ ਇਹ ਸੋਚਿਆ ਹੀ ਨਹੀਂ ਸੀ ਜਾ ਸਕਦਾ ਕਿ ਮਾਰਕ ਟੱਲੀ ਜਾਂ ਸਤੀਸ਼ ਜੈਕਬ ਇਕੱਲਾ ਪੂਰੀ ਕਹਾਣੀ ਲਿਖ ਸਕੇਗਾ। ਅਸੀਂ ਜਲਦੀ ਹੀ ਇਹ ਵੀ ਸਮਝ ਗਏ ਕਿ ਦੋ ਵਿਅਕਤੀ ਸਚਮੁਚ ਇਕ ਕਿਤਾਬ ਨੂੰ ਇਕੱਠੇ ਨਹੀਂ ਲਿਖ ਸਕਦੇ। ਸਰਕਾਰ ਦੇ ਪੰਜਾਬ ਵਿਚ ਸਾਰੇ ਵਿਦੇਸ਼ੀਆਂ ਦੇ ਜਾਣ ਤੇ ਪ੍ਰਤਿਬੰਧ ਲਾਉਣ ਦੇ ਫੈਸਲੇ ਨੇ ਸਾਨੂੰ ਤਸੱਲੀਬਖਸ਼ ਰੂਪ ਵਿਚ ਕੰਮ ਵੰਡਣ ਦਾ ਰਾਹ ਦੱਸ ਦਿੱਤਾ। ਸਤੀਸ਼ ਇਕ ਭਾਰਤੀ ਨਾਗਰਿਕ ਹੈ। ਇਸ ਲਈ ਅਸੀਂ ਫੈਸਲਾ ਕੀਤਾ ਕਿ ਉਹ ਆਪਣਾ ਸਮਾਂ ਪੰਜਾਬ ਵਿਚ ਫੌਜੀ ਅਫਸਰਾਂ ਸਿੱਖਾਂ ਅਤੇ ਆਪਰੇਸ਼ਨ ਬਲੂ ਸਟਾਰ ਦੇ ਦੂਸਰੇ ਚਸ਼ਮਦੀਦ ਗਵਾਹਾਂ ਨਾਲ ਗੱਲ ਕਰਨ ਵਿਚ ਅਤੇ ਮਗਰੋਂ ਵਾਪਰ ਰਹੀਆਂ ਘਟਨਾਵਾਂ ਦਾ ਵਿਸ਼ਲੇਸ਼ਣ ਕਰਨ ਵਿਚ ਬਤੀਤ ਕਰੇ ਤੇ ਮੈਂ ਲਿਖਣ ਦਾ ਕੰਮ ਜਾਰੀ ਰੱਖਾਂ। ਇਸ ਕਰਕੇ ਹੀ ਮੈਂ ਉਤਮ ਪੁਰਖ ਵਿਚ ਲਿਖਿਆ ਹੈ। ਉਂਜ ਇਹ ਕੰਮ ਹਰ ਤਰ੍ਹਾਂ ਨਾਲ (ਮੁੱਢਲੇ ਖਾਕੇ ਤੋਂ ਲੈ ਕੇ ਅੰਤਮ ਦਰੁੱਸਤੀਆਂ ਤੀਕਰ) ਇਕ ਸਾਂਝਾ ਕੰਮ ਹੈ। ਹਰ ਕਦਮ ਉਤੇ ਤੱਥਾਂ ਅਤੇ ਵਿਆਖਿਆ ਲਈ ਮੈਂ ਸਤੀਸ਼ ਜੈਕਬ ਤੇ ਨਿਰਭਰ ਰਿਹਾ ਹਾਂ।

ਬਹੁਤ ਸਾਰੇ ਅਣਮੋਲ ਸਹਿਯੋਗ ਅਤੇ ਸੁਝਾਵਾਂ ਲਈ ਅਸੀਂ ਦੋਵੇਂ ਗਿਲੀਅਨ ਰਾਈਟ ਦੇ ਤਹਿ ਦਿਲੋਂ ਸ਼ੁਕਰ ਗੁਜ਼ਾਰ ਹਾਂ। ਇਤਿਹਾਸਕ ਖੋਜ ਦਾ ਬਹੁਤਾ ਕੰਮ ਉਸ ਨੇ ਹੀ ਕੀਤਾ। ਸਾਡੇ ਦਿੱਲੀ ਵਿਚ ਰਹਿਣ ਕਾਰਨ ਉਸ ਨੇ ਹੀ ਪ੍ਰਕਾਸ਼ਕਾਂ ਦੀ ਪੁਸਤਕ ਛਾਪਣ ਸਮੇਂ ਮੱਦਦ ਕੀਤੀ। ਉਸ ਨੇ ਹੀ ਅਨੁਕ੍ਰਮਣਿਕਾ ਬਣਾਈ। ਅਸੀਂ ਭਾਰਤੀ ਪੱਤਰਕਾਰਾਂ ਦਾ ਵੀ ਧੰਨਵਾਦ ਕਰਦੇ ਹਾਂ ਜਿਨ੍ਹਾਂ ਨਿਸਵਾਰਥ ਹੋ ਕੇ ਆਪਣੀ ਜਾਣਕਾਰੀ ਸਾਡੇ ਨਾਲ ਸਾਂਝ ਕੀਤੀ। ਅਸੀਂ ਹਰਬੀਰ ਸਿੰਘ ਭੰਵਰ, ਸੰਜੀਵ ਗੌੜ, ਰਾਜੂ ਸੰਥਾਨਮ, ਤਵਲੀਨ ਸਿੰਘ, ਰਾਹੁਲ ਬੇਦੀ ਅਤੇ ਡੀ. ਕੇ. ਵਸ਼ਿਸ਼ਟ ਦੇ ਵਿਸ਼ੇਸ਼ ਰੂਪ ਵਿਚ ਧੰਨਵਾਦੀ ਹਾਂ। ਸਾਡੇ ਪੰਜ ਮਿੱਤਰਾਂ ਨੇ ਪੁਸਤਕ ਦਾ ਖਰੜਾ ਪੜ੍ਹਿਆ ਅਤੇ ਸਾਨੂੰ ਬਹੁਤ ਸਾਰੀਆਂ ਉਲਝਣਾਂ ਵਿਚ ਫਸਣ ਤੋਂ ਬਚਾਇਆ। ਇਹ ਮਿੱਤਰ ਹਨ 'ਸੰਡੇ ਟਾਈਮਜ਼' ਦਾ ਆਇਨ ਜੈਕ, ਬੀ. ਬੀ. ਸੀ. ਵਿਦੇਸ਼ ਸੇਵਾ ਦਾ ਵਿਕਾਰ ਅਹਿਮਦ, ਬੰਬਈ ਦਾ ਵਕੀਲ ਅਤੇ ਪੱਤਰਕਾਰ ਅਬਦੁਲ ਗਫ਼ੂਰ ਨੂਰਾਨੀ, ਰਾਜਨੀਤੱਗ ਅਤੇ ਦਾਰਸ਼ਨਿਕ ਸੰਤ ਬਕਸ ਸਿੰਘ ਅਤੇ ਸਿੱਖ ਇਤਿਹਾਸਕਾਰ ਅਤੇ ਗੁਰੂ ਨਾਨਕ ਫਾਊਂਡੇਸ਼ਨ ਦੇ ਮੁੱਖੀ ਡਾ. ਮਹਿੰਦਰ ਸਿੰਘ। ਨਿਰਸੰਦੇਹ ਕਿਤਾਬ ਵਿਚ ਵਿਅਕਤ ਕੀਤੇ ਗਏ ਕਿਸੇ ਵੀ ਵਿਚਾਰ ਲਈ ਅੰਤਿਮ ਜ਼ਿਮੇਂਵਾਰੀ ਸਾਡੀ ਹੈ, ਉਨ੍ਹਾਂ ਦੀ ਨਹੀਂ।

ਮੈਨੂੰ ਤੇ ਸਤੀਸ਼ ਨੂੰ ਆਸ ਹੈ ਕਿ ਇਸ ਪੁਸਤਕ ਨੂੰ ਮੰਦੀ ਨੀਤ ਵਾਲੀ ਆਲੋਚਨਾਤਮਕ ਦ੍ਰਿਸ਼ਟੀ ਤੋਂ ਲਿਖਿਆ ਨਹੀਂ ਸਮਝਿਆ ਜਾਵੇਗਾ। ਇਹ ਤਾਂ ਯਾਦਾਂ ਦੇ ਧੁੰਦਲੇ ਹੋਣ ਤੇ ਇਸ ਨਾਟਕ ਦੇ ਪਾਤਰਾਂ ਦੇ ਬਿਖਰਨ ਤੋਂ ਪਹਿਲਾਂ ਉਸ ਦੇਸ਼ ਦੇ ਇਤਿਹਾਸ ਵਿਚਲੇ ਇਕ ਮਹੱਤਵਪੂਰਨ ਅਧਿਆਇ ਨੂੰ ਚਿਤਰਨ ਦੀ ਇਮਾਨਦਾਰ ਕੋਸ਼ਿਸ਼ ਹੈ, ਜਿਸ ਨੂੰ ਅਸੀਂ ਦੋਵੇਂ ਸੱਕੇ ਦਿਲੋਂ ਪਿਆਰ ਕਰਦੇ ਹਾਂ।

ਮਾਰਕ ਟੱਲੀ

DASHMESH
Cloth House

ਰੈਗੂਲਰ ~~$10.00~~ ਹੁਣ $4.99

ਪਲੇਨ ਸੂਟ ਰੈਗੂਲਰ ~~$16.00~~ ਹੁਣ $7.99

ਇਕ ਹੋਰ ਸਪੈਸ਼ਲ ਸਪੈਸ਼ਲ

ਵੰਨ-ਸਵੰਨੇ, ਰੰਗ-ਬਰੰਗੇ ਤੇ ਮੌਡਰਨ ਡੀਜ਼ਾਈਨਾਂ ਦੇ ਕੱਪੜੇ ਲੈਣ
ਲਈ ਹਮੇਸ਼ਾਂ ਹੀ ਦਸਮੇਸ਼ ਕਲਾਥ ਹਾਊਸ ਤੇ ਪਹੁੰਚੋ।
ਵਿਆਹ-ਸ਼ਾਦੀਆਂ, ਦਾਜ ਵਰੀ ਤੇ ਹੋਰ ਸਪੈਸ਼ਲ ਮੌਕਿਆਂ 'ਤੇ ਕੱਪੜੇ
ਖ਼੍ਰੀਦਣ ਲਈ ਖਾਸ ਰਿਆਇਤ



ਦਸਮੇਸ਼ ਕਲਾਥ ਹਾਊਸ 853 - 7760
A-2518 Clearbrook Rd., Clearbrook, B.C. V2T 2Y2

GLOBAL IMMIGRATION SERVICES



For Further Consultation Contact

KARNAIL SINGH NAGRA

11420 GRANVILLE AVE. RICHMOND. B.C.

PH. (604) 270-2100

WE ARE PROVIDING ALL IMMIGRATION SERVICES

ਇਮੀਗਰੇਸ਼ਨ ਸਬੰਧੀ ਹਰ ਮਸਲੇ ਲਈ ਤੁਹਾਡੀ ਸੇਵਾ ਕਰ ਸਕਦੇ ਹਾਂ

ਹੇਠ ਲਿਖੀਆਂ ਲੋੜਾਂ ਲਈ ਪਹਿਲੀ ਵਾਰ ਮੁਫ਼ਤ ਸਲਾਹ ਲਈ ਮਿਲੋ

- ਬਿਜ਼ਨੈਸ ਤੌਰ ਤੇ ਕੈਨੇਡਾ ਜਾਂ ਅਮਰੀਕਾ ਵਿਚ ਇਮੀਗਰੇਸ਼ਨ ਲੈਣ ਲਈ
- ਬਿਜ਼ਨੈੱਸ ਦੇ ਅਧਾਰ 'ਤੇ ਸਾਰੇ ਪ੍ਰੀਵਾਰ ਦੀ ਇਮੀਗਰੇਸ਼ਨ ਜਾਂ ਨੌਕਰੀ ਲਈ ਮੰਗਵਾਉਣਾ ਹੋਵੇ।
- ਤੁਹਾਡੇ ਕਿਸੇ ਰਿਸ਼ਤੇਦਾਰ ਨੂੰ ਕਿਸੇ ਮੁਲਕ ਵਿਚੋਂ ਵੀ ਮੰਗਵਾਉਣਾ ਹੋਵੇ
- ਰੀਫਿਊਜੀ ਸਟੇਟਸ ਵਾਸਤੇ ਕਿਸੇ ਦੀ ਦਰਖਾਸਤ ਜਾਂ ਅਪੀਲ ਕਰਨੀ ਹੋਵੇ।
- ਫਾਰਮ ਇਨਵੈਸਟਮੈਂਟ ਕਰਨ ਵਾਲਿਆਂ ਲਈ ਇਮੀਗਰੇਸ਼ਨ ਦੀ ਵਿਸ਼ੇਸ਼ ਸਲਾਹ

ਇਸ ਤੋਂ ਇਲਾਵਾ ਹੋਰ ਵੀ ਕੋਈ ਇਮੀਗਰੇਸ਼ਨ ਸਬੰਧੀ ਮਾਮਲਿਆਂ ਲਈ ਮਦਦ ਕਰ ਸਕਦੇ ਹਾਂ

- Business Immigration (Investors, Enterpreneurs, self employed)
- Family Business Immigration (Job offers to relatives)
- Family & Assisted relatives
- Application for refugee status
- For adoption.
- Foreign domestic workers.
- Special Consideration in farming.

Any other matter regarding Immigration.

Success Through Service & Experience

AWARD WINNER

OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

For Professional Market Evaluation or Consultation

Without any obligation, contact

Buying, Selling or Trading

ਮਕਾਨ ਵੇਚਣ ਜਾਂ ਖ਼੍ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

Ph. Bus: 437-9431 Res: 434-4660

UNITED REALTY LTD.

2443 Kingsway, Vancouver, B.C. V5R 5G8



Ajaib S. Janda

MINT
AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework
- UNI - BODY repairs
- All work conditionally guaranteed
- Free estimates
- Courtesy cars

ਕਾਰਾਂ, ਵੈਨਾਂ ਅਤੇ ਪਿੱਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖ਼ਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



Bhupinder(Bob) Sihota




For further information call:

Bhupinder(Bob) Sihota

Ph. 433-1207

Mint Auto Body Ltd.

5590 Lane Street, BURNABY, B.C. V5H 2H5



ਅਤੇ ਸਤਵੰਤ ਸਿੰਘ ਸਖਤ ਜ਼ਖਮੀ ਹੋ ਗਿਆ। ਵਿਅੰਗ ਦੀ ਗੱਲ ਇਹ ਹੈ ਕਿ ਬੇਅੰਤ ਸਿੰਘ ਇਕ ਮਜ਼੍ਹਬੀ ਸਿਖ ਸੀ ਜਿਹੜਾ ਉਨ੍ਹਾਂ ਅਛੂਤਾਂ ਦੀ ਔਲਾਦ ਸੀ ਜਿਨ੍ਹਾਂ ਨੇ ਸਿਖ ਮਤ ਨੂੰ ਅੰਗੀਕਾਰ ਕਰ ਲਿਆ ਸੀ ਪ੍ਰੰਤੂ ਅਜੇ ਵੀ ਵੱਡੀ ਜਾਤ ਦੇ ਲੋਕ ਉਨ੍ਹਾਂ ਨੂੰ ਹੀਣ ਨਿਗਾਹ ਨਾਲ ਵੇਖਦੇ ਸਨ।

ਉਥੇ ਨਾ ਤਾਂ ਕੋਈ ਐਂਬੂਲੈਂਸ ਸੀ, ਨਾ ਹੀ ਦਿੱਤੇ ਜਾਣ ਵਾਲੇ ਖੂਨ ਦਾ ਸਟਾਕ ਅਤੇ ਨਾ ਹੀ ਕੋਈ ਡਾਕਟਰਾਂ ਦੀ ਵਿਸ਼ੇਸ਼ ਤਿਆਰ-ਬਰ-ਤਿਆਰ ਟੀਮ। ਇਸ ਲਈ ਧਵਨ ਅਤੇ ਸ਼੍ਰੀਮਤੀ ਗਾਂਧੀ ਦੀ ਇਤਾਲਵੀ ਨੂੰਹ ਸੋਨੀਆ ਨੇ ਪ੍ਰਧਾਨ ਮੰਤਰੀ ਨੂੰ ਹਿੰਦੋਸਤਾਨ ਵਿਚ ਬਣੀ ਅੰਬੈਸਡਰ ਕਾਰ ਵਿਚ ਪਾਇਆ ਤੇ ਤਿੰਨ ਮੀਲ ਦੂਰ ਆਲ ਇੰਡੀਆ ਇਨਸਟੀਚਿਊਟ ਆਫ ਮੈਡੀਕਲ ਸਾਇੰਸਜ਼ ਲਈ ਚੱਲ ਪਏ। ਹਸਪਤਾਲ ਵਿਚ ਉਨ੍ਹਾਂ ਨੂੰ ਘਬਰਾਏ ਹੋਏ ਜੂਨੀਅਰ ਡਾਕਟਰ ਹੀ ਮਿਲੇ। ਜਦੋਂ ਉਨ੍ਹਾਂ ਪਾਸ ਸੀਨੀਅਰ ਡਾਕਟਰ ਆਏ ਤਾਂ ਉਨ੍ਹਾਂ ਨੇ ਸ਼੍ਰੀਮਤੀ ਗਾਂਧੀ ਨੂੰ ਦਿਲ ਅਤੇ ਫੇਫੜਿਆਂ ਦੇ ਉਪ-ਮਾਰਗ ਯੰਤਰਾਂ ਨਾਲ ਜੋੜ ਦਿੱਤਾ ਅਤੇ ਖੂਨ ਚੜ੍ਹਾਉਣਾ ਸ਼ੁਰੂ ਕਰ ਦਿੱਤਾ। ਡਾਕਟਰਾਂ ਨੇ ਉਸ ਦੀ ਮੌਤ ਦਾ ਦੁਪਹਿਰ ਦੇ ਦੋ ਵੱਜ ਕੇ ਵੀਹ ਮਿੰਟ ਤੱਕ ਐਲਾਨ ਨਾ ਕੀਤਾ ਜਦੋਂ ਕਿ ਉਹ ਡਾਕਟਰੀ ਲਿਹਾਜ਼ ਨਾਲ ਹਸਪਤਾਲ ਪਹੁੰਚਣ ਤੇ ਹੀ ਮਰ ਗਈ ਸੀ। ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਦੇ ਸੁਪਰਡੈਂਟ ਨੇ ਬਾਦ ਵਿਚ ਦੱਸਿਆ ਕਿ ਸ਼੍ਰੀਮਤੀ ਗਾਂਧੀ ਦੇ ਸਰੀਰ ਤੇ ਗੋਲੀਆਂ ਦੇ ਵੀਹ ਤੋਂ ਜ਼ਿਆਦਾ ਜ਼ਖਮ ਸਨ। ਗੋਲੀਆਂ ਨੇ ਉਸ ਦਾ ਜਿਗਰ, ਗੁਰਦਾ, ਇਕ ਬਾਂਹ ਅਤੇ ਸ਼ਰੀਰ ਦੇ ਸੱਜੇ ਹਿੱਸੇ ਦੀਆਂ ਕੁਝ ਧਮਣੀਆਂ ਅਤੇ ਸ਼ਿਰਾਵਾਂ ਛੇਦ ਦਿੱਤੀਆਂ ਸਨ। ਸਰਕਾਰ ਨਿਯੰਤ੍ਰਿਤ ਆਲ ਇੰਡੀਆ ਰੇਡੀਓ ਨੂੰ ਮੌਤ ਦਾ ਐਲਾਨ ਕਰਨ ਦੀ ਮਨਜ਼ੂਰੀ ਸ਼ਾਮ ਦੇ ਛੇ ਵਜੇ ਤੱਕ ਨਾ ਮਿਲੀ ਜਦੋਂ ਕਿ ਇਸ ਤੋਂ ਪੰਜ ਘੰਟੇ ਪਹਿਲਾਂ ਲੱਖਾਂ ਦੇਸ਼ ਵਾਸੀ ਸਥਾਨਕ ਸਮਾਚਾਰ ਏਜੰਸੀਆਂ ਅਤੇ ਬੀ. ਬੀ. ਸੀ. ਦੀ ਵਿਦੇਸ਼ ਸੇਵਾ ਤੋਂ ਇਹ ਸਮਾਚਾਰ ਸੁਣ ਚੁੱਕੇ ਸਨ ਕਿ ਉਨ੍ਹਾਂ ਦੇ ਪ੍ਰਧਾਨ ਮੰਤਰੀ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਹੈ।

ਜਿਨ੍ਹਾਂ ਨੇ ਪ੍ਰਧਾਨ ਮੰਤਰੀ ਦੇ ਕਤਲ ਦੀ ਬੀ. ਬੀ. ਸੀ. ਤੋਂ ਖਬਰ ਸੁਣੀ, ਉਨ੍ਹਾਂ ਵਿਚੋਂ ਇਕ ਪ੍ਰਧਾਨ ਮੰਤਰੀ ਦਾ ਇਕੋ ਇਕ ਜੀਉਂਦਾ ਪੁੱਤਰ ਰਾਜੀਵ ਸੀ। 31 ਅਕਤੂਬਰ ਵਾਲੇ ਦਿਨ ਉਹ ਕਲਕੱਤਾ ਦੇ ਹੇਠਲੇ ਭਾਗ ਹੁਗਲੀ ਨਦੀ ਦੇ ਡੈਲਟੇ ਵਿਚ ਇੰਦਰਾ ਕਾਂਗਰਸ ਪਾਰਟੀ ਦੀ ਮਦਦ ਲਈ ਇਕ ਮੁਹਿੰਮ ਚਲਾ ਰਿਹਾ ਸੀ। ਪੁਲਿਸ ਦੀ ਇਕ ਗਸ਼ਤੀ-ਟੁਕੜੀ ਨੇ ਉਸਦੇ ਕਾਰਾਂ ਦੇ ਕਾਫਲੇ ਨੂੰ ਰੋਕਿਆ ਅਤੇ ਉਸ ਨੂੰ ਤੁਰੰਤ ਦਿੱਲੀ ਵਾਪਸ ਪਹੁੰਚਣ ਲਈ ਕਿਹਾ ਕਿਉਂਕਿ ਕੁਝ ਬਹੁਤ ਗੰਭੀਰ ਵਾਪਰ ਗਿਆ ਸੀ। ਰਾਜੀਵ ਗਾਂਧੀ ਤੁਰੰਤ ਹੈਲੀ ਪੈਡ ਵੱਲ ਚਲ ਪਿਆ ਤੇ ਉਥੋਂ ਉਹ ਕਲਕੱਤਾ ਹਵਾਈ ਅੱਡੇ ਤੇ ਪਹੁੰਚਿਆ। ਉਥੇ ਉਸਨੇ ਬੀ. ਬੀ. ਸੀ. ਲਗਾਇਆ ਤੇ ਸਾਢੇ ਬਾਰਾਂ ਵਜੇ ਦੀ ਬੀ. ਬੀ. ਸੀ. ਦੀ ਵਿਸ਼ਵ ਸਰਵਿਸ ਵਿਚ ਸਤੀਸ਼ ਜੈਕਬ ਦੀ ਰਿਪੋਰਟ ਸੁਣੀ ਕਿ ਸ਼੍ਰੀਮਤੀ ਗਾਂਧੀ ਦੀ ਹਾਲਤ ਬਹੁਤ ਨਾਜ਼ੁਕ ਹੈ। ਕੁਝ ਮਿੰਟਾਂ ਬਾਦ ਹੀ ਸਤੀਸ਼ ਜੈਕਬ ਨੇ ਲੰਦਨ ਨੂੰ ਇਹ ਪੱਕੀ ਸੂਚਨਾ ਦੇ ਦਿੱਤੀ ਕਿ ਸ਼੍ਰੀਮਤੀ ਗਾਂਧੀ ਦੀ ਮੌਤ ਹੋ ਗਈ ਹੈ। ਰਾਜੀਵ ਗਾਂਧੀ ਤੁਰੰਤ ਕਲਕੱਤੇ ਤੋਂ ਦਿੱਲੀ ਨੂੰ ਉਡ ਪਿਆ ਜਿਥੇ ਉਸਨੂੰ ਹੋਰ ਬਹੁਤ ਸਾਰਿਆਂ ਦੇ ਨਾਲ ਉਸਦਾ ਬਹੁਤ ਨਜ਼ਦੀਕੀ ਦੋਸਤ ਬੰਬਈ ਦਾ ਪ੍ਰਸਿੱਧ ਫਿਲਮੀ ਸਿਤਾਰਾ, ਅਮਿਤਾਭ ਬਚਨ ਵੀ ਮਿਲਿਆ।

ਅਮਿਤਾਭ ਬਚਨ ਅਨੁਸਾਰ, ਦਿੱਲੀ ਹਵਾਈ ਅੱਡੇ ਤੇ ਉਤਰਦੇ ਹੀ ਰਾਜੀਵ ਗਾਂਧੀ ਦੀ ਪਹਿਲੀ ਚਿੰਤਾ ਆਪਣੇ ਪਰਿਵਾਰ ਬਾਰੇ ਜਾਨਣਾ ਸੀ। 'ਸਭ ਤੋਂ ਪਹਿਲਾਂ ਤਾਂ ਉਸਨੇ ਇਹ ਜਾਨਣਾ ਚਾਹਿਆ ਕਿ ਕੀ ਉਸਦੀ ਪਤਨੀ ਤੇ ਬੱਚੇ ਠੀਕ ਹਨ। ਫਿਰ ਉਸਨੇ ਸੁਰੱਖਿਆ ਬਾਰੇ ਕੁਝ ਜਾਨਣ ਦੀ ਕੋਸ਼ਿਸ਼ ਕੀਤੀ। ਹਵਾਈ ਅੱਡੇ ਤੋਂ ਅਸੀਂ ਸਿੱਧੇ ਹਸਪਤਾਲ ਲਈ ਚਲ ਪਏ ਜਿਥੇ ਉਸਦੀ ਮਾਤਾ ਨੂੰ ਲੈ ਜਾਇਆ ਗਿਆ ਸੀ। ਜਦੋਂ ਉਹ ਹਸਪਤਾਲ ਦੇ ਗੇਟ ਤੱਕ ਪੁੱਜਾ ਤੁਰੰਤ ਭਾਰੀ ਭੀੜ ਵਿਚੋਂ ਨਾ ਲੰਘ ਸਕਿਆ ਤਾਂ ਉਹ ਮੇਰੇ ਵੱਲ ਮੁੜਿਆ ਅਤੇ ਉਸ ਨੇ ਮੈਨੂੰ ਮੇਰੀ ਬਿਮਾਰੀ ਬਾਰੇ ਪੁੱਛਿਆ 'ਤੇਰਾ ਕੀ ਹਾਲ ਹੈ?' ਉਸਨੇ ਕਿਹਾ 'ਜਦੋਂ ਮੈਂ ਕਲਕੱਤੇ ਵਿਚ ਸੀ, ਮੈਂ ਇਕ ਬੰਦੇ ਨੂੰ ਮਿਲਿਆ ਜਿਸਨੇ ਮੈਨੂੰ ਕਿਹਾ ਕਿ ਉਹ ਤੇਰੀ ਬੀਮਾਰੀ ਠੀਕ ਕਰ ਸਕਦਾ ਹੈ। ਮੈਂ ਚਾਹੁੰਦਾ ਹਾਂ ਕਿ ਤੂੰ ਉਸ ਨੂੰ ਮਿਲੇਂ। ਮੈਂ ਤੈਨੂੰ ਉਸ ਬਾਰੇ ਦੱਸਾਂਗਾ'। ਇਹ ਕਿੰਨੀ ਵੱਡੀ ਗੱਲ ਹੈ ਕਿ ਉਹ ਅਜਿਹੇ ਸਮੇਂ ਵੀ ਆਪਣੇ ਨਾਲ ਦੇ ਬੰਦੇ ਬਾਰੇ ਸੋਚ ਸਕਦਾ ਸੀ, ਆਪਣੇ ਦੋਸਤ ਬਾਰੇ ਸੋਚ ਸਕਦਾ ਸੀ, ਜਦੋਂ ਕਿ ਉਸ ਨਾਲ ਇਤਨਾ ਗੰਭੀਰ ਹਾਦਸਾ ਵਾਪਰ ਚੁੱਕਾ ਸੀ। ਉਸ ਦੀ ਰੂਹ ਨਹੀਂ ਸੀ ਡੋਲੀ ਅਤੇ ਉਹ ਅਜੇ ਵੀ ਆਪਣੇ ਦੋਸਤ ਬਾਰੇ ਸੋਚ ਸਕਦਾ ਸੀ।'

ਇਕ ਖਬਰ ਸੀ ਕਿ ਰਾਜੀਵ ਗਾਂਧੀ ਪਹਿਲੀ ਵਾਰ ਆਪਣੀ ਮਾਂ ਦੀ ਮੌਤ ਦੀ ਖਬਰ ਸੁਣ ਕੇ ਸਚਮੁੱਚ ਰੋ ਪਿਆ ਸੀ ਪ੍ਰੰਤੂ ਉਹ ਇਸ ਤੋਂ ਇਨਕਾਰ ਕਰਦਾ ਹੈ। "ਕੁਝ ਅਖਬਾਰਾਂ ਅਤੇ ਰਸਾਲਿਆਂ ਨੇ ਇਹ ਖਬਰ ਦਿੱਤੀ ਕਿ ਜਦੋਂ ਮੈਂ ਇਹ ਖਬਰ ਸੁਣੀ ਤਾਂ ਮੈਂ ਪੇਸ਼ਾਬਗਾਹ ਵਿਚ ਚਲਿਆ ਗਿਆ ਅਤੇ ਭੁੱਬਾਂ ਮਾਰ ਕੇ ਰੋਇਆ। ਇਹ ਸਭ ਬਕਵਾਸ ਹੈ। ਮੈਂ ਕਾਫੀ ਪਰੇਸ਼ਾਨ ਹੋ ਗਿਆ ਸਾਂ ਪ੍ਰੰਤੂ ਮੈਂ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਇੰਜ ਨਹੀਂ ਕਰਦਾ.... ਮੈਂ ਤਾਂ ਦਰਅਸਲ ਪਾਇਲਟਾਂ ਕੋਲ ਕਾਕਪਿਟ ਵਿਚ ਬੈਠਾ ਸੀ ਜਦੋਂ ਕਿ ਜਹਾਜ਼ ਉਡਿਆ। ਇਹ ਇੰਡੀਅਨ ਏਅਰ ਲਾਈਨਜ਼ ਦਾ ਹਵਾਈ ਜਹਾਜ਼ ਸੀ। ਜਦੋਂ ਮੈਂ ਇਹ ਸੁਣਿਆ, (ਕਿ ਸ਼੍ਰੀਮਤੀ ਗਾਂਧੀ ਦੀ ਮੌਤ ਹੋ ਗਈ ਹੈ) ਤਾਂ ਮੈਂ ਵਾਪਿਸ ਆ ਗਿਆ ਤੇ ਦਿਕਸ਼ਿਤ ਜੀ (ਉਮਾ ਸ਼ੰਕਰ ਦਿਕਸ਼ਿਤ, ਪੱਛਮੀ ਬੰਗਾਲ ਦੇ ਵਰਤਮਾਨ ਗਵਰਨਰ) ਅਤੇ ਦੂਸਰਿਆਂ ਨੂੰ ਦੱਸਿਆ ਅਤੇ ਮੈਂ ਉਨ੍ਹਾਂ ਤੋਂ ਇਕ ਸੀਟ ਹਟ ਕੇ ਬੈਠ ਗਿਆ'

ਸ਼੍ਰੀਮਤੀ ਗਾਂਧੀ ਭਾਰਤ ਦੀ ਪਹਿਲੀ ਪ੍ਰਧਾਨ ਮੰਤਰੀ ਸੀ ਜਿਸਦਾ ਕਤਲ ਹੋਇਆ। ਪ੍ਰੰਤੂ ਗੱਦੀ ਤੇ ਬੈਠੇ ਮਰਨ ਵਾਲਿਆਂ ਵਿਚੋਂ ਤੀਸਰੀ ਸੀ ਜਦੋਂ ਉਸਦੇ ਪਿਤਾ ਪੰਡਿਤ ਨਹਿਰੂ ਅਤੇ ਉਸ ਦੇ ਜਾਨਸ਼ੀਨ ਲਾਲ ਬਹਾਦਰ ਸ਼ਾਸਤਰੀ ਦੀ ਮੌਤ ਹੋਈ ਤਾਂ ਇਕ ਸੀਨੀਅਰ ਮੰਤਰੀ ਨੂੰ ਅੰਤਰਿਮ ਪ੍ਰਧਾਨ ਮੰਤਰੀ ਵਜੋਂ ਸਹੁੰ ਚੁਕਾਈ ਗਈ ਸੀ ਜਦੋਂ ਤੱਕ ਕਿ ਕਾਂਗਰਸ ਪਾਰਟੀ ਨੇ ਆਪਣਾ ਨਵਾਂ ਨੇਤਾ ਨਾ ਚੁਣ ਲਿਆ। ਇਸ ਵਾਰ ਕਾਂਗਰਸ ਦੇ ਵਰਿਸ਼ਠ ਨੇਤਾਵਾਂ, ਜਿਨ੍ਹਾਂ ਵਿਚ ਵਿੱਤ ਮੰਤਰੀ ਪਰਨਾਬ ਮੁਖਰਜੀ ਵੀ ਸ਼ਾਮਿਲ ਸੀ, ਜਿਹੜਾ ਕਿ ਰਾਜੀਵ ਗਾਂਧੀ ਦੇ ਨਾਲ ਹੀ ਪਾਰਟੀ ਮੁਹਿੰਮ ਉਤੇ ਸੀ, ਨੇ ਇਹ ਫੈਸਲਾ ਕੀਤਾ ਕਿ ਜਾਨਸ਼ੀਨੀ ਦਾ ਮਸਲਾ ਤੁਰੰਤ ਹੀ ਨਿਬੇੜ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਉਨਤਾਲੀ ਸਾਲਾ ਹਵਾਈ ਕੰਪਨੀ ਦਾ ਭੂਤਪੂਰਵ ਪਾਇਲਟ, ਜਿਹੜਾ ਸਿਆਸਤ ਵਿਚ ਕੁੱਲ ਚਾਰ ਸਾਲ ਪਹਿਲਾਂ ਹੀ ਸ਼ਾਮਿਲ ਹੋਇਆ ਸੀ, ਨੂੰ ਉਸੇ ਸ਼ਾਮ ਰਾਸ਼ਟਰਪਤੀ ਭਵਨ ਦੇ ਦਰਬਾਰ ਹਾਲ ਵਿਚ, ਭਾਰਤ ਦੇ ਸਿੱਖ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਰਾਹੀਂ ਸਹੁੰ ਚੁਕਾ ਦਿੱਤੀ ਗਈ। ਭਾਵੇਂ ਵਿਰੋਧੀ ਦਲਾਂ ਦੇ ਨੇਤਾਵਾਂ ਨੇ ਇਸ ਰਵਾਇਤ ਨੂੰ ਤੋੜਣ ਦੀ ਅਲੋਚਨਾ ਕੀਤੀ, ਪ੍ਰੰਤੂ ਇਹ ਬਹੁਤ ਹੀ ਸਿਆਣਾ ਫੈਸਲਾ ਸਿੱਧ ਹੋਇਆ।

ਸ਼੍ਰੀਮਤੀ ਗਾਂਧੀ ਨੇ ਜਾਣਦੇ ਹੋਏ ਅਤੇ ਜਾਣ-ਬੁੱਝ ਕੇ ਆਪਣੀ ਪਾਰਟੀ ਦੀ ਸਾਰੀ ਲੀਡਰਸ਼ਿਪ ਨੂੰ ਲਗਭਗ ਖਤਮ ਕਰ ਦਿੱਤਾ ਸੀ। ਉਹ ਕਿਸੇ ਸ਼ਰੀਕ ਨੂੰ ਜਾਂ ਪ੍ਰਤੀਦਵੰਦੀ ਨੂੰ ਬਰਦਾਸ਼ਤ ਨਹੀਂ ਸੀ ਕਰ ਸਕਦੀ। ਇਸ ਲਈ ਉਸਦੇ ਮੰਤਰੀ ਮੰਡਲ ਵਿਚ ਕੋਈ ਅਜਿਹੀ ਸ਼ਖਸ਼ੀਅਤ ਨਹੀਂ ਸੀ ਜਿਹੜੀ ਕਿ ਅਗਾਂਹ ਆਉਣ ਵਾਲੇ ਖਤਰਨਾਕ ਅਤੇ ਅਨਿਸ਼ਚਤਾ ਭਰੇ ਦਿਨਾਂ ਵਿਚੋਂ ਭਾਰਤ ਨੂੰ ਪਾਰ ਲੰਘਾ ਸਕਦੀ। ਸਥਿਰਤਾ ਨੂੰ ਕਾਇਮ ਰੱਖਣ ਦੀ ਇੱਕੋ ਇਕ ਆਸ ਨਹਿਰੂ ਗਾਂਧੀ ਪਰਿਵਾਰ ਦੀ ਕ੍ਰਿਸ਼ਮੇ ਭਰੀ ਖਿਚ ਹੀ ਸੀ, ਅਤੇ ਰਾਜੀਵ, ਭਾਵੇਂ ਉਸ ਕੋਲ ਕੋਈ ਵੀ ਸਰਕਾਰੀ ਅਹੁਦਾ ਨਹੀਂ ਸੀ, ਇਸ ਖਾਨਦਾਨ ਦਾ ਉਤਰਾਧਿਕਾਰੀ ਸੀ।

ਸ਼੍ਰੀਮਤੀ ਗਾਂਧੀ ਦੀ ਮੌਤ ਤੋਂ ਬਾਦ ਉਸ ਸ਼ਾਮ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਨੂੰ ਜਾਣ ਵਾਲੀ ਮੁੱਖ ਸੜਕ ਦੇ ਨਾਲ ਨਾਲ ਸਿੱਖਾਂ ਦੇ ਖਿਲਾਫ ਫਿਰਕੂ ਦੰਗੇ ਭੜਕ ਪਏ। ਅਗਲੇ ਦਿਨ ਇਹ ਲਗਦਾ ਸੀ ਜਿਵੇਂ ਸਾਰੇ ਹਿੰਦੁਸਤਾਨ ਨੂੰ ਅੱਗ ਲੱਗ ਗਈ ਹੋਵੇ। ਲਗਭਗ ਇਕੋ ਇਕ ਸੂਬਾ ਜਿਹੜਾ ਕਿ ਫਿਰਕੂ ਦੰਗਿਆਂ ਦੇ ਪਾਗਲਪਣ ਤੋਂ ਪ੍ਰਭਾਵਿਤ ਨਹੀਂ ਹੋਇਆ ਸੀ, ਸਿੱਖਾਂ ਦੀ ਮਾਤਰਭੂਮੀ ਪੰਜਾਬ ਸੀ। ਇੱਥੇ ਹਿੰਦੂਆਂ ਨੇ ਚਿੰਤਾਤੁਰ ਹੋ ਕੇ ਸਿੱਖਾਂ ਦੇ ਬਦਲੇ ਦੀ ਉਡੀਕ ਕੀਤੀ, ਪ੍ਰੰਤੂ ਫੌਜ ਦੀ ਬਹੁਤ ਜ਼ਿਆਦਾ ਤਾਇਨਾਤੀ ਅਤੇ ਬਹੁਤ ਸਾਰੇ ਸਿਖ ਨੇਤਾਵਾਂ ਦੇ ਜ਼ਿਮੇਂਵਾਰ ਵਤੀਰੇ ਨੇ ਪ੍ਰਤਿਕਿਰਿਆ ਨਾ ਹੋਣ ਦਿੱਤੀ।

ਰਾਜਧਾਨੀ ਵਿਚ ਦੋ ਦਿਨ ਗੁੰਡੇ, ਬਦਮਾਸ਼ਾਂ ਦੇ ਟੋਲੇ, ਜਿਨ੍ਹਾਂ ਦੀ ਅਗਵਾਈ ਅਕਸਰ ਕਾਂਗਰਸ ਪਾਰਟੀ ਦੇ ਕਾਰਜਕਰਤਾ ਕਰ ਰਹੇ ਸਨ, ਭੌਂਦੇ ਫਿਰੇ, ਅਤੇ ਆਪਣੀ ਇੱਛਾ ਨਾਲ ਕਤਲ, ਅਗਜ਼ਨੀ ਅਤੇ ਲੁੱਟ ਮਾਰ ਕਰਦੇ ਰਹੇ। ਕੁਝ ਥਾਵਾਂ ਤੇ ਪੁਲਿਸ ਨੇ ਆਪ ਸਰਗਰਮੀ ਨਾਲ ਇਸ ਕਤਲੋ ਗਾਰਤ ਵਿਚ ਹਿਸਾ ਲਿਆ ਅਤੇ ਕੁਝ ਹੋਰ ਥਾਵਾਂ ਤੇ ਸਭ ਕੁਝ ਹੁੰਦਾ ਵੇਖ ਕੇ ਵੀ ਅੱਖਾਂ ਬੰਦ ਕਰੀ ਰੱਖੀਆਂ। ਸਿਖ ਰੇਲਵੇ ਯਾਤਰੀਆਂ ਦੇ ਵੱਢੇ ਜਾਣ ਦੀਆਂ ਖਬਰਾਂ ਵੰਡ ਦੇ ਘੱਲੂਘਾਰੇ ਦੀ ਨਹਿਸ਼ ਯਾਦ ਨੂੰ ਤਾਜ਼ਾ ਕਰ ਰਹੀਆਂ ਸਨ। ਥਾਣਿਆਂ ਤੋਂ ਪੁਲਿਸ ਦੇ ਹੈਡ ਕੁਆਰਟਰ ਨੂੰ ਇਤਨੀ ਘੱਟ ਤੇ ਗਲਤ ਸੂਚਨਾ ਜਾ ਰਹੀ ਸੀ ਕਿ ਪੁਲਿਸ ਕਮਿਸ਼ਨਰ ਨੂੰ ਨਹੀਂ ਸੀ ਪਤਾ ਕਿ ਕੀ ਹੋ ਰਿਹਾ ਹੈ। ਕੁਝ ਹਿੰਦੂਆਂ ਰਾਹੀਂ ਜਾਣ ਬੁਝ ਕੇ ਉਡਾਈਆਂ ਅਫਵਾਹਾਂ ਜਿਹੜੀਆਂ ਕਿ ਸਿੱਖਾਂ ਦੇ ਖਿਲਾਫ ਹੋਰ ਜ਼ਿਆਦਾ ਭਾਵਨਾਵਾਂ ਭੜਕਾਉਣ ਦੇ ਉਦੇਸ਼ ਨਾਲ ਉਡਾਈਆਂ ਗਈਆਂ ਸਨ, ਨੇ ਹੋਰ ਹਫੜਾ-ਦਫੜੀ ਪਾ ਦਿੱਤੀ। ਸ਼੍ਰੀਮਤੀ ਗਾਂਧੀ ਦੀ ਮੌਤ ਤੇ ਸਿੱਖਾਂ ਰਾਹੀਂ ਖੁਸ਼ੀਆਂ ਮਨਾਈਆਂ ਜਾਣ ਦੀਆਂ ਖਬਰਾਂ ਨੂੰ ਬਹੁਤ ਵਧਾ ਚੜ੍ਹਾ ਕੇ ਫੈਲਾਇਆ ਗਿਆ, ਭਾਵੇਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਕੁਝ ਥਾਵਾਂ ਤੇ ਸਿੱਖਾਂ ਨੇ ਇਸ ਕਤਲ ਤੇ ਖੁਸ਼ੀ ਮਨਾ ਕੇ ਹਿੰਦੂਆਂ ਨੂੰ ਗੁੱਸਾ ਚੜ੍ਹਾਇਆ। ਇਕ ਵੱਡੇ ਅਧਿਕਾਰੀ ਨੇ ਬੜੇ ਵਿਸ਼ਵਾਸ ਨਾਲ ਕਿਹਾ ਕਿ ਇਕ ਗੱਡੀ ਪੰਜਾਬ ਤੋਂ ਸਾਹਿਬਾਬਾਦ, ਦਿੱਲੀ ਦੇ ਬਿਲਕੁਲ ਬਾਹਰ, ਪਹੁੰਚੀ ਹੈ ਜਿਸ ਵਿਚ ਸੈਂਕੜੇ ਹੀ ਲਾਸ਼ਾਂ ਹਨ। ਉਸਨੇ ਕਿਹਾ ਕਿ ਸਾਰੇ ਮੁਸਾਫਿਰਾਂ ਨੂੰ ਸਿੱਖਾਂ ਨੇ ਵੱਢ ਦਿੱਤਾ ਹੈ। ਮੈਂ ਇਕ ਪੱਤਰਕਾਰ ਨੂੰ ਸਾਹਿਬਾਬਾਦ ਭੇਜਿਆ ਤਾਂ ਉਸਨੂੰ ਇਸ ਖਬਰ ਵਿਚ ਕੋਈ ਸੱਚਾਈ ਨਾ ਲੱਭੀ।

ਇਸ ਸਾਰੀ ਅਨਿਸ਼ਚਤਾ ਦੇ ਦੌਰਾਨ ਸਤੀਸ਼ ਜੈਕਬ ਦੇ ਹੱਥ ਦਿੱਲੀ ਵਿਚ ਹੋਏ ਸਭ ਤੋਂ ਭਿਅੰਕਰ ਕਤਲਾਮਾਂ ਵਿਚੋਂ ਇਕ ਦੀ ਜਾਣਕਾਰੀ ਲੱਗੀ। ਸ਼ੁਕਰਵਾਰ, ਦੋ ਨਵੰਬਰ ਨੂੰ ਉਹ ਜਮੁਨਾ ਨਦੀ ਦਾ ਇਨਕਮ

● ਇਨਸ਼ੋਰੈਂਸ ●

● ਘਰਾਂ ਦੀ ਇਨਸ਼ੋਰੈਂਸ - ਬਹੁਤ ਹੀ ਘੱਟ ਰੇਟ
● ਲਾਈਫ ਤੇ ਸਿਕਨੈੱਸ ਇਨਸ਼ੋਰੈਂਸ
● ਵਿਜ਼ਟਰ ਇਨਸ਼ੋਰੈਂਸ
● ਬਿਜਨੈਸ ਇਨਸ਼ੋਰੈਂਸ ਤੇ ਆਟੋ

Off. & Res.
325-4744


ਪੀ. ਨਰਵਾਲ ਐਂਡ ਕੰ:

ਇਮੀਗਰੇਸ਼ਨ ਸਲਾਹਕਾਰ
ਤੇ ਹੋਰ ਸੇਵਾਵਾਂ

● ਬੱਚੇ ਦਾ ਅਡਾਪਟ (ਗੋਦ ਲੈਣਾ)
● ਇੰਡੀਆ ਦੇ ਕਾਨੂੰਨਾਂ ਬਾਰੇ ਜਾਣਕਾਰੀ ਤੇ ਸਲਾਹ
● ਰਿਸ਼ਤੇਦਾਰ ਦੀ ਚਿੱਠੀ ਕਰਨੀ
● ਇਮੀਗਰੇਸ਼ਨ ਅਪੀਲ ਬੋਰਡ ਵਿਚ ਅਪੀਲ ਕਰਨੀ ਜਾਂ ਪੈਰਵਾਈ

ਪ੍ਰਿਤਪਾਲ ਸਿੰਘ ਨਰਵਾਲ
ਨੋਟਰੀ ਪਬਲਿਕ
ਬੀ. ਏ. (ਪੰਜਾਬ) ਐਲ. ਐਲ. ਬੀ. (ਹਰਿਆਣਾ)
ਸਾਬਕਾ ਐਡਵੋਕੇਟ ਤੇ ਓਥ ਕਮਿਸ਼ਨਰ
ਹੇਠ ਲਿਖੇ ਤਸੱਲੀਬਖਸ਼ ਕੰਮ ਕੀਤੇ ਜਾਂਦੇ ਹਨ:

● ਘਰ ਵੇਚਣ ਤੇ ਖਰੀਦਣ ਦੇ ਕਾਗਜ਼ ਤਿਆਰ ਕਰਨੇ
● ਮੌਰਗੇਜ਼ ਸੰਬੰਧੀ ਹਰ ਤਰ੍ਹਾਂ ਦੇ ਕਾਗਜ਼ ਤਿਆਰ ਕਰਨੇ
● ਲੀਜ਼ ਦੇ ਕਾਗਜ਼ ਬਣਾਉਣੇ
● ਹਲਫੀਆ ਬਿਆਨ ਲੈਣੇ
● ਪਾਸਪੋਰਟ ਜਾਂ ਫੋਟੋ ਅਟੈਸਟ ਕਰਨੀਆਂ
● ਕਮਰਸ਼ੀਅਲ ਕਨਟਰੈਕਟ ਬਣਾਉਣੇ
● ਮੁਖਤਿਆਰਨਾਮੇ ਤਿਆਰ ਕਰਨੇ
● ਵਸੀਅਤ ਆਦਿ


ਪ੍ਰਿਤਪਾਲ ਸਿੰਘ ਨਰਵਾਲ

325-4744

6415 MAIN ST. (at 48th Ave.) VANCOUVER, B.C.
Open : Monday to Friday (9 a.m. to 5 p.m.) Saturday : 10 a.m. to 3 p.m.

GM WESTMINSTER
12th. STREET AT QUEENS AVE., NEW WESTMINSTER, B.C.

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ਼੍ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ
ਗੁਰਜੀਤ ਬਾਵਾ ਢੀਂਡਸਾ
ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜ਼ਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।
● ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

BUS. 521-7731
Pager 687-1985 #5531

FOR BEST DEAL & BEST SERVICE




ਗੁਰਜੀਤ ਢੀਂਡਸਾ ਬਾਵਾ

ਅਫਗਾਨਿਸਤਾਨ ਬਾਰੇ ਭਾਰਤ ਅੱਖਾਂ ਨਹੀਂ ਮੀਟ ਸਕਦਾ — ਰਾਜੀਵ

ਨਵੀਂ ਦਿੱਲੀ — ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਪਾਰਲੀਮੈਂਟ ਵਿਚ ਤਕਰੀਰ ਕਰਦਿਆਂ ਅਫਗਾਨਿਸਤਾਨ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕਰਦਿਆਂ ਸ਼ਪਸ਼ਟ ਕੀਤਾ ਹੈ ਕਿ ਅਫਗਾਨਿਸਤਾਨ ਦੇ ਸੰਬੰਧ ਵਿਚ ਜੋ ਕੁਝ ਵੀ ਹੋ ਰਿਹਾ ਹੈ ਉਸ ਤੋਂ ਭਾਰਤ ਅੱਖਾਂ ਨਹੀਂ ਮੀਟ ਸਕਦਾ। ਤਾਜ਼ਾ ਘਟਨਾਵਾਂ ਤੋਂ ਪੈਦਾ ਹੋਣ ਵਾਲੇ ਨਤੀਜਿਆਂ ਨੂੰ ਦੇਖਦਿਆਂ ਇਸ ਖਿਤੇ ਵਿਚ ਨਿਰਪੱਖ ਲਹਿਰ ਨੂੰ ਮਜ਼ਬੂਤ ਕਰਨ ਦਾ ਮੌਕਾ ਹੱਥੋਂ ਨਹੀਂ ਗਵਾਉਣਾ ਚਾਹੀਦਾ।

ਅਫਗਾਨਿਸਤਾਨ ਬਾਰੇ ਵਾਪਰ ਰਹੀਆਂ ਇਹਨਾਂ ਘਟਨਾਵਾਂ ਕਾਰਨ 'ਵੱਡੀਆਂ ਤਾਕਤਾਂ ਦੀ ਦੁਸ਼ਮਣੀ ਸਾਡੀਆਂ ਬਰੂਹਾਂ ਤੱਕ ਆ ਪਹੁੰਚੀ ਹੈ।" ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਭਾਰਤ ਅਤੇ ਪਾਕਿਸਤਾਨ ਇਸ ਖਿਤੇ ਵਿਚ ਅਮਨ ਸ਼ਾਂਤੀ ਦੀ ਖਾਤਰ ਮਿਲ ਕੇ ਯਤਨ ਕਰਨ। ਇਸੇ ਆਸ਼ੇ ਨੂੰ ਮੁਖ ਰੱਖ ਕੇ ਉਹਨਾਂ ਨੇ ਪ੍ਰਧਾਨ ਜ਼ਿਆ ਨੂੰ ਦਿੱਲੀ ਸੱਦਿਆ ਸੀ। ਫਿਰ ਵੀ ਦੋਹਾਂ ਦੇਸ਼ਾਂ ਵਿਚਾਲੇ ਵਿਸ਼ਾਲ ਪੱਧਰ ਉਤੇ ਵਿਚਾਰ ਵਟਾਂਦਰੇ ਦੇ ਹੋਰ ਮੌਕੇ ਆਉਣਗੇ।

ਅਪੋਜ਼ੀਸ਼ਨ ਨਾਲ ਝੜਪਾਂ

ਪ੍ਰਧਾਨ ਮੰਤਰੀ ਦੀ ਇਸ ਤਕਰੀਰ ਸਮੇਂ ਕਾਂਗਰਸੀ ਮੈਂਬਰਾਂ ਵਲੋਂ ਤਾੜੀਆਂ ਵਜਾਈਆਂ ਗਈਆਂ ਪਰ ਅਪੋਜ਼ੀਸ਼ਨ ਮੈਂਬਰਾਂ ਨੇ ਉਹਨਾਂ ਨੂੰ ਵਾਰ ਵਾਰ ਟੋਕਿਆ ਅਤੇ ਬੋਫਰਜ਼ ਅਤੇ ਦੂਸਰੇ ਸਕੈਂਡਲਾਂ ਸੰਬੰਧੀ ਰਾਸ਼ਟਰਪਤੀ ਦੇ ਭਾਸ਼ਨ ਵਿਚ ਕੋਈ ਜ਼ਿਕਰ ਨਾ ਹੋਣ ਵਿਰੁਧ ਪ੍ਰੋਟੈਸਟ ਕੀਤਾ।

"FOR ALL YOUR PRINTING NEEDS"

dhannu printing co. ltd.

Printers □ Lithographers

English Wedding Cards and other Printing at reasonable rates

ਧੰਨੂ ਪ੍ਰਿੰਟਿੰਗ ਕੰਪਨੀ ਲਿਮਿ:

ਵਿਆਹ ਸ਼ਾਦੀਆਂ ਦੇ ਕਾਰਡ ਅਤੇ ਹਰ ਕਿਸਮ ਦੀ ਪ੍ਰਿੰਟਿੰਗ ਲਈ ਫ਼ੋਨ ਕਰੋ ਜਾਂ ਦਰਸ਼ਨ ਦਿਓ

ਭਾਰਤ ਤੋਂ ਆਏ ਨਵੇਂ ਨਵੇਂ ਡੀਜ਼ਾਈਨਾਂ ਅਤੇ ਰੰਗਾਂ ਵਿਚੋਂ ਆ ਕੇ ਆਪਣੀ ਮਨਪਸੰਦ ਦੇ ਕਾਰਡ ਪਸੰਦ ਕਰੋ

ਵਾਜਬ ਕੀਮਤਾਂ — ਵਧੀਆ ਕੁਆਲਿਟੀ

Ph. Bus. 585-2004 Res. 585-7916

10281 - 133A St., SURREY, B.C. V3T 4A1

NEW YORK LIFE

NEW YORK LIFE INSURANCE COMPANY
2030-1055 W. Georgia Street.
Vancouver, B.C. V6E 3P3


LIFE ■ HEALTH ■ GROUP ■ DISABILITY INSURANCE

ਬੀਮਾ ਲੋੜਾਂ ਹਰ ਇਕ ਆਦਮੀ ਦੀ ਮਾਸਕ ਆਮਦਨ ਮੁਤਾਬਕ ਹੁੰਦੀਆਂ ਹਨ

ਤੁਹਾਨੂੰ ਕਿੰਨੇ ਬੀਮੇ ਦੀ ਲੋੜ ਹੈ, ਤੁਸੀਂ ਰੀਟਾਇਰ ਹੋਣ ਵੇਲੇ ਕਿੰਨੀ ਆਮਦਨ ਮੰਗਦੇ ਹੋ,

ਮੈਂ ਤੁਹਾਨੂੰ ਦੱਸਾਂਗਾ ਕਿ ਤੁਹਾਨੂੰ ਕੀ ਵਾਜਬ ਹੈ ?

Off: 685-7364 Bhupinder Dhaliwal Res: 589-1559



Bhupinder Dhaliwal

S. & S. INSURANCE

6658 Main St. Vancouver

ਪੰਜਾਬੀ ਮਾਰਕਿਟ ਵਿਚ ਸਭ ਤੋਂ ਪਹਿਲਾ ਤੇ ਭਰੋਸੇਯੋਗ ਇੰਨਸ਼ੋਰੈਂਸ ਦਫਤਰ

ਇੰਨਸ਼ੋਰੈਂਸ ਦੇ ਰੇਟ ਤਾਂ ਹਰ ਥਾਂ ਇਕੋ ਹੀ ਹਨ ... ਪਰ ਫ਼ਰਕ ਦੋਸਤੀ ਭਰੇ ਮਾਹੋਲ ਦਾ ਹੈ ... ਤੇ ਉਹ ਦੋਸਤੀ ਭਰੀ ਸੇਵਾ ਤੁਹਾਨੂੰ S & S Insurance ਤੋਂ ਹੀ ਮਿਲ ਸਕਦੀ ਹੈ। ਆਪਣੇ ਘਰਾਂ ਤੇ ਕਾਰਾਂ ਦੀ ਇੰਨਸ਼ੋਰੈਂਸ ਨਵੇਂ ਸਿਰਿਓਂ ਕਰਾਉਣ ਲਈ ਅੱਜ ਹੀ ਮਿਲੋ



ਦਲਜੀਤ ਸਿੰਘ ਸਿੱਧੂ

autoplan

RENEW EARLY INSURANCE

* FINANCING AVAILABLE
* SAFE DRIVING DISCOUNT (if eligible)

Ph. 324-5711



ਹਰਦੇਵ ਸਿੰਘ ਗਿੱਲ

324-5711

Now In addition to
Serving the Community — with their Life Insurance needs since 1970
For all your real estate needs at



- ਕਮਰਸ਼ਲ ਪਰਾਪਰਟੀ
- ਲਾਟਾਂ
- ਹਰ ਤਰ੍ਹਾਂ ਦੀ ਪਰਾਪਰਟੀ ਲਈ

Dayspring Realty

#21 - 31940 South Fraser Way, Clearbrook, B.C.

Ph. (604) 853-8114 [24 hours] **Toll Free 1—800—663—8134**

This Week's Special

- ਐਲਡਰਗਰੋਵ ਵਿਚ ਟਾਊਨ ਹਾਊਸ 3 ਬੈਡ ਰੂਮ, ਡੇਢ ਬਾਥਰੂਮ, ਕਿਚਨ, ਲਾਂਡਰੀ ਤੇ ਮੇਨ ਫਲੋਰ - 1250 ਸੁਕੇਅਰ ਫੁੱਟ ਹੈ ਕੀਮਤ ਕੇਵਲ $49,900.000
- $71000 ਤੋਂ $79,900 ਤੱਕ ਤਿੰਨ ਬੈਡ ਰੂਮ ਵਾਲੇ ਅਤੇ ਪੂਰੀ ਬੇਸਮੈਂਟ ਬਣੀ ਵਾਲੇ ਪੰਜ ਘਰ ਵਿਕਾਊ ਹਨ।


One big Luxurious, spacious house in new subdivision 3000 Sq. Ft. in Clearbrook
Price only $127,000

ਟੈਕਸ ਦਫਤਰ ਵਾਲਾ ਪੁਲ ਪਾਰ ਕਰਕੇ ਤ੍ਰਿਲੋਕਪੁਰੀ ਗਿਆ, ਜਿਹੜੀ ਕਿ ਕੰਮ-ਕਾਜੀ ਲੋਕਾਂ ਦੀ ਨਵੀਂ ਫੈਲ ਰਹੀ ਬਸਤੀ ਹੈ। ਉਤੇਜਨਾ ਨਾਲ ਕੰਬਦੇ ਲੋਕਾਂ ਦੇ ਇਕ ਛੋਟੇ ਜਿਹੇ ਸਮੂਹ ਨੇ ਉਸ ਨੂੰ 32 ਨੰਬਰ ਬਲਾਕ ਵਿਚ ਜਾਣ ਨੂੰ ਕਿਹਾ। ਜਦੋਂ ਉਹ ਉਸ ਬਲਾਕ ਵਿਚ ਪਹੁੰਚਿਆ ਤਾਂ ਉਸਨੇ ਸਭ ਤੋਂ ਪਹਿਲਾਂ ਇਕ ਛੋਟੇ ਜਿਹੇ ਇਟਾਂ ਦੇ ਬਣੇ ਮਕਾਨ ਦੇ ਬਰਾਮਦੇ ਵਿਚ ਤਿੰਨ ਜਲੀਆਂ ਲਾਸ਼ਾਂ ਪਈਆਂ ਵੇਖੀਆਂ। ਜਿਵੇਂ ਹੀ ਉਹ ਉਸ ਭੀੜੀ ਗਲੀ ਵਿਚੋਂ ਲੰਘਣ ਲੱਗਾ, ਉਸਨੇ ਲਗਭਗ ਹਰ ਮਕਾਨ ਦੇ ਬਰਾਮਦੇ ਵਿਚ ਲਾਸ਼ਾਂ ਪਈਆਂ ਵੇਖੀਆਂ। ਇਹ ਲਾਸ਼ਾਂ ਪ੍ਰਤੱਖ ਰੂਪ ਵਿਚ ਸਿੱਖਾਂ ਦੀਆਂ ਹੀ ਸਨ, ਕਿਉਂਕਿ ਉਨ੍ਹਾਂ ਦੇ ਲੰਬੇ ਵਾਲ ਉਨ੍ਹਾਂ ਨੂੰ ਮਾਰਨ ਤੋਂ ਬਾਅਦ ਕੱਟ ਦਿੱਤੇ ਗਏ ਸਨ, ਜਿਹੜੇ ਕਿ ਅਜੇ ਵੀ ਲਾਸ਼ਾਂ ਦੇ ਕੋਲ ਹੀ ਪਏ ਸਨ। ਸਤੀਸ਼ ਜੈਕਬ ਨੂੰ ਸਾਰੇ ਪਾਸੇ ਮਿੱਟੀ ਦੇ ਤੇਲ ਦੀ ਮੁਸ਼ਕ ਆਈ ਜਿਹੜਾ ਕਿ ਇਨ੍ਹਾਂ ਲਾਸ਼ਾਂ ਨੂੰ ਜਲਾਉਣ ਲਈ ਵਰਤਿਆ ਗਿਆ ਸੀ। ਕੁਝ ਨੂੰ ਲੋਹੇ ਦੀਆਂ ਸਲਾਖਾਂ ਨਾਲ ਵਿੰਨ੍ਹ ਦਿੱਤਾ ਗਿਆ ਸੀ। ਜ਼ਿਆਦਾਤਰ ਘਰ ਲੁੱਟ ਲਏ ਗਏ ਸਨ। ਸਿੱਖ ਪਰਿਵਾਰਾਂ ਦੀਆਂ ਤ੍ਰਭਕੀਆਂ ਤੇ ਡੌਰ-ਭੌਰ ਹੋਈਆਂ ਇਸਤਰੀਆਂ ਤੇ ਬੱਚੇ ਅਜੇ ਵੀ ਆਪਣੇ ਘਰਾਂ ਵਿਚ ਸਨ। ਬਹੁਤ ਸਾਰੇ ਰੋ ਰਹੇ ਸਨ। ਜ਼ਿਆਦਾਤਰ ਇੰਨੇ ਸੁੰਨ-ਮਸੁੰਨ ਹੋ ਗਏ ਸਨ ਕਿ ਉਨ੍ਹਾਂ ਮੂੰਹੋਂ ਕੋਈ ਬੋਲ ਹੀ ਨਹੀਂ ਸੀ ਫੁਟਦਾ। ਫਿਰ ਵੀ ਇਕ ਬਜ਼ੁਰਗ ਇਸਤਰੀ ਨੇ ਆਪਣੇ ਨਾਲ ਵਾਪਰਿਆ ਦੱਸਿਆ। ਉਸ ਨੇ ਕਿਹਾ 'ਲੋਕਾਂ ਦੇ ਝੁੰਡ, ਸੈਂਕੜਿਆਂ ਦੀ ਭੀੜ ਨੇ ਇਸ ਬਲਾਕ ਤੇ ਹੱਲਾ ਕਰ ਦਿੱਤਾ। ਉਨ੍ਹਾਂ ਨੂੰ ਜਿੰਨੇ ਵੀ ਸਿੱਖ ਆਦਮੀ ਮਿਲੇ, ਸਭ ਨੂੰ ਮਾਰ ਦਿੱਤਾ ਤੇ ਜਲਾ ਦਿੱਤਾ। ਬਚਾਓ ਦਾ ਕੋਈ ਰਾਹ ਨਹੀਂ ਸੀ। ਉਹ ਜੰਗਲੀ ਦਰਿੰਦਿਆਂ ਦੀ ਤਰ੍ਹਾਂ ਸਨ, ਮਨੁੱਖ ਨਹੀਂ ਸਨ। ਅਸੀਂ ਉਨ੍ਹਾਂ ਦਾ ਕੁਝ ਨਹੀਂ ਵਿਗਾੜਿਆ ਸੀ। ਹਿੰਦੂਆਂ ਦੀ ਕੁਝ ਭੀੜ ਉਦੋਂ ਇਕੱਠੀ ਹੋ ਗਈ, ਜਦੋਂ ਸਤੀਸ਼ ਜੈਕਬ ਉਸ ਸਿੱਖ ਬਜ਼ੁਰਗ ਇਸਤਰੀ ਨਾਲ ਗੱਲ ਕਰ ਰਿਹਾ ਸੀ। ਉਨ੍ਹਾਂ ਨੇ ਸਤੀਸ਼ ਨੂੰ ਦੱਸਿਆ ਕਿ ਉਹ ਤ੍ਰਿਲੋਕਪੁਰੀ ਦੇ ਨਿਵਾਸੀ ਹਨ ਪ੍ਰੰਤੂ ਉਨ੍ਹਾਂ ਦਾ ਕਤਲਾਮ ਵਿਚ ਕੋਈ ਹੱਥ ਨਹੀਂ ਸੀ। ਉਨ੍ਹਾਂ ਨੇ ਕਿਹਾ ਕਿ ਗੁੰਡਿਆਂ ਦੇ ਟੋਲੇ ਇਸ ਬਾਹਰਲੀ ਬਸਤੀ ਵਿਚ ਆ ਵੜੇ ਸਨ ਅਤੇ ਉਨ੍ਹਾਂ ਨੇ ਇਹ ਜਬਰ-ਜ਼ੁਲਮ ਕੀਤਾ ਸੀ।

ਫਿਰ ਡਾਕਟਰ ਅਸ਼ਫਾਕ, ਇਕ ਬਿਰਧ ਮੁਸਲਮਾਨ, ਜਿਹੜਾ ਕਿ ਸਤੀਸ਼ ਜੈਕਬ ਨੂੰ ਆਪਣੇ ਪੁਰਾਣੀ ਦਿੱਲੀ ਦੇ ਘਰ ਤੋਂ ਜਾਣਦਾ ਸੀ, ਨੇ ਉਸਨੂੰ ਇਕ ਪਾਸੇ ਬੁਲਾਇਆ। ਉਸ ਨੇ ਸਤੀਸ਼ ਜੈਕਬ ਨੂੰ ਦੱਸਿਆ ਕਿ ਕੱਟ-ਵੱਢ ਚਾਰ ਘੰਟੇ ਚਲਦੀ ਰਹੀ ਹੈ ਅਤੇ ਉਸਨੇ ਇਹ ਵੀ ਪੁਸ਼ਟੀ ਕੀਤੀ ਕਿ ਜ਼ਿਆਦਾਤਰ ਤ੍ਰਿਲੋਕਪੁਰੀ ਤੋਂ ਬਾਹਰਲੇ ਗੁੰਡਿਆਂ ਦੇ ਟੋਲੇ ਖੂਨ-ਖਰਾਬੇ ਲਈ ਜ਼ਿੰਮੇਂਵਾਰ ਸਨ। ਉਸ ਨੇ ਇਹ ਵੀ ਕਿਹਾ ਕਿ ਕੁਝ ਸਥਾਨਕ ਨਿਵਾਸੀਆਂ ਨੇ ਵੀ ਇਸ ਵਿਚ ਹਿਸਾ ਲਿਆ। ਪ੍ਰਤੱਖ ਰੂਪ ਵਿਚ ਬਦਮਾਸ਼ਾਂ ਨੇ ਪਹਿਲਾਂ ਲਾਗਲੇ ਗੁਰਦੁਆਰੇ ਤੇ ਹਮਲਾ ਕੀਤਾ ਤੇ ਫਿਰ 32 ਨੰ. ਬਲਾਕ ਵਿਚ ਵੜ ਗਏ। ਸਿੱਖਾਂ ਨੇ ਮੁਕਾਬਲਾ ਕੀਤਾ ਪ੍ਰੰਤੂ ਉਹ ਨਿਰਾਸ਼ਾ ਦੀ ਹੱਦ ਤੀਕਰ ਘੱਟ ਗਿਣਤੀ ਵਿਚ ਸਨ। ਡਾਕਟਰ ਅਸ਼ਫਾਕ ਨੇ ਕਿਹਾ ਕਿ ਇੰਚਾਰਜ ਪੁਲਿਸ ਅਧਿਕਾਰੀ ਅਤੇ ਤਿੰਨ ਸਿਪਾਹੀ ਖੜ੍ਹੇ ਇਸ ਸਾਰੀ ਵਾਰਦਾਤ ਨੂੰ ਤੱਕਦੇ ਰਹੇ। (ਚਲਦਾ)

ਮੇਰਾ ਨਿਤਨੇਮ

ਰਾਮ ਸਿੰਘ ਢਿੱਲੋਂ (ਗੋਰਾਇਆ) ਸਰੀ



ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਤੋਂ ਲੈ ਕੇ, ਦਸਵੇਂ ਗੁਰੂ ਗੋਬਿੰਦ ਸਿੰਘ ਜੀ ਤਕ ਕਿਸੇ ਇਕ ਨੇ ਵੀ ਦੂਸਰੇ ਮਜ਼੍ਹਬਾਂ ਦੇ ਆਗੂਆਂ ਵਾਂਗ ਕਿ, ਮੈਂ ਹੀ ਇਕੋ ਇਕ ਰੱਬ ਦਾ ਪੁਤ੍ਰ ਹਾਂ ਜੇਹਨੂੰ ਰੱਬ ਨੇ ਏਸ ਧਰਤੀ ਉਤੇ ਭੇਜਿਆ ਹੈ ਕਿ ਮੈਂ ਭੁੱਲੀ ਜਨਤਾ ਨੂੰ ਸਿਧੇ ਰਾਹ ਪਾਵਾਂ, ਆਖਿਆ ਹੋਵੇ। ਓਹ ਸਾਧਾਰਨ ਮਨੁੱਖਾਂ ਵਾਂਗ ਹੀ, ਮਾਤਾ ਦੇ ਉਦਰ ਦਵਾਰਾ ਏਸ ਧਰਤੀ ਤੇ ਆਏ ਤੇ ਸਾਧਾਰਨ ਮਨੁੱਖ ਵਾਂਗ ਹੀ, ਦੁਖਾਂ ਤੇ ਸੁਖਾਂ ਦੇ ਮਿਲਗੋਭੇ ਵਾਲੀ ਜ਼ਿੰਦਗੀ ਬਤੀਤ ਕਰ, ਏਸ ਸੰਸਾਰ ਨੂੰ ਅਲਵਿਦਾ ਆਖ ਜੋਤੀ ਸੰਗ ਜੋਤ ਮਿਲਾ ਆਪਣੇ ਮਕਸਦ ਨੂੰ ਪੂਰਾ ਕਰ ਰੱਬ ਨੂੰ ਪਿਆਰੇ ਹੋ ਗਏ।

ਮਹਾਂ ਪੁਰਸ਼ ਜਿਨ੍ਹਾਂ ਵਿਚ ਨਬੀ, ਅਵਤਾਰ, ਰਿਖੀ ਮੁਨੀ, ਗੁਰੂ ਤੇ ਭਗਤ ਆਦਿ ਸ਼ਾਮਿਲ ਹਨ, ਉਨ੍ਹਾਂ ਤੇ ਆਮ ਇਨਸਾਨ ਵਿਚ ਇਹ ਫਰਕ ਸੀ ਕਿ ਉਨ੍ਹਾਂ ਆਪਣੀ ਜ਼ਿੰਦਗੀ ਈਸ਼ਵਰ ਭਗਤੀ ਅਤੇ ਜਨਤਾ ਨੂੰ ਸਿਧੇ ਰਾਹ ਲਾਉਣ ਵਿਚ ਗੁਜ਼ਾਰੀ ਅਤੇ ਆਪਣੇ ਨਿੱਜੀ ਕੰਮਾਂ ਨਾਲੋਂ, ਸਾਂਝੇ ਕੰਮਾਂ ਨੂੰ ਪਹਿਲ ਦਿੱਤੀ। "ਗੁਰੂ" ਸ਼ਬਦ ਦਾ ਅਰਥ ਵੀ ਮਜ਼੍ਹਬੀ-ਸਿਖਯਕ ਭਾਵ ਮਜ਼੍ਹਬੀ-ਟੀਚਰ ਹੀ ਹੈ ਤੇ ਨਬੀ ਔਲੀਆ ਆਦਿ ਵੀ ਏਸੇ ਕੈਟਾਗਰੀ ਵਿਚ ਆਉਂਦੇ ਹਨ। ਰੱਬ ਸ਼ਬਦ ਦੀ ਵਿਆਖਿਆ ਵੀ, "ਉਸਦਾ ਕੋਈ ਰੂਪ ਨਹੀਂ, ਕੋਈ ਰੰਗ ਨਸਲ ਨਹੀਂ, ਕੋਈ ਰੇਖ ਭੇਖ ਨਹੀਂ ਤੇ ਜਦ ਉਸਦਾ ਕੋਈ ਰੂਪ ਹੀ ਨਹੀਂ ਤਾਂ ਉਸਦਾ ਕਿਸੇ ਦਾ ਵੈਰੀ ਜਾਂ ਮਿਤਰ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਹ ਇਕ ਤੇਜ਼, ਬਲਵਾਨ ਅੱਖਾਂ ਨੂੰ ਚੁੰਧਿਆ ਦੇਣ ਵਾਲੀ ਰੋਸ਼ਨੀ ਦੱਸਦੇ ਹਨ, ਜੇਹੜੀ ਕਿਸੇ ਹਜ਼ਰਤ (ਮੁਸਲਿਮ ਪੀਰ) ਨੂੰ ਕੋਹ ਤੂਰ ਪਹਾੜੀ ਉਪਰ ਨੂਰ (ਤੇਜ਼ ਰੋਸ਼ਨੀ) ਦੀ ਸ਼ਕਲ ਵਿਚ ਭਾਵ ਰੱਬੀ-ਰੋਸ਼ਨੀ ਦੇ ਝਲਕਾਰੇ ਵਾਂਗ ਨਮੂਦਾਰ ਹੋਈ ਤੇ ਏਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਵੀ ਗਿਆਨੀ ਤੇ ਪ੍ਰਚਾਰਕ ਦੱਸਦੇ ਹਨ ਕਿ ਉਨ੍ਹਾਂ ਨੂੰ ਵੀ ਰੱਬ ਦੇ ਦਰਸ਼ਨ ਤੇਜ਼ ਰੋਸ਼ਨੀ ਦੇ ਝਲਕਾਰੇ ਰੂਪ ਵਿਚ ਹੀ ਛਿਨ ਮਾਤਰ ਹੋਏ ਸਨ।

ਜਦ ਅਸੀਂ ਸਮਾਧੀ 'ਚ ਬੈਠ ਬਾਣੀ ਦਾ ਸਿਮਰਨ ਕਰਦੇ ਜਾਂ ਵਾਹਿਗੁਰੂ ਸ਼ਬਦ ਦੀ ਰਟ ਲਗਾ, ਆਪਣੀ ਆਤਮਾ ਦੀ ਲਿਵ ਉਸ ਇਲਾਹੀ ਜੋਤ ਦੀ ਲਿਵ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਸਾਡੇ ਮਨ-ਨੇਤਰਾਂ ਸਾਹਵੇਂ, ਬਦੋ ਬਦੀ ਕਿਸੇ ਗੁਰੂ ਦੇਹਧਾਰੀ ਦੀ ਮੂਰਤ (ਜਿਵੇਂ ਕਿ ਮਸੱਵਰਾਂ ਨੇ ਬਣਾਈ ਹੋਵੇ) ਆ ਖਲੋਂਦੀ ਹੈ। ਇਹ ਬ੍ਰਿਤੀ-ਦਸ਼ਾ, ਜਦ ਤੋਂ ਪਾਠ ਕਰਨਾਂ ਆਰੰਭ ਕੀਤਾ ਹੈ, ਏਸੇ ਪ੍ਰਕਾਰ ਚਲੀ ਆ ਰਹੀ ਹੈ। ਹੁਣ ਜਦ ਆਪਣੇ 65-70 ਸਾਲ ਦੇ ਤਜਰਬੇ ਦੇ ਆਧਾਰ ਤੇ ਜ਼ਰਾ ਵਧੇਰੇ ਗੌਹ ਨਾਲ ਜਾਂਚਦਾ ਹਾਂ ਤਾਂ ਅਨੁਭਵ ਹੁੰਦਾ ਹੈ ਕਿ ਜਿਸ ਇਲਾਹੀ ਜੋਤ ਨਾਲ ਮੈਂ ਲਿਵ ਜੋੜਨ ਦੀ ਕੋਸ਼ਿਸ਼ ਕਰਦਾ ਆ ਰਿਹਾ ਹਾਂ, ਓਸੇ ਜੋਤ ਨਾਲ ਤੇ ਸਾਡੇ ਸਾਰੇ ਮਹਾਂ ਪੁਰਸ਼ ਵੀ ਕੋਸ਼ਿਸ਼ ਕਰਦੇ ਆ ਰਹੇ ਸਨ। ਲਿਵ ਜੋੜਨ ਲਈ ਆਪਣੇ ਅੰਦਰਲੀ ਸ਼ਕਤੀ ਭਾਵ ਮਨ-ਨੇਤਰਾਂ ਦੀ ਸੋਚ ਕਿਸੇ ਇਕ ਨੁਕਤੇ ਤੇ ਮੈਸਮ੍ਰੇਜ਼ਮੀ-ਤੌਰ ਤੇ ਕੇਂਦਰਤ ਕਰਨ ਦੀ ਲੋੜ ਹੈ। ਜਿਹੜੀ ਮਸੱਵਰਾਂ ਦੀ ਬਣਾਈ ਪੂਜਯ ਮੂਰਤ (ਅਸਲ ਪਤਾ ਨਹੀਂ ਕਿਸ ਤਰ੍ਹਾਂ ਦੀ ਹੋਵੇਗੀ) ਮੈਂ ਲਿਵ ਜੋੜਨ ਲਈ ਆਪਣੇ ਮਨ-ਨੇਤਰਾਂ ਸਾਹਵੇਂ ਲਿਆਉਂਦਾ ਆ ਰਿਹਾ ਹਾਂ ਓਹ ਰੱਬ ਦੀ ਤੇ ਨਹੀਂ ਹੈ ਸੋ ਇਹ ਗੁਰੂਆਂ ਦੀ ਹੁਕਮ-ਅਦੂਲੀ ਹੈ, ਕਿਉਂ ਜੋ ਓਹ ਤੇ ਸਪੱਸ਼ਟ ਆਖ ਗਏ ਹਨ ਕਿ ਓਹ ਰੱਬ ਨਹੀਂ ਓਹ ਤੇ ਸਾਧਾਰਨ ਇਨਸਾਨ ਸਨ, ਭਾਵ ਓਹ ਤੇ ਮੈਂ ਸਭ ਕੁਝ ਗਲਤ ਹੀ ਕਰਦਾ ਆ ਰਿਹਾ ਹਾਂ। ਉਪਰੋਕਤ ਮਹਾਂ ਪੁਰਸ਼ ਤੇ ਰਹਿਬਰ ਭਾਵ ਰਾਹ ਦੱਸਣ ਵਾਲੇ ਸਨ, ਖੁਦ ਰੱਬ ਨਹੀਂ ਸਨ। ਜਿਸ ਰੱਬ ਦੀ ਭਾਲ ਮੈਂ ਕਰ ਰਿਹਾ ਹਾਂ, ਓਹਦੀ ਹੀ ਭਾਲ ਵਿਚ ਤੇ ਉਨ੍ਹਾਂ ਆਪਣੀਆਂ ਸਾਰੀਆਂ ਜ਼ਿੰਦਗੀਆਂ ਬਤੀਤ ਕੀਤੀਆਂ ਤੇ ਓਸ ਜੋਤ ਦਾ ਝਲਕਾਰਾ ਮਸਾਂ ਥੋੜੇ ਜੇਹਾਂ ਦੇ ਭਾਗਾਂ ਵਿਚ ਹੀ ਨਸੀਬ ਹੋ ਸਕਿਆ।

ਹਰ ਇਕ ਪ੍ਰਾਣੀ ਨੂੰ ਇਕ ਓਸ ਕਰਤਾ ਦੀ ਕਿਰਤ ਸਮਝ, ਓਹਦੇ ਨਾਲ ਓਹੋ ਜੇਹਾ ਹੀ ਵਰਤਾਰਾ ਕਰਨਾ ਜੇਹੋ ਜੇਹਾ ਤੁਸੀਂ ਸਮਝਦੇ ਹੋ ਓਹ ਤੁਹਾਡੇ ਨਾਲ ਕਰੇ, ਭਾਵ ਕਿਸੇ ਦਾ ਦਿਲ ਨਾ ਦੁਖਾਣਾ ਤੇ ਅੰਦਰਲੇ ਪਿਆਰ ਨਾਲ ਹਰ ਕਿਸੇ ਨਾਲ ਪੇਸ਼ ਆਉਣਾ, ਇਹ ਉਚਯ-ਕੋਟੀ ਸਿਕਸ਼ਾ ਹੀ ਤੇ ਹੈ ਜਿਹੜੀ ਸਾਡੇ ਮਹਾਂ ਪੁਰਸ਼ ਸਾਰੇ ਦੇਹਧਾਰੀ ਗੁਰੂ ਤੇ ਭਗਤ ਤੇ ਸਾਡੇ ਸਦੀਵੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਚਾਰਦੇ ਹਨ। ਤੁਹਾਡਾ ਅੰਦਰਲਾ ਦਿਲ ਜਿਹੜਾ ਇਕ ਬੜੀ ਸੂਖਮ ਤੇ ਬੇਸ਼ਕੀਮਤ ਪਰ ਬੜੇ ਕੰਮ ਦੀ ਸ਼ੈ ਹੈ ਤੇ ਓਸ ਕਰਤਾਰ ਦੀ ਤੁਹਾਨੂੰ ਬਖਸ਼ੀ ਹੋਈ ਇਕ ਦਾਤ ਹੈ, ਜਿੰਨਾ ਚਿਰ ਓਹ ਸੁਖ ਆਰਾਮ ਵਿਚ ਖਿੜਿਆ ਖੁਸ਼ ਨਹੀਂ, ਓਨਾਂ ਚਿਰ ਤੁਹਾਡੇ ਅੰਦਰਲੀ ਬਿਰਤੀ ਦਾ ਓਸ ਇਲਾਹੀ ਜੋਤ ਨਾਲ ਜੁੜਨਾ ਬੜਾ ਮੁਸ਼ਕਿਲ ਹੈ।

ਐਸ ਸ੍ਰਿਸ਼ਟੀ ਤੇ ਵਿਚਰਦੇ ਭਾਵ ਐਸ ਜ਼ਿੰਦਗੀ ਦੌਰਾਨ, ਤੁਹਾਡਾ ਸੰਪਰਕ, ਸੈਂਕੜੇ ਹਜ਼ਾਰਾਂ ਤੁਹਾਡੇ, ਪਿਆਰਿਆਂ ਨਾਲ ਹੁੰਦਾ ਹੈ ਤੇ ਤੁਹਾਡਾ ਉਨ੍ਹਾਂ ਸਾਰਿਆਂ ਨੂੰ ਆਪਣੇ ਖਿਆਲ ਦੇ ਬਣਾ ਸਕਣਾ ਤਾਕਿ ਓਹ ਧੁਰ ਅੰਦਰੋਂ ਤੁਹਾਡੇ ਨਾਲ ਪਿਆਰ ਵਰਤਾਰਾ ਕਰਨ, ਮੁਸ਼ਕਿਲ ਹੀ ਨਹੀਂ ਨਾਮੁਮਕਿਨ ਵੀ ਹੈ ਤੇ ਤੁਸੀਂ ਆਪਣੇ ਅੰਦਰਲੇ ਨੂੰ ਵੀ ਸੁਖ ਸ਼ਾਂਤ ਖਿੜਿਆ ਰਖਣਾ ਚਾਹੁੰਦੇ ਹੋ ਤਾਂ ਫਿਰ ਦੂਜਾ ਤਰੀਕਾ ਸਿਰਫ ਏਹੋ ਹੈ ਕਿ ਤੁਸੀਂ ਉਨ੍ਹਾਂ ਸਾਰੇ ਪਿਆਰਿਆਂ ਵਿਚ ਵਿਚਰਦੇ ਹੋਏ ਵੀ ਕਮਲ-ਫੁਲ ਵਾਂਗ, ਉਨ੍ਹਾਂ ਦੇ ਅਣ-ਸੁਖਾਵੇਂ ਕਿਸੇ ਬਚਨ ਆਖੇ ਜਾਂ ਕਿਸੇ ਕਰਤੱਵ ਨੂੰ ਅਣ-ਸੁਣਿਆ ਤੇ ਅਣ-ਡਿਠ ਕਰ, ਆਪਣੀ ਮੌਜ ਵਿਚ ਮਸਤ, ਗੁਰੂ ਨਾਨਕ ਦੇ ਦੱਸੇ, ਕਬੀਲਦਾਰੀ ਦੇ ਉਚੇ-ਸੁੱਚੇ ਐਸ ਮਾਰਗ ਵਿਚ ਹੀ ਨਿਰਲੇਪ ਰਹਿਣ ਦਾ ਸਵਾਦ-ਮਾਣ ਸਕਦੇ ਹੋ।

ਜਿਵੇਂ ਮੈਂ ਉਪਰ ਦੱਸਿਆ ਹੈ ਹਰ ਮਜ਼੍ਹਬੀ ਸਿਧਾਂਤ, ਇਕ ਬਲਵਾਨ ਲਟ ਲਟ ਕਰਦੀ ਚਮਕਦੀ ਤੇ ਅੱਖਾਂ ਨੂੰ ਚੁੰਧਿਆ ਦੇਣ ਵਾਲੀ ਲੋ ਨੂੰ ਹੀ ਰੱਬੀ-ਲੋ ਦਾ ਨਾਂ ਦਿੰਦਾ ਹੈ ਤੇ ਏਸੇ ਤਰ੍ਹਾਂ ਸਾਇੰਟਿਫਿਕ ਸੋਚਣੀ ਵੀ ਲਟ ਲਟ ਕਰਦੇ ਗਰਮੀ ਤੇ ਰੁਸ਼ਨਾਈਆਂ ਦੇ ਅਮੁੱਕ ਭੰਡਾਰਾਂ ਦੇ ਗਹਿਰੇ ਤੇ ਖੁੱਲ੍ਹੇ ਗੱਫੇ ਵੰਡਣ ਵਾਲੇ ਸੂਰਜੀ ਪ੍ਰਕਾਸ਼ ਨੂੰ ਹੀ ਸਾਰੀ ਪ੍ਰਕ੍ਰਿਤੀ ਦਾ ਮੁੱਢ ਤਸੱਵਰ ਕਰਦੀ ਹੈ। ਇਹ ਓਹ ਪ੍ਰਕਾਸ਼ ਹੈ ਜਿਸਦੀ ਅਣਹੋਂਦ (ਜੇ ਇਹ ਪ੍ਰਕਾਸ਼ ਨਾ ਹੋਵੇ) ਕਾਰਨ ਸ੍ਰਿਸ਼ਟੀ ਦੇ ਵਿਚਰ ਰਹੀ ਹਰ ਜਾਨਦਾਰ ਚੀਜ਼, ਜਿਵੇਂ ਕਿ ਇਨਸਾਨ, ਹੈਵਾਨ, ਚਰਿੰਦ, ਪ੍ਰਿੰਦ, ਸਾਰੀ ਵਨਾਸਪਤੀ ਤੇ ਹਰਿਆਈ ਆਦਿ, ਸਮੁੰਦਰਾਂ ਵਿਚਲੀ ਤੇ ਹਵਾ ਵਿਚਲੀ ਹਰ ਜਾਨਦਾਰ ਸ਼ੈ ਤੇ ਓਹ ਸਾਰੀਆਂ ਹੀ ਕਿਆਸੀ ਧਰਤੀਆਂ ਉਪਰ ਜੋ ਵੀ ਹਿਲ-ਜੁਲ ਹੈ, ਸਿਰਫ ਮਿੱਟੀ ਦੀ ਮੁਠ ਜਾਂ ਰਾਖ-ਸਵਾਹ ਦਾ ਢੇਰ ਬਣ ਸਕਦੀ ਹੈ, ਇਹ ਸੂਰਜੀ-ਲੋ ਹੀ ਜਾਨ ਹੈ ਤੇ ਸਹੀ ਅਰਥਾਂ ਵਿਚ ਸਾਰੀ ਕਾਇਨਾਤ ਦੀ ਜ਼ਿੰਦਗੀ ਵੀ

ਪੁੰਨ-ਪਾਪ ਜਾਂ ਚੰਗਾ-ਮਾੜਾ, ਕੇਵਲ ਦੋ ਪ੍ਰਕਾਰ ਦੇ ਹੀ ਮੁਖ ਕਰਤੱਵ ਹੈਨ, ਜੋ ਹਰ ਵਿਅਕਤੀ ਕਰਦਾ ਹੈ। ਰਾਜਸੀ-ਸੱਤਾ ਵਾਲੀਆਂ ਸਰਕਾਰੀ ਜੁੰਡੀਆਂ ਤੇ ਕਾਨੂੰਨੀ-ਡੰਡਾ ਵਰਤਕੇ, ਜਨਤਾ ਨੂੰ ਮਾੜੇ ਕੰਮ ਕਰਨ ਤੋਂ ਵਿਵ੍ਰਜਤ ਰਖਦੀਆਂ ਹਨ ਅਤੇ ਮਜ਼੍ਹਬੀ ਆਗੂ ਕਿਸੇ ਕਿਆਸੀ ਨਰਕ-ਸੁਰਗ ਦਾ ਡਰ ਜਾਂ ਸਬਜ਼ਬਾਗ ਦਿਖਾ, ਜਨਤਾ ਨੂੰ ਮਾੜੇ ਕੰਮਾਂ ਤੋਂ ਹੋੜ, ਚੰਗੇ ਕੰਮ ਲਾਉਣ ਲਈ ਪ੍ਰੇਰਦੇ ਰਹਿੰਦੇ ਹਨ। ਮਜ਼੍ਹਬ ਜਿਨ੍ਹਾਂ ਦੀ



DARSHAN SINGH UPPAL

14 year experience, specializing in residential Homes, Lands and Farms.


For FREE Market Evaluation Of Your Property or To Buy and sell.

Call :

Ph. Off. 590-3231

Res. 594-8758

ਕਿਸੇ ਵੀ ਕਿਸਮ ਦੀ ਜਾਇਦਾਦ ਖ੍ਰੀਦਣ ਜਾਂ ਵੇਚਣ ਲਈ ਦਰਸ਼ਨ ਸਿੰਘ ਉਪੱਲ ਨੂੰ ਮਿਲੋ ਜਾਂ ਫੋਨ ਕਰੋ :



Lots and New Homes On 128 St. & 66 Ave. Surrey

L/R LAKEVIEW REALTY LTD. DELTA 590-3231

7909 SCOTT RD., DELTA, B.C. V4C 6P6

CALL US FIRST

IATA APPROVED OFFICE

Express Internationl Travel (1986) Ltd. ATAC

Approved Agent All Major Airlines

ਸਪੈਸ਼ਲ ਧਮਾਕੇਦਾਰ ਸੇਲ ਲੱਗ ਗਈ

ਸਿੰਘਾਂਪੁਰ $1100 ਰੀਟਰਨ ਹਾਂਗਕਾਂਗ $770 ਰੀਟਰਨ ਟਰਾਂਟੋ $199 ਰੀਟਰਨ ਇੰਗਲੈਂਡ $625 ਰੀਟਰਨ

ਕੈਲਗਰੀ ਤੇ ਐਡਮਿੰਟਨ $99 ਰੀਟਰਨ

ਸਾਡੇ ਕੋਲ ਸਪੈਸ਼ਲ ਇੰਮੀਗਰੇਂਟ ਕਿਰਾਏ ਲਈ ਟਿਕਟਾਂ ਮਿਲਦੀਆਂ ਹਨ।

ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।

ਇਕ ਟਿਕਟ ਲੈਣ ਦੇ ਨਾਲ 1 ਲੱਖ ਡਾਲਰ ਦੀ ਟਰੈਵਲ ਇਨਸ਼ੋਰੈਂਸ ਮੁਫਤ ਦਿੱਤੀ ਜਾਵੇਗੀ


ਦਿੱਲੀ ਤੋਂ ਵੈਨਕੂਵਰ ਤੱਕ ਸਸਤੇ ਕਿਰਾਏ ਲਈ ਸਾਨੂੰ ਮਿਲੋ Ph. 321-8777

5787 Victoria Drive, Vancouver,



AJIT KANG

ਐਡਵਰਟਾਇਜ਼ਮਿੰਟ ਲਈ ਫ਼ੋਨ ਕਰੋ - : 581-4473



ਨਿਰਮਲ ਸਿੰਘ ਧਾਲੀਵਾਲ

Thinking of Buying or Selling

ਆਪਣੀ ਜਾਇਦਾਦ ਦੀ ਸਹੀ ਕੀਮਤ ਜਾਨਣ ਲਈ ਅਤੇ ਕਿਸੇ ਭੀ ਕਿਸਮ ਦੀ ਜਾਇਦਾਦ ਖ਼ੀਦਣ ਜਾਂ ਵੇਚਣ ਤੋਂ ਪਹਿਲਾਂ ਜ਼ਰੂਰ ਮਿਲੋ ਜਾਂ ਫ਼ੋਨ ਕਰੋ :

For The Best Selection & 100% Satisfaction

NIRMAL (Neil) DHALIWAL

Bus: **588-9955** Res: **597-2069**

Specializing in: Lots, New Homes, Investment Properties, Farms, Industrial & Commercials

LAKEVIEW REALTY LTD.
10732 KING GEORGE HWY., SURREY, B.C. V3T 2X7

WORKING 100% FOR YOU



ਜਗਦੀਸ਼ ਸਿੰਘ ਨੋਟਰੀ ਪਬਲਿਕ (ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ **ਇਮੀਗਰੇਸ਼ਨ ਸਲਾਹਕਾਰ**

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ:—

- ਘਰ ਜਾਂ ਜ਼ਮੀਨ ਖ਼ੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੇਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ


Off. 324-6727

Res. 324-4160

ਅਤੇ ਇਮੀਗਰੇਸ਼ਨ

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

#201 - 2001 East 36th Ave. [at victoria]
Vancouver. B.C. V5P 1C9



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

ਕੀ ਇਮੀਗਰੇਸ਼ਨ ਦਾ ਮਸਲਾ ਹੈ?

ਸਲਾਹ ਮਸ਼ਵਰੇ ਲਈ ਸਾਡੀ ਮਦਦ ਲੌਵੋ

ਅਸੀਂ ਆਪਦੀ ਸੇਵਾ 1946 ਤੋਂ ਕਰਦੇ ਆ ਰਹੇ ਹਾਂ ਪਹਿਲੀ ਮੁਲਾਕਾਤ ਦੀ ਕੋਈ ਫੀਸ ਨਹੀਂ ਹੋਵੇਗੀ।

ਵਰਲਡ ਵਾਈਡ ਇਮੀਗਰੇਸ਼ਨ ਐਂਡ ਡਾਕੂਮੈਨਟੇਸ਼ਨ ਸਰਵਿਸਜ਼



ਦਲਜੀਤ ਸਿੰਘ ਸੰਧੂ L.L.B. (U.K.)
Res. 580-1822

- ਰਿਸ਼ਤੇਦਾਰਾਂ ਨੂੰ ਕੈਨੇਡਾ ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ -ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ 'ਚ ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ ਭਰਾ, ਭੈਣ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੋਵੇ ਤੇ ਵਿਆਹੇ ਹੋਏ ਨਾ ਹੋਣ। ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸ਼ਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਫੜਿਆ ਜਾਵੇ ਜਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸ ਨੂੰ ਕਿਵੇਂ ਛੁਡਾ ਸਕਦੇ ਹਾਂ ਉਸ ਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸ਼ਤੇਦਾਰ ਦੀ ਚਿਠੀ ਭਰੀ ਹੈ ਤਾਂ ਉਨ੍ਹਾਂ ਨੂੰ ਕਿਸੇ ਵੀ ਕਾਰਨ ਇਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜ਼ਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ। ਤਾਂ ਅਸੀਂ ਕਾਨੂੰਨੀ ਤੌਰ 'ਤੇ ਤੁਹਾਡੇ ਵਾਸਤੇ ਇਮੀਗਰੇਸ਼ਨ ਕੋਲੋਂ ਪਤਾ ਕਰਕੇ ਦੱਸ ਸਕਦੇ ਹਾਂ ਕਿ ਕੀ ਕਾਰਨ ਹੈ।

- ਜੇ ਇੰਡੀਆ ਤੋਂ ਕੋਈ ਡਾਕੂਮੈਂਟ ਮੰਗਾਉਣਾ ਹੋਵੇ ਤਾਂ ਅਸੀਂ ਮੰਗਵਾ ਸਕਦੇ ਹਾਂ।
- ਬਿਜ਼ਨਿਸ ਤੌਰ ਤੇ ਕੈਨੇਡਾ ਦੀ ਇਮੀਗਰੇਸ਼ਨ ਲੈਣੀ ਹੋਵੇ।
- ਸਟੂਡਿੰਟ ਵੀਜ਼ੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਦੱਸ ਸਕਦੇ ਹਾਂ
- ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜ਼ਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹੋ ਜ਼ਮੀਨ ਕਿਵੇਂ ਵੇਚ ਸਕਦੇ ਹੋ। ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਜੇ ਤੁਸੀਂ ਘਰ ਖਰੀਦਣਾ ਹੋਵੇ, ਤੁਹਾਡੇ ਕੋਲ ਪੈਸੇ ਡਾਊਨ ਪੇਮਿੰਟ ਦੇਣ ਲਈ ਥੋੜੇ ਹੋਣ ਤਾਂ ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਇਸ ਸਭ ਦਾ ਬੰਦੋਬਸਤ ਕਿਵੇਂ ਹੋ ਸਕਦਾ ਹੈ। ਤੁਹਾਡੇ ਕੋਲ ਪ੍ਰਾਪਰਟੀ ਹੈ, ਜੇਕਰ ਉਸਦੇ ਉਪਰ ਫਸਟ, ਸੈਕਿੰਡ, ਥਰਡ ਮੌਰਗੇਜ ਥੋੜੇ ਤੋਂ ਥੋੜੇ ਵਿਆਜ ਤੇ ਲੈਣੀ ਹੋਵੇ ਤਾਂ ਉਸ ਬਾਰੇ ਦਸ ਸਕਦੇ ਹਾਂ ਤੁਸੀਂ ਪ੍ਰਾਪਰਟੀ ਜਾਂ ਬਿਜ਼ਨਿਸ ਖਰੀਦਣੀ ਹੋਵੇ। ਤੁਸੀਂ ਕਿਥੋਂ ਜਾਂ ਕਿੱਦਾਂ ਪੈਸੇ ਲੈ ਸਕਦੇ ਹੋ।

ਉਪਰ ਲਿਖੇ ਮਸਲਿਆਂ ਤੋਂ ਇਲਾਵਾ ਅਸੀਂ ਤੁਹਾਨੂੰ ਹੋਰ ਕਿਸੇ ਤੁਹਾਡੇ ਇੰਡੀਆਂ ਵਿਚਲੇ ਮਸਲੇ ਬਾਰੇ ਵੀ ਸਲਾਹ ਮਸ਼ਵਰਾ ਦੇ ਸਕਦੇ ਹਾਂ।

ਨਵੇਂ ਰਫਿਊਜੀ ਕਾਨੂੰਨ ਬਾਰੇ ਸਾਡੇ ਕੋਲੋਂ ਸਲਾਹ ਲਵੋ।



ਮਲਕੀਤ ਸਿੰਘ ਪਰਹਾਰ
(ਇਮੀਗਰੇਸ਼ਨ ਸਲਾਹਕਾਰ)
Res: 521-5061

IMMIGRATION PROBLEMS?

Let us assist you as we have been doing since 1946

Complete Immigration Service in Canada

Sponsoring Immediate Family	Investors Immigration
Close Relatives	Entrepreneurs Immigration
Independent Immigrants	Self-Employed Immigration
Fiance (e) Application	Family Business Immigration
Student Visa	Work Permit
Refugee Application	Retired Person Application
Visitors Visa	Release Hearing
Adoption Application	Immigration Inquiry
Returning Resident Permit	Immigration Appeal
Citizenship Application	Preparing Application Forms
Orphan Relatives Application	Etc....

FREE consultation for first interview

Malkit Singh Parhar & Daljit Sandhu
IMMIGRATION CONSULTANTS
World Wide Immigration & Documentation Services
2127 — Kingsway, Vancouver, B.C. Canada

Off. (604) 430-6611

ਗਿਣਤੀ ਸੈਂਕੜੇ ਨਹੀਂ ਹਜ਼ਾਰਾਂ ਤਕ ਉਪੜ ਚੁਕੀ ਹੈ, ਹਰ ਕਿਸੇ ਕੋਲ ਉਪਰਲਾ ਕਿਆਸੀ, ਇਕੋ ਨਰਕ ਤੇ ਇਕੋ ਹੀ ਸਵਰਗ ਹੈ, ਬੇਸ਼ਕ ਰਾਹ ਭਾਵ ਉਪੜਨ-ਵਿਧੀ, ਆਪੋ ਆਪਣੀ, ਪਰ ਇਕੋ ਇਕ ਸੱਚੀ (ਉਨ੍ਹਾਂ ਵਾਲੀ) ਹੀ ਹੈ, ਜਿਨ੍ਹਾਂ ਓਹ ਜੱਫਾ ਪਾਈ ਬੈਠੇ ਹਨ ਤੇ ਤੁਹਾਨੂੰ ਜੱਫਾ ਪਾਉਣ ਲਈ ਪ੍ਰੇਰਦੇ ਰਹਿੰਦੇ ਹਨ। ਮਜ਼੍ਹਬਾਂ ਬਾਰੇ ਬੇਅੰਤ ਮੀਟਿੰਗਾਂ, ਗੋਸ਼ਟੀਆਂ, ਅਸੈਂਬਲੀਆਂ ਤੇ ਕਾਨਫਰੰਸਾਂ ਵੱਖ ਵੱਖ ਥਾਂ ਹੋ ਚੁਕੀਆਂ ਹਨ ਪਰ ਅਜ ਤੱਕ ਇਹ ਸਾਬਤ ਨਹੀਂ ਹੋ ਸਕਿਆ, ਕਿਹੜਾ ਮਜ਼੍ਹਬ ਸੁਪਰੀਮ, ਭਾਵ ਸਾਰੇ ਮਜ਼੍ਹਬਾਂ ਦਾ ਸ਼ਿਰੋਮਣੀ ਹੈ ਅਤੇ ਅਗੋਂ ਵੀ ਏਸ ਸੁਪਰੀਮ ਦਾ ਨਿਰਣਾ ਹੋ ਸਕਣਾ ਬਿਲਕੁਲ ਸੰਭਵ ਨਹੀਂ, ਜਿਸ ਮਜ਼੍ਹਬ ਦੇ ਪ੍ਰਾਪੇਗੰਡਾ ਸਾਧਨ ਵਧੇਰੇ ਹਨ ਓਹਦੀ ਡੁਗਡੁਗੀ ਵਧੇਰੇ ਵੱਜ ਰਹੀ ਹੈ ਤੇ ਦੂਜਿਆਂ ਦੀ ਥੋੜੀ, ਇਸ ਲਈ ਹਰ ਕਿਸੇ ਨੂੰ ਓਹਦਾ ਮਜ਼੍ਹਬੀ-ਅਕੀਦਾ ਮੁਬਾਰਕ ਹੋਵੇ, ਹੀ ਆਖਿਆ ਜਾਣਾ ਉਚਿੱਤ ਹੈ।

3-4 ਸਾਲ ਦੀ ਬੱਚਾ-ਉਮਰੇ ਹੀ ਜਦ ਕਦੀ ਮੈਨੂੰ ਮਾੜਾ ਮੋਟਾ ਬੁਖਾਰ ਆਦਿ ਵੀ ਹੋਣਾ ਤਾਂ ਮਾਂ ਨੇ "ਕਹੁ, ਆਦਿ ਸਚ ਜੁਗਾਦਿ ਸਚ ਹੈ ਵੀ ਸਚ ਨਾਨਕ ਹੋਸੀ ਵੀ ਸੱਚ" ਤੇ ਕਹਿੰਦੇ ਕਹਿੰਦੇ ਸੌਂ ਜਾਇਆ ਕਰਦਾ ਸਾਂ ਤੇ ਜਦ ਕਦੀ ਹਨੇਰੇ-ਕੁਵੇਲੇ ਡਰ-ਭੌ ਵੀ ਲਗਣਾ ਤਾਂ ਉਪਰੋਕਤ ਸ਼ਬਦ-ਔਸ਼ਧੀ ਹੀ ਸਹਾਈ ਹੋਇਆ ਕਰਦੀ, ਜਿਹੜੀ ਬਦਸਤੂਰ ਚਲੀ ਆ ਰਹੀ ਹੈ, ਏਸ ਲਈ ਮੈਂ ਨਿਸਚੇ ਹੀ ਆਪਣੀ ਮਾਂ ਨੂੰ ਆਪਣਾ ਗੁਰੂ ਮੰਨਦਾ ਹਾਂ।

ਸ. ਗੁਰਬਖਸ਼ ਸਿੰਘ ਹੋਰਾਂ ਦੀ ਪ੍ਰੀਤਲੜੀ ਮੈਂ ਜੋ ਕੁਝ ਵੀ ਅਜ ਹਾਂ, ਓਹਦੀ ਮੇਰੀ ਬਣਤਰ 'ਚ ਬੜੀ ਦੇਣ ਹੈ। ਇਕਾਂਤ ਵਿਚ ਅੱਖਾਂ ਮੀਟ, ਸਭ ਤੋਂ ਸ਼੍ਰੇਸ਼ਟ ਗ੍ਰਹਿ, ਲਟ ਲਟ ਕਰਦੇ ਗਰਮੀ ਤੇ ਲੋ-ਪ੍ਰਕਾਸ਼ ਵੰਡਦੇ ਸੂਰਜ ਵਲ ਬੜੇ ਚਿਰਾਂ ਤੋਂ ਝਾਕਣ ਦਾ ਆਦਮੀ ਹੋ ਚੁਕਾ ਹਾਂ। ਕਦੀ ਕਦੀ ਅੱਖਾਂ ਖੋਲ, ਓਹਦੇ ਚੁੰਧਿਆ ਦੇਣ ਵਾਲੇ ਰੱਬੀ-ਪ੍ਰਕਾਸ਼ ਨੂੰ ਅੱਖਾਂ ਦਵਾਰਾ, ਛਿਨ-ਮਾਤਰ, ਮਾੜੀ ਜੇਹੀ ਡੀਕ ਲਾ, ਪੀ ਲੈਣ ਦਾ ਸਵਾਦੀ ਉਪਰਾਲਾ ਵੀ ਕਰਦਾ ਰਹਿੰਦਾ ਹਾਂ ਤੇ ਚਾਰ ਕੁ ਮਿੰਟ ਅਰਦਾਸ ਕਰਨ ਦਾ ਸਵਾਦ ਵੀ ਮਾਣਦਾ ਹਾਂ। ਇਹ ਕੁਝ ਕਰਨ ਨਾਲ ਜਿਵੇਂ ਨਿਰਾ ਮੇਰੇ ਸਰੀਰ ਨੂੰ ਹੀ ਨਹੀਂ, ਮਨੋ-ਬਲ ਨੂੰ ਵੀ ਬੜੀ ਤਾਕਤ ਉਪੜਦੀ ਤੇ ਸਰੂਰ ਆਉਂਦਾ ਹੈ ਮੈਂ ਬੜੀ ਚੰਗੀ ਤਰ੍ਹਾਂ ਅਨੁਭਵ ਕਰਦਾ ਹਾਂ ਤੇ ਗਦ ਗਦ ਹੋ ਜਾਂਦਾ ਹਾਂ। ਇਹ ਮੈਸਮੇਰਿਜ਼ਮੀ ਜਾਦੂ ਤਾਕਤ ਸਾਰਾ ਹੀ ਦਿਨ ਮੈਨੂੰ ਨਸ਼ਿਆਈ ਰਖਦੀ ਹੈ ਤੇ ਮੈਂ ਗੱਭਰੂਆਂ ਵਾਂਗ ਤੁਰਿਆ ਫਿਰਦਾ ਰਹਿੰਦਾ ਹਾਂ ਤੇ ਦੂਜੇ ਸਵੇਰ ਫੇਰ ਉਸ ਰੱਬੀ-ਲੋ (ਭਾਵੇਂ ਬੱਦਲਾਂ ਓਹਲੇ ਹੀ ਹੋਵੇ) ਦੇ ਦਰਸ਼ਨਾਂ ਲਈ ਵਿਆਕੁਲ ਹੋਏ ਵਾਂਗ ਆਪਣੀ ਮਿਥੀ ਥਾਂ ਜਾ ਖਲੋਂਦਾ ਹਾਂ।

ਜਦ ਕਦੀ ਮੇਰੇ ਸਰੀਰ ਨੂੰ ਕੋਈ ਕਸ਼ਟ ਹੁੰਦਾ ਹੈ (ਪਰ ਬਹੁਤ ਘੱਟ) ਜਾਂ ਕਿਸੇ ਪਿਆਰੇ ਦੇ ਅਣ-ਸੁਖਾਵੇਂ ਆਪਣੇ ਵੱਲ ਵਰਤਾਵੇ ਕਾਰਨ ਮੈਨੂੰ ਚੋਭ ਜਹੀ ਲਗਦੀ ਹੈ ਤਾਂ ਮੈਂ ਆਪਣੇ ਹੱਥਾਂ, ਅੱਖਾਂ ਤੇ ਅੰਦਰਲੇ ਇਸ਼ਾਰਿਆਂ ਦਵਾਰਾ ਜਿਵੇਂ ਮਿੱਟੀ ਲੱਗੀ ਨੂੰ ਝਾੜਦਾ ਹੋਵਾਂ, ਝਾੜ-ਭੁਲ, ਸਲੇਟ ਤੇ ਲਿਖੀ ਲਿਖਤ ਦੇ ਮਿਟਾ ਦੇਣ ਵਾਂਗ, ਆਪਣੇ ਮਨ ਤੇ ਲਗੇ ਦਾਗ ਨੂੰ ਛੇਤੀ ਹੀ ਮਿਟਾ, ਐਜ਼-ਯੂ-ਵਰ ਹੋਣ ਦੀ ਮਸ਼ਕ ਕਰਦਾ ਪਹਿਲਾਂ ਵਾਂਗ ਮਸਤ ਹੋਣ ਦਾ ਉਪਰਾਲਾ ਕਰਦਾ ਰਹਿੰਦਾ ਹਾਂ।

ਤੰਦਰੁਸਤੀ ਭਾਵ ਸਿਹਤ, ਇਨਸਾਨ ਦੀ ਸਭ ਤੋਂ ਵਿਸ਼ੇਸ਼, ਸ਼੍ਰੇਸ਼ਟ ਅਤੇ ਕੀਮਤੀ ਦੌਲਤ ਹੈ ਜਿਸਨੂੰ ਕਾਇਮ ਰੱਖਣ ਦੀ ਸਭ ਤੋਂ ਮਹਾਨ ਵਿਧੀ ਕਸਰਤ ਭਾਵ ਐਕਸੂਸਾਈਜ਼ ਹੈ। ਇਨਸਾਨੀ ਸਰੀਰਕ ਢਾਂਚਾ ਸਾਇੰਸੀ ਸੋਚਣੀ ਮੁਜਬ 200 ਸਾਲ ਤੱਕ ਹੰਢ ਸਕਣ ਦੇ ਯੋਗ ਹੈ (ਭਾਵੇਂ ਹਾਲੇ ਤੱਕ 168 ਸਾਲ ਦੀ ਉਮਰੇ ਇਨਸਾਨ ਤੋਂ ਵੱਧ ਲੇਖੇ ਵਿਚ ਨਹੀਂ ਆਇਆ) ਅਗੋਂ ਸ਼ਾਇਦ ਓਹ ਏਸ ਸਮੇਂ ਨੂੰ ਹੋਰ ਵੀ ਲੰਮੇਰਾ ਕਰਨ ਬਾਰੇ ਵਿਧੀਆਂ ਦੀ ਖੋਜ ਕਰ ਰਹੇ ਹਨ।

ਹਰ ਮਜ਼੍ਹਬੀ-ਸੋਚਣੀ ਵਾਲੇ ਇਨਸਾਨ, ਹਰ ਘਾਟ, ਹਰ ਦੁਖ, ਹਰ ਹੋਣੀ, ਹਰ ਤਰੁਟੀ, ਹਰ ਔਹਰ ਜਿਵੇਂ ਕਿ ਔਲਾਦ-ਹੀਣ ਔਲਾਦ ਲਈ, ਗਰੀਬ ਧੰਨ-ਪ੍ਰਾਪਤੀ ਲਈ, ਬੀਮਾਰ ਅਰੋਗਤਾ ਲਈ, ਹਰ ਕੋਈ ਆਪਣੇ ਦੁਸ਼ਮਣ ਨੂੰ ਭਾਵੇਂ ਓਹ ਕੇਵਲ ਵਿਰੋਧੀ-ਖਿਆਲੀਆ ਹੀ ਹੋਵੇ ਮਲੀਆ-ਮੇਟ ਕਰਨ ਲਈ, ਕੋਈ ਕਮਾਈ ਖਾਤਰ ਪ੍ਰਦੇਸ ਉਪੜਨ ਲਈ, ਕੰਮ ਤੋਂ ਹਟਿਆ ਕੰਮ ਲੱਭਣ ਲਈ ਆਦਿ ਹੱਥੀਂ ਉਪਰਾਲੇ ਘੱਟ ਤੇ ਕਿਸੇ ਗੈਬੀ ਤਾਕਤ ਕਿਸੇ ਅਰਸ਼ੀਂ ਬੈਠੇ ਦੇਵਤੇ ਆਦਿ ਦਾ ਆਸਰਾ ਵਧੇਰੇ ਲੋੜਦੇ ਹਨ ਤੇ ਸੌ ਵਾਰ ਫੇਲ ਹੋਣ ਭਾਵ ਸੌ ਵਾਰ ਅਰਦਾਸ-ਅਰਜੋਈ ਵਿਅਰਥ ਜਾਣ ਤੇ ਵੀ ਓਹ ਨਿਰਾਸ਼ ਹੋ, ਓਸ ਗੈਬੀ ਸ਼ਕਤੀ ਵਲੋਂ ਖੱਟੇ ਨਹੀਂ ਪੈਂਦੇ। ਆਪਣੇ ਅਕੀਦੇ ਵਲੋਂ ਨਿਸਚੇ ਵਲੋਂ ਨਿਰਾਸ਼ ਨਾ ਹੋਣਾ ਤੇ ਖੱਟੇ ਨਾ ਪੈਣਾ ਹੀ ਮਜ਼੍ਹਬ ਸਦਵਾਉਂਦਾ ਹੈ।

ਸਿਖਿਜ਼ਮ ਬਾਰੇ ਜੋ ਅਸੀਂ ਪੜ੍ਹਿਆ ਹੈ, ਇਹ ਇਕ ਜ਼ਿੰਦਗੀ ਜੀਣ ਦੀ ਜਾਂਚ ਹੈ ਇਕ ਰਾਹ ਹੈ, ਜਿਸ ਤੇ ਚਲ ਇਨਸਾਨ, ਸਹੀ ਤੇ ਸੰਪੂਰਨ, ਰੱਬ ਦਾ ਸਰੂਪ ਬੰਦਾ ਬਣ ਸਕਦਾ ਹੈ। ਪਾਠ ਕਰਨਾ ਇਕ ਅਭਿਆਸ ਹੈ। (ਫਲ ਕਾਰਨ ਫੂਲੀ ਬਨ-ਰਾਇ, ਫਲ ਲਾਗਾ ਤੌਂ ਫੂਲ ਬਲਾਇ, ਗਿਆਨੇ ਕਾਰਨ ਕਰਮ ਅਭਿਆਸ, ਗਿਆਨ ਭਇਆ ਤੋ ਕਰਮੇਂ ਨਾਸ-ਸ਼ਬਦਾਵਲੀ ਅਸ਼ੁਧ ਲਿਖੀ ਗਈ ਹੋਵੇ ਤਾਂ ਖਿਮਾਂ ਦਾ ਜਾਚਕ ਹਾਂ) ਆਪਣੇ ਉਡਣ ਪੰਖੇਰੂ ਮਨ ਨੂੰ ਜਿਹੜਾ ਚੰਗੀਆਂ ਤੇ ਮਾੜੀਆਂ ਸੋਚੀਂ ਖੁੱਭਾ ਡੋਲਦਾ ਰਹਿੰਦਾ ਹੈ ਓਹਨੂੰ ਮਾੜੀਆਂ ਵਲੋਂ ਮੋੜ, ਚੰਗੀਆਂ ਵਲ ਨੂੰ ਪ੍ਰੇਰਨਾ ਕਰਨਾ ਹੈ। ਹਰ ਇਨਸਾਨ ਦੀ ਜ਼ਿੰਦਗੀ, ਦੁੱਖਾਂ ਤੇ ਸੁੱਖਾਂ ਦਾ ਮਿਲਗੋਭਾ ਹੈ ਕਿਸੇ ਨੂੰ ਦੁਖ ਬਹੁਤੇ ਤੇ ਸੁਖ ਥੋੜੇ ਤੇ ਕਿਸੇ ਨੂੰ ਇਸ ਤੋਂ ਬਿਲਕੁਲ ਉਲਟ। ਪਾਠ-ਪ੍ਰੇਰਨਾ ਤੁਹਾਨੂੰ ਦੁਖ ਸਮੇਂ ਡੋਲਣ ਤੋਂ ਬਚਾਉਂਦੀ ਹੈ ਤੇ ਖੁਸ਼ੀ ਸਮੇਂ ਆਪੇ ਤੋਂ ਬਾਹਰ ਹੋਣੋਂ ਵਰਜਦੀ ਹੈ ਤੇ ਸਾਡੇ ਗੁਰੂਆਂ ਆਪਣੇ ਗ੍ਰਿਸਤੀ ਜੀਵਨ ਜੀਣ ਦੀ ਪ੍ਰਤੱਖ ਮਿਸਾਲ ਕਾਇਮ ਕਰ ਦਿਖਾਈ ਹੈ ਤੇ ਓਹ ਆਪਣੇ ਸਿਖਾਂ ਤੋਂ ਏਹੋ ਜੇਹਾ ਆਦਰਸ਼ਕ ਜੀਵਨ ਜੀਣ ਦੀ ਆਸ ਰੱਖਦੇ ਹਨ "ਨਾ ਕੋ ਵੈਰੀ ਨਾਹਿ ਵਿਗਾਨਾ ਸਗਲ ਸੰਗ ਹਮਕੋ ਬਨ ਆਈ।"

ਕੁਝ ਕੁ ਕਸਰਤ ਬਾਰੇ

ਕਸਰਤ ਮੈਂ ਸਵੇਰ ਵੇਲੇ ਕੇਵਲ ਇਕ ਦੋ ਘੁਟ ਕੋਸੇ ਪਾਣੀ ਦੇ ਪੀਕੇ ਨਿਰਨਾਂ ਹੀ ਕਰਦਾ ਹਾਂ। ਪਹਿਲਾਂ ਅੱਖਾਂ, ਮੱਥਾ, ਖਾਖਾਂ, ਕੰਨਾਂ ਪਿਛੇ ਧੌਣ ਦਵਾਲੇ ਖੂਬ ਸੁਕੀ ਮਾਲਿਸ਼ ਕਰਦਾ ਹਾਂ — ਬਾਹਾਂ ਸਿੱਧੀਆਂ, ਪੁਠੀਆਂ ਗੇੜੇ ਦਾ ਘੁਮਾਂਦਾ ਹਾਂ, ਧੌਣ ਅੱਗੇ ਪਿਛੇ ਗੇੜੇ ਦਾ ਘੁਮਾਣਾ ਤੇ ਮਾਲਿਸ਼, ਲੱਕ ਵੀ ਸਿਧਾ ਪੁੱਠਾ ਘੁਮਾਣਾ, ਲੱਤਾਂ ਵੀ ਵਾਰੀ ਵਾਰੀ ਉਪਰ ਜਿੰਨੀਆਂ ਚੁਕ ਹੋ ਸਕਣ ਅਗੇ ਪਿਛੇ ਤੇ ਖੱਬੇ ਸੱਜੇ, ਥੋੜੀਆਂ ਜਿਹੀਆਂ ਬੈਠਕਾਂ ਤੇ ਲੱਕ ਤੇ ਹੱਥ ਰੱਖ ਹੌਲੀ ਹੌਲੀ ਉਠਣਾ ਬੈਠਣਾ, ਸਿਧਾ ਖਲੋ ਪੈਰਾਂ ਨੂੰ ਹੱਥ ਤੇ ਕੋਡੇ ਹੋ ਬਾਹਾਂ ਲਮਕਾ ਖੱਬੇ ਸੱਜੇ ਜ਼ੋਰ ਜ਼ੋਰ ਘੁਮਾਣੀਆਂ, ਰਗ ਤੇ ਲੇਟ ਤੇ ਧੌਣ ਫੜ ਅੱਧਾਂ ਸਰੀਰ ਚੁਕਣਾ ਤੇ ਫੇਰ ਏਸੇ ਤਰ੍ਹਾਂ ਲੱਕ ਤੋਂ ਹੇਠਲਾ ਹਿੱਸਾ, 5-7 ਮਿੰਟ ਜੌਗਿੰਗ, ਸਿਰ ਭਾਰ ਤਿੰਨ ਕੁ ਮਿੰਟ ਭਾਵ ਪਤਾਲ ਆਸਣ, ਯੋਗੀ ਚੌਕੜੀ ਆਸਣ ਬੈਠ, ਲੰਮੇ ਲੰਮੇ ਸਾਹ, ਜਿੰਨਾ ਲੰਮਾ ਹੋ ਸਕੇ (ਪ੍ਰਾਣਾਂ-ਯਾਮ) ਏਸੇ ਆਸਣ ਬੈਠੇ ਸਿਰ ਹਲਾਏ ਬਗੈਰ ਅੱਖਾਂ ਉਪਰ ਹੇਠਾਂ, ਖੱਬੇ ਸੱਜੇ, ਤੇ ਘੇਰੇ ਦਾ, ਅੱਠ ਦਸ ਵਾਰ। ਸਾਰੀ ਕਸਰਤ ਨੂੰ ਭਗਤੀ ਸਮਝ ਇਹ 15-55 ਮਿੰਟ ਸਮਾਂ ਆਪਣੇ ਚੇਹਰੇ ਤੇ ਰੱਜਕੇ ਮੁਸਕਾਣ ਰੱਖਣੀ, ਉਪਰੰਤ ਬਾਹਰ ਜਾਂ ਸੂਰਜ ਸਾਹਵੇਂ 3-4 ਮਿੰਟ ਖਲੋ ਅਰਦਾਸ ਕਰਦਾ ਹਾਂ ਫੇਰ ਸ਼ੂਗਰ ਤੋਂ ਬਗੈਰ ਬੀਅਰ ਵਾਲਾ ਗਲਾਸ ਚਾਹ ਦਾ, ਸ਼ੀਸ਼ੇ ਵਿਚੋਂ ਦੀ ਬਾਹਰ ਵੱਲ ਝਾਕਦਾ, ਕੁਰਸੀ ਤੇ ਬੈਠ, ਹਰਿਆਈਆਂ ਵੰਡਦੇ ਦਰਖਤ ਨੀਲਾ ਆਸਮਾਨ, ਦਰਖਤਾਂ ਉਪਰ ਟੱਪਦੇ ਨੱਚਦੇ ਪੰਛੀ ਜਿਵੇਂ ਮੇਰੇ ਪ੍ਰਵਾਰ ਦੇ ਹੀ ਜੀਵ ਹੋਣ, ਵਿਰਲੀ ਵਿਰਲੀ ਚੁਸਕੀ ਭਰਦਾ ਪੰਦਰਾਂ ਕੁ ਮਿੰਟ ਬੈਠਾ, ਪੀਂਦਾ ਤੇ ਕੁਦਰਤ ਦੀ ਸਰਾਹਣਾ ਕਰਦਾ ਬੜਾ ਸਵਾਦ ਮਾਣਦਾ ਹਾਂ ਜਿਵੇਂ ਕੁਦਰਤ ਨਾਲ ਗੱਲਾਂ ਕਰਦਾ ਹੋਵਾਂ। ਇਸ ਨਿਤਨੇਮ ਉਪਰੰਤ ਮੇਰਾ ਦਿਨ ਸ਼ੁਰੂ ਹੁੰਦਾ ਹੈ।

ਮੇਰੀ ਅਰਦਾਸ ਵਿਚੋਂ ਕੁਝ ਕੁ ਟੱਪੇ —

ਸੂਰਜ ਮੂਹਰੇ ਖਲੋਣ ਤੋਂ ਪਹਿਲਾਂ ਮੈਂ ਆਪਣੀਆਂ ਅੱਖਾਂ, ਮੱਥਾ, ਖਾਖਾਂ, ਕੰਨਾਂ ਪਿਛੇ ਧੌਣ ਚੰਗੀ ਤਰ੍ਹਾਂ ਮਲਦਾ ਹਾਂ, ਫੇਰ ਆਹਾ ਹਾ ਵਾਹ ਬਈ ਵਾਹ, ਧੰਨ ਹੋ, ਧੰਨ ਹੋ, ਜਿਧਰ ਦੇਖਤਾ ਹੂੰ ਉਧਰ ਤੂੰ ਹੀ ਤੂੰ ਹੈ, ਹਰ ਸ਼ੈ ਮੇਂ ਜਲਵਾ ਤੇਰਾ ਹੂ ਬ ਹੂ ਹੈ - ਲੋ ਵੋਹ ਨਿਕਲਾ ਕਿਰਨੋਂ ਵਾਲਾ, ਕੀ ਜਗਤ ਮੇਂ ਜਿਸ ਨੇ ਉਜਾਲਾ-ਆਹਾ ਹਾ ਤੇਰੀ ਮਹਿਮਾਂ ਅਪਰ ਅਪਾਰ ਹੈ, ਸੁਬਹਾਨ ਤੇਰੀ ਕੁਦਰਤ। ਹੇ ਦਾਤਾਰ! ਐਹ ਜੋ ਦਿਲ ਤੇ ਸਰੀਰ ਦੀ ਪਵਿਤਰ ਦਾਤ ਤੈਂ ਮੈਨੂੰ ਬਖਸ਼ੀ ਹੈ, ਏਹਨੂੰ ਬਹੁਤ ਲੰਮਾ ਸਮਾਂ ਭਾਵ 125 ਸਾਲ ਤੰਦਰੁਸਤੀ ਨਾਲ ਹੰਢਾਣ ਲਈ, ਮੈਨੂੰ ਬਲ ਬਖਸ਼ ਮੈਂ ਅਠੱਕੀ ਕਸਰਤ ਕਰਦਾ ਰਹਾਂ। ਹੇ ਦਾਤਾਰ! ਐਹ ਜਿਹੜੀਆਂ ਤੇਰੀਆਂ ਪਵਿਤਰ ਸ਼ਕਤੀਸ਼ਾਲੀ, ਸੁੰਦਰ ਸੁਨਹਿਰੀ ਕਿਰਨਾਂ ਹੈਨ ਇਨ੍ਹਾਂ ਨੂੰ ਮੇਰੇ ਨੇਤਰਾਂ ਦਵਾਰਾ (ਦੋਵੇਂ ਲੋਆਂ ਇਕੋ ਟੱਬਰ ਨਾਲ ਸੰਬੰਧਤ ਹਨ) ਮੇਰੇ ਅੰਦਰ ਪ੍ਰਵੇਸ਼ ਕਰ ਤਾਕਿ ਇਨ੍ਹਾਂ ਦੀ ਛੋਹ ਦਵਾਰਾ ਮੇਰੇ ਸਰੀਰ ਦੀਆਂ ਸਾਰੀਆਂ ਸ਼ਕਤੀਆਂ ਜਿਵੇਂ ਕਿ ਬੋਲਣ ਸ਼ਕਤੀ ਸੋਚਣ ਸ਼ਕਤੀ, ਦੇਖਣ ਸ਼ਕਤੀ, ਸੁਨਣ ਸ਼ਕਤੀ ਤੇ ਸੁੰਘਣ ਸ਼ਕਤੀ ਆਦਿ ਕੁੰਗੂ ਵਾਂਗ ਪਵਿਤਰ ਹੋ ਹਮੇਸ਼ਾ ਚਾਲੂ ਰਹਿਣ ਕੰਮ ਕਰਦੀਆਂ ਰਹਿਣ; ਕਿਰਨਾਂ ਦੀ ਛੋਹ ਦਵਾਰਾ ਹੀ ਮੇਰੀ ਧੌਣ ਦੇ ਪੱਠੇ, ਮੌਰਾਂ ਦੇ ਪੱਠੇ, ਕੂਹਣੀਆਂ ਗੁੱਟਾਂ ਤੇ ਉਂਗਲਾਂ ਦੇ ਪੱਠੇ, ਏਸੇ ਤਰ੍ਹਾਂ ਲਕ ਦੇ ਪੱਠੇ, ਪਿੱਠ ਦੇ ਪੱਠੇ, ਗੋਡੇ ਗਿਟੇ ਤੇ ਉਂਗਲਾਂ ਦੇ ਪੱਠੇ ਬਦਸਤੂਰ ਕਾਇਮ ਤੇ ਚਾਲੂ ਰਹਿਣ ਇਨ੍ਹਾਂ ਕਿਰਨਾਂ ਦਾ ਜਲੌ ਹਮੇਸ਼ਾ ਮੇਰੇ ਚੇਹਰੇ, ਮਸਤਕ ਤੇ ਅੱਖਾਂ ਵਿਚ ਡਲ੍ਹਕਾਂ ਮਾਰਦਾ ਰਹੇ - ਕਿਰਨਾਂ ਦੀ ਛੋਹ ਦਵਾਰਾ ਹੀ ਮੇਰੀ ਇਸਤਰੀ ਪਿਆਰ ਸ਼ਕਤੀ ਕਾਇਮ ਰਹੇ ਤਾਕਿ ਮੈਂ ਆਪਣੀ ਸਾਥਣ ਨੂੰ ਹਮੇਸ਼ਾ ਖੁਸ਼ ਰਖ ਸਕਾਂ, ਇਹ ਕਿਰਨ ਸ਼ਕਤੀ ਤੇ ਨੇਤਰ ਸ਼ਕਤੀ ਦੋਵੇਂ ਸ਼ਕਤੀਆਂ ਇਕੱਠੀਆਂ ਹੋ ਇਕ ਅਥਾਹ ਸ਼ਕਤੀ ਬਣ ਸਿਰ ਤੋਂ ਪੈਰਾਂ ਤੱਕ ਮੇਰੇ ਸਰੀਰ ਨੂੰ ਹਮੇਸ਼ਾ ਅਰੋਗ ਰੱਖੇ। ਹੇ ਦਾਤਾਰ! ਐਹ ਹੀ ਤੇ ਓਹ ਬਲਵਾਨ, ਅੱਖਾਂ ਨੂੰ ਚੁੰਧਿਆ ਦੇਣ ਵਾਲੀ ਰੱਬੀ ਲੋ ਸੀ ਜਿਹੜੀ ਕਿਸੇ ਹਜਰਤ ਨੂੰ ਕਿਸੇ ਅਵਤਾਰ ਨੂੰ ਰੱਬ-ਰੂਪੀ ਲੋ ਦੀ ਸ਼ਕਲ ਵਿਚ ਨਮੂਦਾਰ ਹੋਈ ਸੀ, ਏਹੋ ਹੀ ਸੀ, ਏਹੋ ਹੀ ਸੀ। ਹੇ ਦਾਤਾਰ! ਐਹ ਜਿਹੜੀ ਤੇਰੀ ਕੁਦਰਤ ਹੈ, ਰੋਸ਼ਨੀ, ਹਵਾ ਗਰਮੀ, ਸਰਦੀ, ਮੀਂਹ, ਝੱਖੜ, ਹਨ੍ਹੇਰੀ, ਤੂਫਾਨ, ਬਰਫਾਂ, ਫੁਲ ਬੂਟੇ, ਜੰਗਲਾਤ, ਏਸੇ ਤਰ੍ਹਾਂ ਇਨਸਾਨ ਹੈਵਾਨ, ਪਸ਼ੂ ਪੰਛੀ ਜੋ ਕੁਝ ਵੀ ਐਸ ਧਰਤੀ ਤੇ ਵਿਚਰ ਰਿਹਾ ਹੈ ਏਹਦੇ ਰੰਗ ਵਿਚ ਰੰਗਿਆ, ਤੇਰੇ ਮਾਣ ਵਿਚ ਮੱਤਿਆ ਮੈਂ ਹਮੇਸ਼ਾ ਟਪੂੰ ਟਪੂੰ ਕਰਦਾ ਟਪੂਸੀਆਂ ਮਾਰਦਾ ਫਿਰਾਂ। ਮੈਨੂੰ ਬਲ ਬਖਸ਼ ਮੈਂ ..... ਜੋ ਕੁਝ ਵੀ ਕਰਨ ਦੀ ਮੇਰੀ ਤਮੰਨਾ ਹੈ ਸਭ ਕੁਝ ਆਖ ਜਾਣਾ ਆਦਿ।

ਮੈਨੂੰ 77ਵਾਂ ਲੱਗਾ ਹੋਇਆ ਹੈ — ਮੈਂ ਬੜਾ ਘਟ ਬੀਮਾਰ ਹੁੰਦਾ ਹਾਂ — ਮੇਰੀ ਹਾਈਟ ਵਿਚ ਵੀ ਹਾਲੇ ਕੋਈ ਫਰਕ ਨਹੀਂ ਭਾਵ 5 ਫੁੱਟ ਸਾਢੇ ਦਸ ਇੰਚ — ਮੈਂ 4 ਮੀਲ ਘੰਟੇ ਦੀ ਸਪੀਡ ਨਾਲ ਵੀ ਤੁਰ ਸਕਦਾ ਹਾਂ — ਮੇਰੇ ਚੇਹਰੇ ਤੇ ਠੋਡੀ ਹੇਠਾਂ ਹਾਲੇ ਕੋਈ ਝੁਰੜੀ ਨਜ਼ਰ ਨਹੀਂ ਆ ਰਹੀ - ਮੇਰੇ ਦੰਦ ਵੀ ਆਪਣੇ ਹਨ ਤੇ ਐਪਲ ਮੈਂ ਦੰਦੀਆਂ ਵੱਢ ਵੱਢ ਹੀ ਖਾਂਦਾ ਹਾਂ — ਬੇਸ਼ੱਕ ਮੇਰੀ ਨਜ਼ਰ ਬਹੁਤ ਵਧੀਆ ਨਹੀਂ ਪਰ ਮੈਨੂੰ ਐਨਕ ਦਵਾਰਾ ਤੁਰਨ ਫਿਰਨ ਤੇ ਪੜ੍ਹਨ ਦੀ ਕੋਈ ਦਿੱਕਤ ਨਹੀਂ, ਸੁਣਨ ਸ਼ਕਤੀ ਵੀ ਬਹੁਤੀ ਚੰਗੀ ਨਹੀਂ ਪਰ ਟ੍ਰੰਕ-ਕਾਲ ਮੈਂ ਨਿਰਵਿਘਨ ਸੁਣ ਸਕਦਾ ਹਾਂ ਭਾਵ ਟੈਲੀਫੋਨ ਸੁਣਨਾ ਕੋਈ ਪ੍ਰਬਲਮ ਨਹੀਂ। ਪੜ੍ਹਨ ਲਿਖਣ ਦਾ ਬੜਾ ਸ਼ੌਕ ਹੈ ਤੇ ਗਰਮੀਆਂ ਨੂੰ ਤਰਖਾਣੇ ਆਦਿ ਕੰਮ ਵਿਚ ਮਗਨ ਆਪਣੇ ਆਪ ਨੂੰ ਬਿਜ਼ੀ ਰਖਦਾ ਹਾਂ, ਕਈ ਪ੍ਰਕਾਰ ਦਾ ਸੀਣ-ਮਸ਼ੀਨ ਦਾ ਕੰਮ ਵੀ ਮੈਂ ਕਰ ਸਕਦਾ ਹਾਂ।

ਮੇਰੇ ਕਈ ਪਿਆਰਿਆਂ ਮੇਰੀ ਚੰਗੀ ਸਿਹਤ ਦਾ ਰਾਜ਼ ਮੈਨੂੰ ਪੁੱਛਿਆ ਹੈ (ਗੋਰੇ ਬਜ਼ੁਰਗਾਂ ਨੂੰ ਤੇ ਮੈਂ ਜ਼ਬਾਨੀ ਹੀ ਦੱਸ ਦਿਆਂ ਕਰਦਾ ਹਾਂ) ਏਸ ਲਈ ਉਪਰੋਕਤ ਲਿਖਣ ਦਾ ਹੌਂਸਲਾ ਕੀਤਾ ਹੈ ਮਤੇ ਕਿਸੇ ਦੇ ਕੰਮ ਆ ਸਕੇ

● ਮਾਨਵਤਾ ਰੋਸ਼ਨੀ ਦਾ ਦਰਿਆ ਹੈ ਜੋ [illegible] ਸਜੀਵਤਾ ਵੱਲ ਨੂੰ ਵਹਿੰਦਾ [illegible]

WHEATON
PONTIAC BUICK GMC LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ਼੍ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ



Kuldip S. Jhand

ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ

Bus. 526-2781
Res. 524-4137
Pager 687-7711 #7610

SUPER BUYS

325 - 12th St., New Westminster, B.C.

FIVE RIVERS FISH 'N CHIPS

ਫਾਈਵ ਰਿਵਰਜ਼ ਫਿਸ਼ ਐਂਡ ਚਿਪਸ

ਫਰੀ ਡਲਿਵਰੀ — 20 ਡਾਲਰ ਤੋਂ ਵੱਧ ਆਰਡਰ ਨਾਲ

ਡਲਿਵਰੀ ਚਾਰਜ 1.99 (20 ਡਾਲਰ ਤੋਂ ਘੱਟ ਆਰਡਰ ਨਾਲ)

6591 Fraser St. (at 50th & Fraser) Vancouver, B.C. V5X 3T4 **Ph. 327-7455**

ਇੰਡੀਅਨ ਸਟਾਇਲ ਮਸਾਲੇਦਾਰ ਮੱਛੀ ਅਤੇ ਮੁਰਗੇ ਦਾ ਅਨੰਦ ਮਾਨਣ ਲਈ ਫਾਈਵ ਰਿਵਰਜ਼ ਫਿਸ਼ ਐਂਡ ਚਿਪਸ 'ਤੇ ਆਓ

ਮੁਰਗਾ ਮਸਾਲੇ ਵਾਲਾ
Spicy (Masala) Chicken
$4.45 lb.

ਸੀਨਾ ਮਸਾਲੇ ਵਾਲਾ ਮੁਰਗੇ ਦਾ
Only Breasts (Spicy)
$6.95 lb.

ਮਸਾਲੇ ਵਾਲੀ ਮੱਛੀ ਦੇ ਪਕੌੜੇ
Spicy (Masala) Fish
$5.95 lb.

ਇਸ ਤੋਂ ਇਲਾਵਾ ਅੰਗਰੇਜ਼ੀ ਸਟਾਇਲ ਦੀ ਮੱਛੀ, ਫਰਾਈਡ ਚਿਕਨ ਅਤੇ ਸੀ ਫੂਡ ਵੀ ਮਿਲਦਾ ਹੈ
ਤੁਸੀਂ ਫ਼ੋਨ 'ਤੇ ਵੀ ਆਰਡਰ ਕਰ ਸਕਦੇ ਹੋ
ਪਾਰਟੀਆਂ ਵਾਸਤੇ ਸਪੈਸ਼ਲ ਡਿਸਕਾਊਂਟ ਵੀ ਦਿੱਤਾ ਜਾਂਦਾ ਹੈ

ਅਸੀਂ ਛੋਲੇ ਭਟੂਰੇ, ਸਪੈਸ਼ਲ ਮੱਛੀ ਵਾਲੇ ਸਮੋਸੇ ਬਣਾਉਂਦੇ ਹਾਂ, ਜੋ ਵੈਨਕੂਵਰ ਵਿਚ ਖਾਸ ਹਨ

ਭਾਰਤੀ ਮਠਿਆਈਆਂ ਵੀ ਮਿਲਦੀਆਂ ਹਨ

ਠੰਡੀ ਬੀਅਰ ਅਤੇ ਹਰ ਕਿਸਮ ਦਾ ਮੀਟ ਦਾ ਆਚਾਰ ਇਥੋਂ ਮਿਲਦਾ ਹੈ

The Manitoba Mirror

ਮੈਨੀਟੋਬਾ ਦਰਪਣ

V.I.P. SUPERMARKET
Ph. 774-8671

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ,
ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ

ਗੋਲਗੱਪੇ ਅਤੇ ਸਮੋਸਾ ਮੇਕਰ
ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ
ਮਿਲ ਸਕਦੇ ਹਨ
ਸਭ ਤੋਂ ਪੁਰਾਣਾ ਗਰੌਸਰੀ ਸਟੋਰ ਜੋ 12 ਸਾਲ ਤੋਂ ਏਸੇ ਥਾਂ ਹੈ :

V.I.P. SUPERMARKET
739, Elice Ave. WINNIPEG, MAN.

Moti Flour Industries
620 - Sophia St., SELKIRK — MAN.

Ph. 204-482-4111
Or. 204-785-1054

100% ਡੁਰਮ ਕਣਕ ਦਾ ਆਟਾ

ਵੇਸਣ, ਦਲੀਆ, ਮੱਕੀ ਦਾ ਆਟਾ ਹੋਲਸੇਲ ਕੀਮਤਾਂ ਉਤੇ

GRIND YOUR OWN MASALA

ਆਟਾ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕਿਟ ਤੋਂ ਵੀ ਮਿਲ ਸਕਦਾ ਹੈ



ਵਿਨੀਪੈਗ ਸ਼ਹਿਰ ਵਿਚ ਨਵੇਂ ਨਵੇਂ ਫੈਸ਼ਨਾਂ ਅਤੇ ਡੀਜ਼ਾਈਨਾਂ ਦਾ ਇਕੋ ਇਕ ਸਟੋਰ
ਜਿਥੇ ਤੁਹਾਨੂੰ ਹਰ ਸਮੇਂ ਮਿਲਦੇ ਹਨ :

- ਪੰਜਾਬੀ ਸੂਟ, ਇਕ ਪੀਸ, ਦੋ ਪੀਸ ਅਤੇ ਤਿੰਨ ਪੀਸ
- ਹਰ ਤਰ੍ਹਾਂ ਦੀਆਂ ਜਾਪਾਨੀ ਅਤੇ ਇੰਡੀਆਂ ਦੀਆਂ ਸਾੜ੍ਹੀਆਂ
- ਵਿਆਹ ਸ਼ਾਦੀਆਂ ਦਾ ਪੂਰਾ ਪੂਰਾ ਸਮਾਨ
- ਧਾਰਮਿਕ ਫੋਟੋਆਂ ਵੱਖ ਵੱਖ ਸਾਈਜ਼ਾਂ ਵਿਚ
- ਕਢਾਈ ਵਾਲੇ ਦੁੱਪਟੇ ਅਤੇ ਫੁਲਕਾਰੀ ਟਾਂਕੇ ਦੇ ਦੁੱਪਟੇ
- ਵਿਆਹ ਵਾਲੀਆਂ ਸਪੈਸ਼ਲ ਸਾੜ੍ਹੀਆਂ ਅਤੇ ਜਾਲ ਵਾਲੇ ਦੁੱਪਟੇ
- ਰੁਮਾਲਿਆਂ ਦੇ ਕੱਪੜੇ, ਗੋਟੇ ਕਨਾਰੀਆਂ ਚਿਕਨ ਦੇ ਦੁੱਪਟੇ ਆਦਿ


ਆਓ ਤੇ ਅਜ਼ਮਾ ਕੇ ਦੇਖੋ !



BOMBAY FASHIONS
724 SARGENT AVE., WINNIPEG, MANITOBA R3E 0B2
Prop. BALDEV S. BEDI M.A.B.A. (Hons.)

NORTH AMERICAN LIFE ASSURANCE CO.
To Your Needs Which You Can Afford

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ੍ਰੀਦਣ ਲਈ



Sukhjinder S. Dhillon
Res: 669-2573


ਰਾਜ ਸਿੰਘ ਮਾਨ
ਜਾਂ
ਸੁਖਜਿੰਦਰ ਸਿੰਘ ਢਿੱਲੋਂ
ਨੂੰ ਮਿਲੋ

- ਲਾਈਫ਼ ਇਨਸ਼ੋਰੈਂਸ
- ਗਰੁੱਪ ਇਨਸ਼ੋਰੈਂਸ
- ਮਾਰਗੇਜ ਇੰਨਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ


■ Personal ■ Children's ■ Group ■ Annuities

Ph. 943-1526

1507 - 330 Portage Ave. WINNIPEG, MAN. R3C 0C4



Raj Singh Maan Sales Manager
Res. 694-0731
Commissioner for oaths



ਸਾਹਿਤ ਤੇ ਕਲਾ



ਕਹਾਣੀ

ਸਾਂਝ

ਮੋਹਨ ਭੰਡਾਰੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਉਹ ਭੁੱਖੇ ਬਘਿਆੜ ਵਾਂਗ ਪੈੱਗ ਵੱਲ ਝਾਕਿਆ "ਅਤਿਵਾਦੀਆਂ ਦੇ ਨਾਂ!" ਕਹਿ ਕੇ ਉਹਨੇ ਦੂਜਾ ਪੈੱਗ ਵੀ ਅੰਦਰ ਸੁੱਟ ਲਿਆ। 'ਪੰਜਾਬ ਦੇ ਹਾਲਾਤ !' ਉਹਨੂੰ ਅਚਾਨਕ ਖਿਆਲ ਆਇਆ। ਸਤ ਪ੍ਰਕਾਸ਼ ਦੀ ਚਿੱਠੀ ! ਗਲ ਪਏ ਰਾਹਅ ਸਿਲਕ ਦੇ ਕੁੜਤੇ ਦੀ ਵੱਖੀ ਵਾਲੀ ਜੇਬ ਵਿਚ ਉਹਨੇ ਹੱਥ ਮਾਰਿਆ। ਹੈ ਨਹੀਂ ਸੀ। ਉਹ ਅੰਗੜਾਈ ਲੈ ਕੇ ਹਿੰਮਤ ਨਾਲ ਉਠਿਆ। ਵਾਰਡ ਰੋਬ ਖੋਲ੍ਹਿਆ। ਅੰਦਰ ਪਏ ਕੋਟ ਅਤੇ ਪੈਂਟਾਂ ਦੀਆਂ ਜੇਬਾਂ ਫਰੋਲੀਆਂ। ਉਥੇ ਵੀ ਨਹੀਂ ਸੀ। ਕਿੱਧਰ ਗਈ ਚਿੱਠੀ ! ਉਹਨੇ ਤਣਾਓ 'ਚ ਆਏ ਨੇ ਆਪਣੀ ਸੋਚ ਉਤੇ ਜ਼ੋਰ ਪਾਇਆ। ਮੁੜ ਕੁਰਸੀ ਉਤੇ ਆ ਬੈਠਾ। ਸੋਚਦਾ ਰਿਹਾ .... ਸੋਚਦਾ ਰਿਹਾ। ਉਹਦੇ ਹੱਥ ਥੋੜੇ ਜਿਹੇ ਕੰਬੇ। ਉਹ ਬੋਤਲ ਵੱਲ ਅਹੁਲਿਆ। ਹੁਣ ਤੀਜਾ ਪੈੱਗ ਉਹਦੇ ਹੱਥ ਦੀ ਇਕੋ ਜੁੰਬਸ਼ ਦੀ ਇੰਤਜ਼ਾਰ ਵਿਚ ਸੀ।

ਮਿੱਤਲ ਅਜੇ ਤੱਕ ਨਹੀਂ ਸੀ ਆਇਆ।

ਹੁਣ ਉਹਦੇ ਆਉਣ ਦੀ ਆਸ ਦਮ ਤੋੜ ਰਹੀ ਸੀ।

"ਬਾਸਟਰਡ...ਮਿੱਤਲ ਦੇ ਨਾਂ ! ਕਹਿੰਦਿਆਂ ਉਹਨੇ ਤੀਜਾ ਪੈੱਗ ਵੀ ਪੀ ਲਿਆ। ਪੀਣ ਦੇ ਕੁਝ ਪਲਾਂ ਪਿਛੋਂ ਹੀ ਉਹਨੂੰ ਅਹਿਸਾਸ ਹੋਇਆ ਜਿਵੇਂ ਉਹ ਇਕ ਦਮ ਤਰੋ-ਤਾਜ਼ਾ ਹੋ ਗਿਆ ਹੋਵੇ। ਐਨ੍ਹ ਘੋੜੇ ਵਰਗਾ। ਹੁਣ ਤਣਾਓ ਵੀ ਨਹੀਂ ਸੀ ਰਿਹਾ। ਉਹਦੀ ਯਾਦ-ਸ਼ਕਤੀ ਪਰਤ ਆਈ। ਸਾਈਡ ਦਾ ਦਰਾਜ਼ ਖੋਲ੍ਹਿਆ ਤਾਂ ਸਾਹਮਣੇ ਸਤ ਪ੍ਰਕਾਸ਼ ਦੀ ਚਿੱਠੀ ਪਈ ਸੀ। ਉਹਨੇ ਚੁੱਕਕੇ ਪੜ੍ਹਨੀ ਸ਼ੁਰੂ ਕੀਤੀ। ਸਭ ਤੋਂ ਪਹਿਲਾਂ ਉਹਨੂੰ ਸੰਬੋਧਨ ਪੜ੍ਹਕੇ ਹੀ ਧੱਕਾ ਜਿਹਾ ਲੱਗਿਆ। ਪਹਿਲੀ ਵਾਰ ਪੜ੍ਹਨ 'ਤੇ ਉਹਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਸੀ ਹੋਇਆ। ਪੰਜਾਬੀ ਵਿਚ ਲਿਖੀ ਇਸ ਚਿੱਠੀ ਵਿਚ ਸਤ ਪ੍ਰਕਾਸ਼ ਨੇ ਨਾ 'ਅਜ਼ੀਜ਼' ਸ਼ਬਦ ਵਰਤਿਆ ਅਤੇ ਨਾ ਹੀ "ਜੈ ਜੈ ਸੀਆ ਰਾਮ"। ਸਿੱਧਾ ਹੀ ਲਿਖ ਦਿੱਤਾ : ਪਿਆਰੇ ਬ੍ਰਹਮ ਪ੍ਰਕਾਸ਼ ਅਗਲੀਆਂ ਚਾਰ ਪੰਜ ਸਤਰਾਂ ਇਉਂ ਉਘੜੀਆਂ :

"ਤੈਨੂੰ ਤਾਂ ਮਲੂਮ ਈ ਐ। ਚੰਡੀਗੜ੍ਹ ਰਹਿਨੈਂ। ਬਈ, ਪੰਜਾਬ ਦੇ ਹਾਲਾਤ ਠੀਕ ਨੀ। ਉਂ ਏਧਰ ਖਤਰੇ ਆਲੀ ਕੋਈ ਬਾਤ ਨੀ। ਪਰ ਕੀ ਭਰੋਸਾ ? ਨਾ ਜਾਣੀਏ ਕਦੋਂ ਕੁਸ਼ ਹੋ ਜੇ। ਮੇਰਾ ਚਿੱਤ ਬੁਝਿਆ ਬੁਝਿਆ ਜਿਹਾ ਰਹਿੰਦੈ। ਤੂੰ ਖਤ ਮਿਲਦੇ ਸਾਰ ਆ ਜਾ। ਨਾਲੇ ਤਾਰੇ ਲਫੈਂਡ ਨੂੰ ਵੀ ਚੁਕੰਨਾ ਕਰ ਜਾ। ਅੱਗੇ ਤੂੰ ਖੁਦ ਸਮਝਦਾਰ ਐਂ।

ਖੈਰ ਅੰਦੇਸ਼,

ਸਤ ਪ੍ਰਕਾਸ਼।

ਚਿੱਠੀ ਪੜ੍ਹਕੇ ਉਹ ਕੁਝ ਪ੍ਰੇਸ਼ਾਨ ਹੋਇਆ। ਫੇਰ ਠੰਠਬਰਿਆ। ਹੁਣ ਉਹਨੇ ਸਤ ਪ੍ਰਕਾਸ਼ ਦੀ ਚਿੱਠੀ ਤੋਂ ਉਹਦਾ ਅੰਦਰਲਾ ਪੜ੍ਹ ਲਿਆ ਸੀ। ਉਹਦਾ ਆਪਣਾ ਅੰਦਰਲਾ ਪਿਘਲਣ ਲੱਗਾ। ਉਹਨੂੰ ਖਤ 'ਚੋਂ ਨਿਰਾਸ਼ਤਾ ਅਤੇ ਉਦਾਸੀ ਸਪੱਸ਼ਟ ਦਿਖਾਈ ਦੇ ਰਹੀ ਸੀ। ਪਹਿਲਾਂ ਤਾਂ ਉਹਦਾ ਚਿੱਤ ਇਉਂ ਕਦੇ ਡੋਲਿਆ ਨਹੀਂ ਸੀ। ਹੁਣ ਕਿਉਂ ਬੁਝਿਆ ਬੁਝਿਆ ਰਹਿਣ ਲੱਗ ਪਿਆ ? ਉੱਤੋਂ ਤਾਰੇ ਲਫੈਂਡ ਦੀ ਗੱਲ। ਕਿਸ ਗੱਲ ਲਈ ਉਹਨੂੰ ਚੁਕੰਨਾ ਕਰਨ ਦੀ ਲੋੜ ਪੈ ਗਈ। ਕਿਤੇ ਉਹਦੇ ਭਤੀਜੇ ਅਸ਼ੋਕ ਕਰਕੇ ਕੋਈ ਟੰਟਾ ਨਾ ਪੈ ਗਿਆ ਹੋਵੇ। ਇਹ ਮੁੰਡਾ ਪੜ੍ਹਨ ਨੂੰ ਸਭ ਤੋਂ ਪਿਛੇ ਤੇ ਲੜਨ ਨੂੰ ਮੂਹਰੇ ਰਹਿੰਦਾ ਸੀ। ਐਨ੍ਹ ਸਤ ਪ੍ਰਕਾਸ਼ ਦੇ ਉਲਟ ਗਿਆ ਸੀ। ਦਸਵੀਂ 'ਚੋਂ ਦੋ ਵੇਰਾਂ ਫੇਲ੍ਹ ਹੋ ਕੇ, ਪਿੰਡ 'ਚ ਸਾਈਕਲਾਂ ਦੀ ਮੁਰੰਮਤ ਤੇ ਪੰਚਰ ਆਦਿ ਲਾਉਣ ਲੱਗ ਪਿਆ ਸੀ। ਪੰਜਾਬ ਦੇ ਰੌਲੇ ਰੱਪੇ ਦੇ ਗੇੜ 'ਚ ਉਹਨੇ ਮਲੇਰਕੋਟਲੇ ਸਾਈਕਲਾਂ ਦੀ ਦੂਕਾਨ ਜਾ ਖੋਲ੍ਹੀ ਸੀ। ਹੁਣ ਉਹਦਾ ਕੰਮ ਸੁਹਣਾ ਰਿੜ੍ਹ ਪਿਆ ਸੀ। ਤੇ ਦੂਰ ਦੀ ਸੋਚਕੇ ਸਤ ਪ੍ਰਕਾਸ਼ ਨੇ ਉਹਨੂੰ ਉਥੇ ਇਕ ਘਰ ਲੈ ਦਿੱਤਾ ਸੀ। ਹੁਣ ਉਹਦਾ ਟੱਬਰ ਵੀ ਉਥੇ ਹੀ ਰਹਿਣ ਲਗ ਪਿਆ। ਸਤ ਪ੍ਰਕਾਸ਼ ਪਿੰਡ ਹੀ ਰਿਹਾ। ਬਿਰਧ ਪਿਓ ਨੂੰ ਥਾਂ ਥਾਂ ਘਸੀਟਦੇ ਫਿਰਨਾ ਉਹਨੂੰ ਚੰਗਾ ਨਹੀਂ ਸੀ ਲਗਦਾ। ਫੇਰ ਬੁੜ੍ਹਾ ਕਿਹੜਾ ਅਗੋਂ ਘੱਟ ਸੀ। ਉਹਦੀਆਂ ਲੱਤਾਂ ਜੁੜ ਗਈਆਂ। ਅੱਖਾਂ ਤੋਂ ਘੱਟ ਦਿਖਣ ਲੱਗ ਪਿਆ। ਦੰਦ ਨਿਕਲਕੇ ਨਵੇਂ ਸਿਰਿਓਂ ਆ ਗਏ। ਪਰ ਪਿੰਡ ਛੱਡਣ ਦਾ ਨਾਂ ਨਹੀਂ ਸੀ ਲੈਂਦਾ। ਅਖੇ : "ਕਿਉਂ ਜਾਈਏ ਜੱਦੀ ਪੁਸ਼ਤੀ ਘਰ ਛੱਡਕੇ। ਪਿੰਡ ਦਾਦੇ-ਪੜਦਾਦੇ ਦੇ ਵੇਲੇ ਤੋਂ ਰਹਿੰਦੇ ਆ ਰਹੇ ਆਂ। ਫੇਰ ਕਿਸੇ ਨਾਲ ਬੋਲ ਬਰਾਲਾ ਨੀ ਹੋਇਆ। ਘੱਟ ਵੱਧ ਨੀ ਹੋਈ। ਸਾਰੇ ਅੱਧ ਕੂ ਦੇ ਹੋ ਕੇ ਮਿਲਦੇ ਨੇ। ਧੀ ਭੈਣ ਦੀ ਸਾਂਝ ਇਕ। ਡਿਗੇ ਪੰਖੜੇ ਦੀ ਸੌ ਖਬਰ ਲੈਣ ਆਲੇ। ਮਜ਼ਾਲ ਐ ਕੋਈ ਅੱਖ 'ਚ ਰੜਕ ਜੇ। ਆਹ ! ਨਵਾਂ ਜੰਮ ਪਿਆ ਛੋਕਰ-ਵਾਧਾ। ਮੈਂ ਇਹਨਾਂ ਨੂੰ ਕੀ ਸਮਝਦਾਂ ! ਇਹਨਾਂ 'ਚੋਂ ਕਈਆਂ ਦੇ ਪਿਓ-ਬਾਬੇ ਅਜੇ ਜਿਉਂਦੇ ਨੇ। ਉਹ ਤਾਂ ਜਾਣਦੇ ਨੇ ਸਾਡੀ ਪੜਤ ਨੂੰ। ਲੈ ਬਈ, ਮੈਨੂੰ ਨੀ ਯਾਦ ਕਦੇ ਕਿਸੇ ਨੇ ਮੇਰੇ ਮੂਹਰੇ ਅੱਗ ਉਚੀ ਕੀਤੀ ਹੋਵੇ। ਨੀਵੀਂ ਪਾ ਕੇ ਆਪਣੀਆਂ ਆਪਣੀਆਂ ਮੁੱਛਾਂ ਨੂੰ ਵਟੇ ਦਿੰਦੇ ਕੋਲ ਦੀ ਲੰਘ ਜਾਣ ਤਾਂ ਕਿਹੜਾ ਸਾਡਾ ਨੂਣ ਟਿਰਕਦੈ। ਆਪਣੀ ਮੌਜ 'ਚ ਰਹਿਣ। ਆਪਾਂ ਨੂੰ ਕੀ। ਜਦੋਂ ਕੋਈ ਗੱਲ ਹੋਊ, ਦੇਖੀ ਜਾਊ। ਆਹ ! ਮੈਂ ਤੁਰਨੋਂ ਫਿਰਨੋਂ ਆਹਰਾ ਹੋ ਗਿਆ। ਨਹੀਂ ਮੈਂ ਖੰਘਣ ਦਿੰਦਾ ਸੀ ਕਿਸੇ ਨੂੰ।" ਪਿਛਲੀ ਵੇਰਾਂ ਉਹ ਪਿੰਡ ਗਿਆ ਤਾਂ ਬੁੜ੍ਹਾ ਦਾਰੂ ਦੀ ਘੁੱਟ ਪੀ ਕੇ, ਤਰਾਰੇ 'ਚ ਆਇਆ ਗੱਲਾਂ ਕਰੀ ਗਿਆ। ਬ੍ਰਹਮ ਪ੍ਰਕਾਸ਼ ਨੂੰ ਜਿਹੜੇ ਬੁੜ੍ਹਿਆਂ ਦੇ ਨਾਂ ਵੀ ਨਹੀਂ ਸਨ ਯਾਦ ਉਹਨਾਂ ਦੀਆਂ ਗੱਲਾਂ ਸੁਣਾਉਂਦਾ ਰਿਹਾ। ਹਰ ਗੱਲ 'ਚ ਇਕੋ ਤਕੀਆ ਕਲਾਮ, 'ਸਾਡੇ ਵੇਲੇ' ਆਹ ਹੁੰਦਾ ਸੀ, 'ਸਾਡੇ ਵੇਲੇ' ਇਉਂ ਨੀ ਸੀ ਹੁੰਦਾ। ਉਹ ਦੱਸਦਾ ਹੁੰਦਾ ਕਿ ਉਹਦੇ ਦਾਦੇ ਹੁਰਾਂ ਨੂੰ ਪਿੰਡ ਆਲੇ ਇਕ ਪੱਗ ਤੇ ਉਪਰ ਪੰਜ ਰੁਪਈਏ ਚਾਂਦੀ ਦੇ ਰੱਖਕੇ ਲੈ ਕੇ ਆਏ ਸਨ। ਓਥੋਂ ਤੁਰ ਜਾਣਾ ਉਹਦੇ ਲਈ ਪਿੰਡ ਦਾ ਮਾਣ ਤੋੜਨ ਬਰਾਬਰ ਸੀ। ਬੋਲਾਂ ਉਹਦਿਆਂ 'ਚ ਭਾਵੇਂ ਗੜ੍ਹਕਾ ਕਾਇਮ ਸੀ ਪਰ ਸਰੀਰ ਹੱਡੀਆਂ ਦਾ ਪਿੰਜਰ ਹੋ ਕੇ ਰਹਿ ਗਿਆ। ਉਹ ਆਪਣੇ ਕਮਰੇ 'ਚ ਮੰਜੇ ਨਾਲ ਮੰਜਾ ਹੋਇਆ ਪਿਆ ਰਹਿੰਦਾ। ਦੌਣ ਢਿੱਲੀ ਕਰਕੇ ਉਸ ਵਿਚ ਗਠੜੀ ਵਾਂਗ ਇਕੱਠਾ ਹੋਇਆ ਹੋਇਆ ਬੋਰੀ ਦੀ ਗੱਦੀ ਬਣਵਾਕੇ ਉਹ ਆਪਣੇ ਚਿੱਤੜਾਂ ਹੇਠਾਂ ਬੰਨ੍ਹੀ ਰੱਖਦਾ। ਹਾਜਤ ਹੋਣ ਤੇ ਬਾਹਾਂ ਦੇ ਸਹਾਰੇ ਘਿਸਰਦਾ ਕਮਰੇ ਅੰਦਰ ਬਣੀ ਟਾਇਲਟ 'ਚ ਜਾ ਟੱਟੀ-ਪਿਸ਼ਾਬ ਕਰਦਾ ਤੇ ਕਰਿੰਗੜੀ ਬਣਾ ਕੇ ਮੁੜ ਮੰਜੇ ਉਤੇ ਆ ਚੜ੍ਹਦਾ। ਪਤਾ ਨਹੀਂ ਬੁੜ੍ਹੇ ਦੇ ਪ੍ਰਾਣ ਕਿਸ ਚੀਜ਼ 'ਚ ਅੜੇ ਪਏ ਨੇ। ਪੋਤੇ ਦੇ ਵਿਆਹ, ਅੜਕੇ ਗਿਆ। ਕਾਰ 'ਚ ਢਾਸਣੇ ਆਲੀ ਗੱਦੀ ਲਗਵਾਕੇ। ਪੜਪੋਤਾ ਵੀ ਜੰਮ ਪਿਆ। ਅਜੇ ਵੀ ਕਹਿੰਦੈ, 'ਇਹਦਾ ਵਿਆਹ ਦੇਖਕੇ ਮੰਰੂ। ਦੇਖ ਲਿਓ ਭਮੇਂ। ਮੈਂ ਆਪਣੀ ਕਿਰਿਆ ਸੋਧਣ ਜੋਗਾ ਹੈ ਗਾ ਅਜੇ। ਥੋਡੇ ਸਹਾਰੇ ਨੀ।' ਏਹੋ ਜਿਹੀਆਂ ਗੱਲਾਂ ਉਹ ਦਾਰੂ ਦੀ ਘੁੱਟ ਪੀ ਕੇ ਹੀ ਕਰਦਾ ਸੀ। ਨਹੀਂ ਤਾਂ ਗੁੰਮ ਸੁੰਮ ਹੋਇਆ ਪਿਆ ਰਹਿੰਦਾ।

* * * *

ਉਹਨੂੰ ਨਹੀਂ ਯਾਦ ਕਿ ਚੌਥਾ ਪੈੱਗ ਪੀਤਾ ਵੀ ਸੀ ਜਾਂ ਨਹੀਂ, ਹਾਂ, ਇਕ ਤਿਆਰ-ਬਰ-ਤਿਆਰ ਉਹਦੇ ਸਾਹਮਣੇ ਪਿਆ ਸੀ।

"ਚੰਗਾ ਹੋਇਆ ਮਿੱਤਲ ਨਹੀਂ ਆਇਆ। ਨਹੀਂ ਤਾਂ ਉਹਨੇ ਮਗਜ਼ੌਲੀ ਮਾਰੀ ਜਾਣਾ ਸੀ। ਨਾ ਕਿਸੇ ਗੱਲ ਦਾ ਸਿਰਾ, ਨਾ ਅੰਤ। ਜਦੋਂ ਵੀ ਆਉਂਦਾ ਭਾਂਡੇ ਖਿੜਾਕੇ ਜਾਂਦਾ। "ਇਹ ਲਾਓ, ਵੁਹ ਲਾਓ। ਮੇਰੀ ਸਿਗਰਟ ਲਗਵਾਓ। ਕਹਾਂ ਹੈ ਮੋਤੀ ਰਾਮ। ...ਮੋਤੀ ਰਾਮ। ਕੈਸੇ ਹੋ ? ਖੁਸ਼ ਤੋ ਹੋ ?" ...ਬੱਸ, ਘਰ 'ਚ ਗਾਹ ਪੈ ਜਾਂਦਾ। ਇਕ ਗੱਲੋਂ ਚੰਗਾ ਈ ਹੋਇਆ ਉਹ ਨਹੀਂ ਆਇਆ।'

ਉਹ ਸੋਚਦਾ ਰਿਹਾ।

ਉਹਨੇ ਚਿੱਠੀ ਫੇਰ ਪੜ੍ਹੀ। ਤੇ ਹੋਰ ਵੀ ਜਜ਼ਬਾਤੀ ਹੋ ਗਿਆ। ਉਹਨੂੰ ਸਤ ਪ੍ਰਕਾਸ਼ ਦੀ ਯਾਦ ਰਹਿ ਰਹਿਕੇ ਆ ਰਹੀ ਸੀ। ਉਹਦੀ ਸੋਚ ਵਿਚ ਸਤ ਪ੍ਰਕਾਸ਼ ਦਾ ਮੁੜੰਗਾ ਉਭਰਿਆ।

ਪਿਛਲੀ ਵਾਰ ਜਦ ਉਹ ਪਿੰਡ ਗਿਆ ਤਾਂ ਸਤ ਪ੍ਰਕਾਸ਼ ਹੱਟੀ ਦੀ ਗੱਦੀ ਉਤੇ ਬੈਠਾ ਸੀ : ਝੁਰੜੀਦਾਰ ਗੋਲ ਚਿਹਰਾ, ਅੱਖਾਂ 'ਚ ਠਹਿਰਾਓ, ਦਾੜ੍ਹੀ ਤੇ ਕਰੜ ਬਰੜੇ ਵਧੇ ਹੋਏ ਵਾਲ, ਤੇੜ ਉਚੀ ਚੱਕਵੀਂ ਧੋਤੀ। ਗਲ ਚਿੱਟੇ ਗਦਾਮਾਂ ਵਾਲੀ ਦੋ ਜੇਬੀ ਮੋਟੇ ਲੱਠੇ ਦੀ ਜਾਕਟ। ਹੇਠਾਂ ਜਨੇਊ। ਕੰਨ੍ਹਾਂ 'ਚ ਨੱਤੀਆਂ।

ਹੱਟੀ ਦੇ ਮੱਥੇ ਉਤੇ, ਉਹਦੇ ਸਿਰ ਦੇ ਐਨ ਉਤਾਂਹ ਕਰਕੇ, ਲਟਕ ਰਿਹਾ ਟੀਨ ਦਾ ਪੁਰਾਣਾ ਫੱਟਾ। ਜਿਸ ਉਤੇ ਘਸਮੈਲੇ ਅੱਖਰਾਂ 'ਚ ਲਿਖਿਆ ਹੋਇਆ : "ਪਿੰਡ ਦੂਲਮਾਂ ਵਾਲੇ, ਸਤ ਪ੍ਰਕਾਸ਼ ਬੈਕਟਰ ਦੀ, ਪਰਚੂਨ ਦੀ ਮਸ਼ਹੂਰ ਹੱਟੀ।'

ਹੱਟੀ ਅੰਦਰ ਕਪਾਹ, ਦਾਣੇ, ਵੜੇਵਿਆਂ ਦੀਆਂ ਢੇਰੀਆਂ। ਨਿੱਕੇ ਮੋਟੇ ਸਾਮਾਨ ਨਾਲ ਅੱਧੇ-ਪਚੱਧੇ ਭਰੇ ਹੋਏ ਡੱਬੇ। ਇਕ ਪਾਸੇ, ਕੰਧ, ਵਿਚ ਫਿੱਟ ਕੀਤੀ ਫੱਟੀ ਉਤੇ ਕੱਚ ਦੀਆਂ ਬੋਤਲਾਂ ਦੀ ਕਤਾਰ। ਵਿਚ

→



ਜਰਨੈਲ ਸਿੰਘ ਸਰਾਂ

ਮਕਾਨ ਖ਼੍ਰੀਦਣ ਜਾਂ ਵੇਚਣ ਲਈ

ਤਜਰਬੇਕਾਰ ਸੇਲਜ਼ਮੈਨ ਦੇ ਤਜਰਬੇ ਦਾ ਲਾਭ ਉਠਾਓ

ਅੱਜ ਹੀ

ਜਰਨੈਲ ਸਿੰਘ ਸਰਾਂ ਨੂੰ ਫ਼ੋਨ ਕਰੋ

ਫ਼ੋਨ : 585-4888

ਘਰ : 590-0413

For Professional Market Evaluation and Consultation

Jarnail S. Saran

Bus: 585-4888 Res: 590-0413

9320 Scott Road (120 St.) Surrey, B.C. V3V 4B8

MERIDIAN INSURANCE

Life & Accident sickness

LOCATION 1

3268 COAST MERIDIAN RD.,
PORT COQUITLAM, B.C. V3B 3N4

LOCATION 2

Unit 115-8980 - No. 3 Road, RICHMOND, B.C. V6Y 2E8

(ਜੋ ਕਿ ਫਰਾਂਸਿਸ ਸਟਰੀਟ ਤੇ ਨੰਬਰ 3 ਰੋਡ ਦੇ ਕੋਨੇ ਤੇ ਹੈ)

ਸੰਤਬੀਰ ਸਿੰਘ ਮਿਨਹਾਸ

Autoplan

FOR ALLSTATE LOW RATES PLUS AUTOPLAN FINANCE
— AVAILABLE ON APPROVED CREDIT

ਘਰਾਂ ਦੀ ਵਾਜਬ ਕੀਮਤਾਂ ਤੇ ਇਨਸ਼ੋਰੈਂਸ ਕਰਾਉਣ ਲਈ

Ph. 272-0700

Santbir Minhas Res. 271-1248 ICBC, house, tenant, commercial

The Manitoba Mirror

ਮੈਨੀਟੋਬਾ ਦਰਪਣ

BRAR NATURAL FLOUR MILLS

— ਸ਼ੇਰੇ-ਪੰਜਾਬ ਡੂਰਮ ਕਣਕ ਦਾ ਆਟਾ —

ਚਾਹੇ ਰੋਟੀਆਂ ਪਕਾਓ ਜਾਂ ਪੂਰੀਆਂ ਬਣਾਓ

ਫ਼ੋਨ : 204-632-5360

ਵਧੀਆ ਮੱਕੀ ਪੀਸਣ ਵਾਲੀਆਂ ਅਤੇ
ਵਧੀਆ ਵੇਸਣ ਪੀਸਣ ਵਾਲੀਆਂ ਚੱਕੀਆਂ
ਨਵੀਆਂ ਲੱਗ ਰਹੀਆਂ ਹਨ

ਗਰੌਸਰੀ ਦੀਆਂ ਸਾਰੀਆਂ ਵਸਤਾਂ ਵਾਜਬ ਭਾਅ 'ਤੇ

ਮੂਵੀਆਂ — ਟੇਪਾਂ ਵੀ ਇਥੋਂ ਮਿਲਦੀਆਂ ਹਨ

Ph. 775-6989

830 - NOTRE DAME AVE. WINNIPEG, MAN.

ਵਿੰਨੀਪੈਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ਼੍ਰੀਦਣ ਜਾਂ ਵੇਚਣ ਲਈ

ਮਿੱਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ

ਅਵਤਾਰ ਟਿਵਾਣਾ ਨੂੰ ਮਿਲੋ ਜਾਂ ਫੋਨ ਕਰੋ :

Ph. Off: (204) 694-5000

Res: 694-3198

Pager 942-7788 #02284



Sales Representative

REMAX REALTY

10 - 2230 McPhillps St., Winnipeg, MB R2V 3C8



ਵੀਡੀਓ ਮੂਵੀਆਂ ਵੀ ਇੱਥੋਂ ਲੈ ਸਕਦੇ ਹੋ

ਵਿੰਨੀਪੈਗ ਵਿਚ ਕੱਪੜੇ ਤੇ ਗਹਿਣਿਆਂ ਦੀ ਦੁਕਾਨ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ



ਦਾਜ-ਵਰੀ ਦੇ ਗਹਿਣੇ ਇਕੋ ਹੀ ਥਾਂ ਤੋਂ ਬਣਵਾਓ


ਆਪਣੇ ਮਨਪਸੰਦ ਦੇ ਗਹਿਣੇ ਬਨਵਾਉਣ ਲਈ ਵੀ

ਕੋਹਿਨੂਰ ਜਿਊਲਰਜ਼ ਅਤੇ ਫੈਬਰਿਕ ਸੈਂਟਰ ਤੇ ਪਹੁੰਚੋ

ਵੰਨ ਸਵੰਨੇ ਸੂਟ ਤੇ ਸਾੜ੍ਹੀਆਂ ਦੀ ਚੋਣ ਅਤੇ ਦਾਜ-ਵਰੀ ਲਈ ਯਾਦ ਰੱਖੋ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ





ਵਧੀਆ ਕੁਆਲਿਟੀ, ਵਾਜਬ ਕੀਮਤਾਂ, ਦੋਸਤਾਨਾ ਵਰਤਾਓ ਅਤੇ ਤਸੱਲੀਬਖਸ਼ ਚੀਜ਼ਾਂ ਮਿਲਦੀਆਂ ਹਨ

Kohinoor Jewellers & Fabric Centre

953 Notre Dame. Ave. WINNIPEG, MAN. R3E 0M8 **Ph. Bus. 772-3937**

Res. 633-6567

REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



Automotive Repairs — Alignment and Wheel Balancing

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



PH. 582-7138

600 - Redwood Ave. WINNIPEG, MAN.

→

ਗੋਲੀਆਂ—ਹਰੇ, ਪੀਲੇ, ਲਾਲ ਰੰਗ ਦੀਆਂ ।

'ਮਸ਼ਹੂਰ ਹੱਟੀ !'' ਉਹ ਬੁੜਬੜਾਇਆ ।

'ਮਸ਼ਹੂਰ !' ਉਹਦੇ ਬੁੱਲਾਂ ਉਤੇ ਆਈ ਕੌੜੀ-ਕਸੈਲੀ ਪਰ ਠਹਿਰੀ ਹੋਈ ਮੁਸਕਰਾਹਟ ਨੇ ਜਿਵੇਂ ਹੁੰਗਾਰਾ ਭਰਿਆ । ਇਹ ਕਿਹੋ ਜਿਹੀ ਮੁਸਕਰਾਹਟ ਸੀ ਜਿਸ ਵਿਚ ਸੁਧੀ ਕੁੜੱਤਣ ਨਹੀਂ ਸੀ । ਸਗੋਂ ਅਪਣੱਤ ਭਰੇ ਵਿਅੰਗ ਦੀ ਪੁੱਠ ਵੀ ਰਲੀ ਹੋਈ ਸੀ । ਉਹਦੇ ਧੁਰ ਅੰਦਰੋਂ ਬੇਮਲੂਮਾਂ ਜਿਹਾ ਕੁਝ ਉਛਲਿਆ । ਅੱਖਾਂ ਦੀਆਂ ਗੰਨੀਆਂ ਉਤੇ ਉਹਨੇ ਰੁਮਾਲ ਫੇਰੀ । ਉਹਨੂੰ ਅਜੀਬ ਜਿਹਾ ਅਹਿਸਾਸ ਹੋਇਆ ਕਿ ਰੁਮਾਲ ਸੁੱਕੀ ਦੀ ਸੁੱਕੀ ਰਹਿ ਗਈ ਸੀ ।

ਪਹਿਲੇ ਪਹਿਲੇ ਸਾਲਾਂ ਵਿਚ ਜਦੋਂ ਉਹ ਚੰਡੀਗੜ੍ਹ ਆਉਂਦਾ ਹੁੰਦਾ ਸੀ ਤਾਂ ਇਓਂ ਨਹੀਂ ਸੀ ਹੁੰਦਾ । ਘਰੋਂ ਵਿਛੜਨ ਲੱਗਿਆਂ । ਭਾਈ ਦੀ ਪੀਡੀ ਬੁੱਕਲ 'ਚੋਂ ਨਿਕਲਦਿਆਂ । ਭੂਆ ਦੇ ਸਿਰ ਪਲੋਸਣ 'ਤੇ । ਫੇਰ ਛਾਤੀ ਨਾਲ ਲੱਗਣ ਸਮੇਂ । ਬਿਰਧ ਪਿਓ ਦੇ ਪੈਰੀਂ ਹੱਥ ਲਾਉਣ ਤੇ ਉਹਦੀਆਂ ਅਸੀਸਾਂ ਸੁਣਦਿਆਂ ਪਹਿਲਾਂ ਉਹਦਾ ਗੱਚ ਭਰਦਾ ਤੇ ਫੇਰ ਸਾਰਾ ਆਪਾ ਉਛਲ ਜਾਂਦਾ । ਅੱਖਾਂ ਆਪ ਮੁਹਾਰੇ ਛਲਕ ਉਠਦੀਆਂ । ਹੰਝੂਆਂ ਦੀਆਂ ਤਤ੍ਰੀਰੀਆਂ ਉਹਦੀਆਂ ਗੱਲ੍ਹਾਂ ਉਤੋਂ ਦੀ ਇਓਂ ਵਹਿਣ ਲਗ ਪੈਂਦੀਆਂ ਜਿਵੇਂ ਕੱਚੇ ਘਰਾਂ ਦੀਆਂ ਕੰਧਾਂ ਉਤੋਂ ਦੀ, ਮੂੰਹ ਜ਼ੋਰ ਪੈਂਦੇ ਮੀਂਹ ਦੀਆਂ ਘਰਾਲਾਂ । ਤੇ ਇਹਨਾਂ ਹੰਝੂਆਂ ਨੂੰ ਉਹ ਰੁਮਾਲ ਨਾਲ ਪੂੰਝਦਾ ਥੱਕ ਜਾਂਦਾ । ਪਰ ਉਹ ਸਨ ਕੀ ਮੁੜ ਮੁੜ ਆਈ ਜਾਂਦੇ । ਪਤਾ ਨਹੀਂ ਕਿਵੇਂ — ਉਹ ਭਰ ਜਾਂਦਾ, ਵਹਿ ਤੁਰਦਾ । ਭਰ ਜਾਂਦਾ, ਵਹਿ ਤੁਰਦਾ । ਪਤਾ ਨਹੀਂ ਕਿੰਨਾ ਪਾਣੀ ਐਂ ਅੰਦਰ ਜੁ ਮੁੱਕਣ 'ਚ ਨਹੀਂ ਆਉਂਦਾ ! ਓਦੋਂ ਉਹ ਸੋਚਦਾ ਹੁੰਦਾ । ਕਿੰਨਾ ਮੋਹ ਸੀ ਉਹਦੇ ਅੰਦਰ, ਟੱਬਰ ਦੇ ਜੀਆਂ ਲਈ, ਆੜੀਆਂ ਲਈ, ਪਿੰਡ ਦੇ ਲੋਕਾਂ ਲਈ । ਜਿਉਂ ਜਿਉਂ ਉਹ ਮੋਹ ਕਰਦਾ ਓਨਾਂ ਹੀ ਇਹ ਵਧੀ ਜਾਂਦਾ ।

ਓਦੋਂ ਉਹਨੂੰ ਪਿੰਡ ਦੀਆਂ ਯਾਦਾਂ ਘੇਰੀ ਰੱਖਦੀਆਂ । ਹਰ ਦੂਜੇ ਤੀਜੇ ਮਹੀਨੇ ਉਹ ਪਿੰਡ ਗੇੜਾ ਮਾਰਦਾ । ਆਪਣੇ ਯਾਰਾਂ ਬੇਲੀਆਂ ਨੂੰ ਮਿਲਦਾ । ਓਹ ਬਰੋਟੇ ਆਲੇ ਖੂਹ 'ਤੇ ਜਾਂਦੇ ਤੇ ਰੱਜ ਰੱਜ ਪਾਣੀ ਪੀਂਦੇ । ਐਨਾ ਮਿਠਾ ਪਾਣੀ ਉਹਨੂੰ ਬਾਹਰ ਕਿਤੇ ਵੀ ਨਸੀਬ ਨਹੀਂ ਸੀ ਹੋਇਆ । ਹੋਰ ਕਿਸੇ ਥਾਂ ਦਾ ਪਾਣੀ ਏਦਾਂ ਦਾ ਹੈ ਹੀ ਨਹੀਂ — ਉਹ ਕਮਲਿਆਂ ਵਾਂਗੂੰ ਕਹਿ ਦਿੰਦਾ । ਕੇਹੀ ਸਾਂਝ ਸੀ ਇਹ ! ਨਿਰਛਲ, ਨਿਰਸੰਕੋਚ ਤੇ ਨਿੱਜੀ ਲੋੜਾਂ ਤੋਂ ਮੁਕਤ !! ਉਹਨੇ ਅੱਧ-ਛਲਕੇ ਜਿਹੇ ਨੇ ਸੋਚਿਆ ।

ਫੇਰ ਉਹਦਾ ਪਿੰਡ ਲਈ ਉਦਰੇਵਾਂ ਘਟਦਾ ਘਟਦਾ ਮੁਕ ਗਿਆ ।

ਸਾਰੀ ਉਮਰ ਇਕ ਥਾਂ ਨਾਲ ਤਾਂ ਮਨੁੱਖ ਬੱਝਿਆ ਨਹੀਂ ਰਹਿ ਸਕਦਾ ਉਹ ਕੋਈ ਡੰਗਰ ਥੋੜ੍ਹਾ ਈ ਐ ਜੋ ਇਕੋ ਕੀਲੇ ਨਾਲ ਬੱਝਿਆ ਰਹੇ । ਉਹ ਸਾਰੀ ਦੁਨੀਆਂ ਨੂੰ, ਪੁਲਾੜਾਂ ਨੂੰ ਗਾਹੁਣਾ ਚਾਹੁੰਦਾ ਹੈ । ਜਿਥੇ ਗਿਆ, ਉਥੇ ਹੀ ਰਚ ਮਿਚ ਗਿਆ । ਮਨੁੱਖ ਅੰਦਰ ਅੰਤਾਂ ਦੀ ਜਗਿਆਸਾ ਭਰੀ ਪਈ ਹੈ ਬੇਪਨਾਹ ਉਤਸੁਕਤਾ ! ਪਤਾ ਨਹੀਂ ਕਦੋਂ ਉਹ ਪੰਛੀ ਵਾਂਗ ਉਡਾਰੀ ਮਾਰੇ ਤੇ ਕਿਤੇ ਦਾ ਕਿਤੇ ਚਲਿਆ ਜਾਵੇ ।

ਉਹਦਾ ਤਰਕ ਬੋਲਿਆ ।

ਹੁਣ ਉਹ ਕਦੇ ਕਦਾਈਂ ਘਰ ਜਾਂਦਾ ਹੈ । ਬੜਾ ਭਾਈ ਵੀ ਉਹਦਾ ਕਦੇ ਕਦਾਈਂ ਹੀ ਘਰ ਆਉਂਦਾ ਹੈ । ਚਿੱਠੀਆਂ ਵੀ ਉਹ ਇਕ ਦੂਜੇ ਨੂੰ ਘੱਟ ਵੱਧ ਹੀ ਲਿਖਦੇ ਨੇ । ਲਿਖਦੇ ਵੀ ਨੇ ਤਾਂ ਉਹਨਾਂ ਅੰਦਰ ਜਜ਼ਬੇ ਦੀ ਏਨੀ ਸ਼ਿਦਤ ਨਹੀਂ ਹੁੰਦੀ । ਬੱਸ ਕਾਰੋਬਾਰੀ ਜਿਹੀਆਂ ਗੱਲਾਂ । ਆਮ ਫਹਿਮ

ਉਹਦੇ ਮੁੰਡੇ ਵੀ ਤਾਂ ਇਓਂ ਹੀ ਕਰਨ ਲੱਗ ਪਏ ਨੇ । ਪਹਿਲਾਂ ਪਹਿਲਾਂ ਆਪਣੀਆਂ ਚਿੱਠੀਆਂ ਵਿਚ ਉਹ ਚੰਡੀਗੜ੍ਹ ਦੇ ਗੁਣ ਗਾਉਣੋਂ ਨਹੀਂ ਸਨ ਥੱਕਦੇ । ਉਹ ਰੋਜ਼ ਗਾਰਡਨ, ਝੀਲ, ਰੌਕ ਗਾਰਡਨ ਤੇ ਹੋਰ ਕਿੰਨੀਆਂ ਹੀ ਥਾਵਾਂ ਦਾ ਮੋਹ ਨਾਲ ਜ਼ਿਕਰ ਕਰਦੇ ਹੁੰਦੇ ਸਨ । ਹੁਣ ਤਾਂ ਉਹਨਾਂ ਦੇ ਦਿਲਾਂ 'ਚੋਂ ਇਹ ਥਾਵਾਂ ਇਕ ਇਕ ਕਰਕੇ ਕਿਰ ਗਈਆਂ । 'ਵਲਾਇਤ 'ਚ ਏਦੂੰ ਕਿਤੇ ਵੱਧ ਤੇ ਸੁਹਣੀਆਂ ਤੇ ਮਨ ਨੂੰ ਮੋਹ ਲੈਣ ਵਾਲੀਆਂ ਥਾਵਾਂ ਨੇ ।' ਉਹ ਦਲੀਲ ਦੇਣ ਲੱਗ ਪਏ ਨੇ ।

....

ਪਰਦਾ ਜ਼ਰਾ ਕੁ ਹਿਲਿਆ । ਉਹ ਚੁਕੰਨਾ ਜਿਹਾ ਹੋ ਕੇ ਬੋਲਿਆ "ਕੌਣ ....? ਮਿਤਲ !"

"ਸਾਅਬ ਖਾਣਾ ਲਗਾਏਂ ? ਮੋਤੀ ਰਾਮ ਪੋਲੇ ਪੈਰੀਂ ਅੰਦਰ ਆ ਕੇ ਝਿਜਕਦਾ ਝਿਜਕਦਾ ਬੋਲਿਆ ।

'ਅੱਛਿਆ ! ਅੱਛਿਆ !! ਮੋਤੀ ਐ । ਬੈਠ, ਬੈਠ ! ਹਾਂ ! ਹਾਂ !! ਅਰੇ ਵਹਾਂ ਨਹੀਂ । ਇਧਰ ਮੇਰੇ ਪਾਸ ...।" ਬ੍ਰਹਮ ਪ੍ਰਕਾਸ਼ ਜਜ਼ਬੇ ਦੇ ਪਾਣੀ 'ਚ ਸ਼ਰਾਬੋਰ ਹੋਇਆ, ਬੜੇ ਮੋਹ ਨਾਲ ਬੋਲਿਆ । ਮੋਤੀ ਰਾਮ ਸੰਕੋਚ ਜਿਹੇ ਨਾਲ ਬੈਠ ਗਿਆ । ਆਪਣੇ ਸਾਅ੍ਹਬ ਨੂੰ ਉਹ ਜਾਣਦਾ ਸੀ । ਜਦੋਂ ਗੁੱਸੇ 'ਚ ਹੋਵੇ ਤਾਂ ਘੁਰਕੀ ਦੇ ਕੇ ਜਾਨ ਹੀ ਕੱਢ ਲੈਂਦਾ ਸੀ । ਜਦੋਂ ਮੋਹ 'ਚ ਆ ਜਾਏ ਤਾਂ ਮਾਲਕ ਨੌਕਰ ਦਾ ਰਿਸ਼ਤਾ ਪਿੱਛੇ ਹਟ ਜਾਂਦਾ ਤੇ ਉਹਦੇ ਨਾਲ ਉਹ ਬੱਚਿਆਂ ਵਾਂਗ ਗੱਲਾਂ ਕਰਨ ਲੱਗ ਪੈਂਦਾ । ਆਪਣੀ ਆਈ ਤੇ ਆ ਜਾਂਦਾ ਤਾਂ ਦੋ-ਚਾਰ ਰੁਪਿਆਂ ਪਿੱਛੇ ਖਫਾਖੂਨ ਹੋ ਜਾਂਦਾ । ਮੌਜ 'ਚ ਹੋਵੇ ਤਾਂ ਭਾਵੇਂ ਘਿਓ ਦੇ ਘੜੇ ਮੁਧ ਜਾਣ । ਹੁਣ ਸਾਅ੍ਹਬ ਮੌਜ 'ਚ ਸੀ ।

"ਲੈ, ਲੈ, ਮੋਤੀ ਤੂੰ ਵੀ ਇਕ ਪੈੱਗ" ਬ੍ਰਹਮ ਪ੍ਰਕਾਸ਼ ਉਹਨੂੰ ਪਿਆਰ ਭਰੀਆਂ ਨਜ਼ਰਾਂ ਨਾਲ ਦੇਖਦਿਆਂ ਬੋਲਿਆ ।

"ਨਹੀਂ ਸਾਅ੍ਹਬ ..!" ਮੋਤੀ ਰਾਮ ਹੋਰ ਵੀ ਝਿੱਜਕ ਗਿਆ ।

"ਕਿਉਂ ਕਿਆ ਬਾਤ ? ਅੱਛੀ ਨਹੀਂ ਲੱਗਤੀ !" ਉਹਨੇ ਪੁੱਛਿਆ ।

"ਐਸੀ ਤੋ ਬਾਤ ਨਹੀਂ, ਸਾਅ੍ਹਬ । ਆਜ ਮਨ ਨਹੀਂ । ਉਹ ਬੋਲਿਆ ।

"ਉਦਾਸ ਹੋ ? ਘਰ ਕੀ ਯਾਦ ਆਤੀ ਹੈ ! ਉਹਦਾ ਮੋਹ ਉਮਡ ਆਇਆ ।

ਮੋਤੀ ਰਾਮ ਹਾਂ 'ਚ ਸਿਰ ਹਿਲਾ ਕੇ ਤਾਕੀ 'ਚੋਂ ਕੋਠੀ ਦੇ ਬਨੇਰੇ ਵੱਲ ਝਾਕਣ ਲੱਗ ਪਿਆ ।

"ਅੱਛਿਆ ਜਾਹ ! ਖਾਣਾ ਠਹਿਰ ਕੇ ਖਾਏਂਗੇ । ਪਹਿਲੇ ਆਪਣੀ ਬੀਬੀ ਜੀ ਕੋ ਭੇਜ ।

ਮੋਤੀ ਰਾਮ ਚਲਾ ਗਿਆ ।

ਪੈੱਗ ਚੌਥਾ ਸੀ ਜਾਂ ਪੰਜਵਾਂ, ਬ੍ਰਹਮ ਪ੍ਰਕਾਸ਼ ਲਈ ਇਸਦਾ ਕੋਈ ਮਹੱਤਵ ਨਹੀਂ ਸੀ । ਇਸ ਗੱਲ ਦਾ ਜ਼ਰੂਰ ਸੀ ਕਿ ਆਪਣੀ ਬੀਵੀ ਦੇ ਕਮਰੇ 'ਚ ਆਉਣ ਤੋਂ ਪਹਿਲਾਂ ਉਸਨੂੰ ਖਤਮ ਕੀਤਾ ਜਾਵੇ । ਉਹ ਦਰਮਿਆਨੇ ਹਿੰਦੂ ਘਰ 'ਚ ਜੰਮੀ ਪਲੀ ਸੀ ਤੇ ਦਾਰੂ 'ਚੋਂ ਕਰਹਿਤ ਮੰਨਦੀ ਸੀ । ਇਕੋ ਸ਼ੌਕ ਸੀ ਪਾਠ ਪੂਜਾ ਦਾ । ਉਹਦਾ ਮਨ ਖੁਸ਼ ਰੱਖਣ ਲਈ ਬ੍ਰਹਮ ਪ੍ਰਕਾਸ਼ ਨੇ ਕੋਠੀ ਦੇ ਇਕ ਕਮਰੇ ਵਿਚ ਉਹਨੂੰ ਮੰਦਰ ਬਣਵਾ ਦਿੱਤਾ ਸੀ ।

ਉਹ ਪੈੱਗ ਵੀ ਉਹਨੇ ਪੀ ਲਿਆ । ਬੋਤਲ ਤੇ ਗਲਾਸ ਕਾਹਲੀ ਕਾਹਲੀ ਪਰ ਸਾਂਭ ਕੇ ਅਲਮਾਰੀ ਵਿਚ ਰੱਖ ਦਿੱਤੇ । ਆਪ ਆਰਾਮ ਨਾਲ ਪਰ ਚੇਤੰਨ ਹੋ ਕੇ ਬੈਠ ਗਿਆ । ਤੇ ਸੋਚਣ ਲਗਾ ਕਿ ਗੱਲ ਕਿਵੇਂ ਸ਼ੁਰੂ ਕਰੇ ਚਿੱਠੀ ਦੀ ਗੱਲ ਉਹ ਇਕਦਮ ਨਹੀਂ ਸੀ ਕਰਨਾ ਚਾਹੁੰਦਾ । ਉਹਦੀ ਬੀਵੀ ਆ ਗਈ ।

"ਸੁਣਾ ਲਾਜਵੰਤੀ, ਕਿਮੇਂ ਐਂ ਸਿਹਤ ਹੁਣ ?" ਉਹਨੇ ਰਸਮੀ ਗੱਲ ਤੋਰੀ । ਹੋਰ ਕੁਝ ਉਸਨੂੰ ਉਸ ਸਮੇਂ ਸੁੱਝ ਹੀ ਨਹੀਂ ਸੀ ਰਿਹਾ ।

ਲਾਜਵੰਤੀ ਬੋਲੀ ਨਹੀਂ । ਉਹਦੀ ਹਾਲਤ ਦੇਖਕੇ ਉਹ ਨਾਰਾਜ਼ ਹੋ ਗਈ ਜਾਪਦੀ ਸੀ ।

"ਮਖਿਆ ਬੋਲਦੀ ਨੀ । ਸਿਹਤ ਤਾਂ ਠੀਕ ਐ ? ਮੈਂ ਹੋਮਿਓਪੈਥੀ ਦੇ ਡਾਕਟਰ ਨਾਲ ਗੱਲ ਕੀਤੀ ਸੀ । ਉਹ ਕਹਿੰਦੈ, ਆਪ ਆ ਕੇ ਹਾਲਤ ਦੱਸੇ ਤੇ ਦਵਾਈ ਲੈ ਜੇ । ਮੈਂ ਕਹਿਨੈ, ਬਈ ਕੱਲ੍ਹ ਸਵੇਰੇ ਸਵੇਰੇ ਤੂੰ ਜਾਈਆ, ਉਸ ਵੱਲ । ਐਤਵਾਰ ਐ । ਗੱਡੀ ਵਿਹਲੀ ਐ ।"

ਲਾਜਵੰਤੀ ਠੀਕ ਹੋ ਕੇ ਬੈਠ ਗਈ । ਫੇਰ ਸਿਰ ਹਿਲਾਇਆ । ਜਿਵੇਂ ਕਹਿੰਦੀ ਹੋਵੇ, "ਚੰਗਾ ਚਲੀ ਜਾਊਂ । ਪਰ ਫਰਕ ਕੋਈ ਨੀ ਪੈਣ ਲੱਗਾ ।"

"ਸਾਡੇ ਪਿੰਡ ਮੇਰਾ ਮਤਲਬ ਐ ਆਪਣੇ ਪਿੰਡ ਇਕ ਪੁਰਾਣਾ ਵੈਦ ਐ । ਉਹਦੇ ਹੱਥਾਂ 'ਚ ਜਸ ਐ । ਉਹਦੀ ਦਵਾਈ ਨਾ ਖਾ ਕੇ ਦੇਖ ਲਈਏ ? ਸ਼ਾਇਦ ਉਹ ਤੋਂ ਈ ਰਾਮ ਆ ਜੇ । ਕੀ ਕਹਿੰਦੀ ਐ ? ਉਹ ਕੁਝ ਕਾਹਲਾ ਪੈਂਦਾ ਬੋਲਿਆ ।

. "ਹੋਊ ਵੈਦ ਵੂਦ । ਮੈਥੋਂ ਨੀ ਥਾਂ ਥਾਂ ਧੱਕੇ ਖਾਏ ਜਾਂਦੇ । ਏਸ ਉਮਰ 'ਚ ਆਖਿਰ ਉਹਨੇ ਵਾਚੀ ਖੋਲ੍ਹੀ ।

ਬ੍ਰਹਮ ਪ੍ਰਕਾਸ਼ ਨੇ ਸੁਖ ਦਾ ਸਾਹ ਲਿਆ ।

ਉਹ ਤਾਰਾ ਲਫੈਂਡ ਐ ਨਾ ਆਪਣੇ ਪਿੰਡ ਆਲਾ । ਦੋ ਮਹੀਨੇ ਹੋਗੇ ਉਹਨੂੰ ਆਏ ਨੂੰ । ਪਹਿਲਾਂ ਕਿੰਨੀਆਂ ਸਾਮੀਆਂ ਲੈ ਕੇ ਆਉਂਦਾ ਹੁੰਦਾ ਸੀ । ਕਿਤੇ ਕਿਸ ਦੇ ਧੱਕੇ ਈ ਨਾ ਚੜ੍ਹ ਗਿਆ ਹੋਵੇ । ਐਉਂ ਬੰਦਿਆਂ ਨੂੰ ਵਾਹ ਲੱਗਦੀ ਹੱਥਾਂ 'ਚੋਂ ਨੀ ਨਿਕਲਣ ਦੇਣਾ ਚਾਹੀਦਾ । ਚੰਗੇ ਵਕੀਲਾਂ ਦੀ ਇਹੀ ਤਾਂ ਹੁਸ਼ਿਆਰੀ ਮੰਨੀ ਜਾਂਦੀ ਐ । ਨਾਲੇ ਉਹਨੂੰ ਮਿਲ ਲਾਂਗੇ । ਆਖਿਰ ਮੇਰਾ ਪੁਰਾਣਾ ਆੜੀ ਐ....ਹਮਜਮਾਤੀ । ਹੁਣ ਤਾਂ ਸਰਪੰਚ ਵੀ ਬਣ ਗਿਆ । ਨਾਲੇ, ਨਾ, ਸਤ ਪ੍ਰਕਾਸ਼ ਹੁਰਾਂ ਦਾ ਧਿਆਨ ਰੱਖਣ ਲਈ ਕਹਿ ਆਮਾਂਗੇ । ਹਾਲਾਤ ਤਾਂ ਦੇਖ ..।" ਬੋਲਦੇ ਦਾ ਉਹਦਾ ਮਨ ਭਰ ਆਇਆ । ਪਰ ਲਾਜਵੰਤੀ ਟੱਸ ਤੋਂ ਮੱਸ ਨਾ ਹੋਈ ।

"ਸੱਤ ਪ੍ਰਕਾਸ਼ ਦੀ ਚਿੱਠੀ ਵੀ ਆਈ ਐ । ਉਦਾਸ ਐ ! ਉਹਨੇ ਆ ਕੇ ਮਿਲ ਜਾਣ ਲਈ ਆਖਿਐ । ਮੈਂ ਤਾਂ ਕਹਿਨੈ, ਕੱਲ੍ਹ ਨੂੰ ਆਪਾਂ ਦੋਮੇ ਜਾ ਆਉਨੇ ਆਂ । ਨਾਲੇ ਦਵਾਈ ਲੈ ਆਮਾਂਗੇ । ਨਾਲੇ ਮਿਲ ਆਮਾਂਗੇ । ਐਮੇਂ ਕਮਲਿਆਂ ਆਲੀ ਅੜੀ ਨਹੀ ਕਰੀ ਦੀ ।" ਉਹ ਮਨਾਉਣ ਦੇ ਲਹਿਜੇ 'ਚ ਬੋਲਿਆ ।

→

Thinking of Buying or Selling

New Houses, Lots, Building Contracts

Specializing :

Resale New Housing Lot Sales and Farms



Don't delay call now :

Hardeep S. Bhangav

Medellion Club Award Winner

ਰਹਾਇਸ਼ੀ ਘਰਾਂ, ਅਤੇ ਕਮਰਸ਼ਲ ਪਰਾਪਰਟੀ ਲਈ ਹਰਦੀਪ ਸਿੰਘ ਭੰਗਾਵ ਨੂੰ ਫੋਨ ਕਰੋ

HOMELIFE BENCHMARK REALTY CORPORATION

Ph. Off: 594-4141

Pager 438-2333 #1596

Bench Mark Realty Corp.

10 - 6830 King George HWY. Surrey

PAUL'S PLUMBING, ELECTRICAL & HEATING SUPPLY





Plumbing & Bathroom
Fixtures & Supplies
Hot Water Tanks
Hot Water Heating & Supplies
And Instalations

We cut and thread galvanized pipe
We Cut keys also.

"Free customer parking at rear"

4774 Main Street, at 32th Ave., Vancouver, B.C.

Sales: 872-3118
Service: 872-7227
HINDI, Punjabi Spoken

ਉਤਰੀ ਅਮਰੀਕਾ ਦਾ ਪਹਿਲਾ ਤੇ ਨਿਰੋਲ ਪੰਜਾਬੀ ਸਾਹਿਤਕ ਮਾਸਕ ਪੱਤਰ

ਕਲਮ

- ਸਾਲਾਨਾ ਚੰਦਾ 15 ਡਾਲਰ
- ਜੇ ਕੋਈ ਸੱਜਣ ਇੰਡੀਆ, ਇੰਗਲੈਂਡ ਜਾਂ ਹੋਰ ਕਿਸੇ ਦੇਸ਼ ਨੂੰ ਪਰਚਾ ਭਿਜਵਾਉਣਾ ਚਾਹੁੰਦਾ ਹੋਵੇ ਤਾਂ ਪਰਚੇ ਦਾ ਚੰਦਾ 25 ਡਾਲਰ ਹੋਵੇਗਾ ।

ਚੰਦੇ ਦਾ ਫ਼ਾਰਮ

I am enclosing a ☐ cheque ☐ M.O. ☐ Draft as my Subscription for the year(s)....... I may be sent the magazine at the following address:

Name...
Address..
City...
Province...
Postal code..
PHONE.

ਰਚਨਾਵਾਂ ਤੇ ਚੰਦੇ ਅੱਜ ਹੀ ਭੇਜੋ

ਭੇਜਣ ਦਾ ਪਤਾ :

The KALAM Monthly
P.O.BOX 67344 Stn. '0'
Vancouver, B.C., Canada V5W 3T1

'ਕੈਨੇਡਾ ਦਰਪਣ' ਆਪ ਪੜ੍ਹੋ ਤੇ ਦੂਜਿਆਂ ਨੂੰ ਪੜ੍ਹਨ ਲਈ ਪਰੇਰੋ

AUTOPAC
PROTECTING MANITOBANS ON THE MOVE

Dorion Insurance Agency

ਤੁਹਾਡੀ ਆਪਣੀ ਕੌਮੀ ਇਨਸ਼ੋਰੈਂਸ ਏਜੰਸੀ

ਡੋਰੀਅਨ ਇਨਸ਼ੋਰੈਂਸ ਏਜੰਸੀ


ਹਰ ਪ੍ਰਕਾਰ ਦੀ ਇਨਸ਼ੋਰੈਂਸ ਕਰਵਾਉਣ ਲਈ

- ਆਪਣੇ ਮਕਾਨ
- ਵਿਉਪਾਰ
- ਕਾਰ ਤੇ ਟਰੱਕ
- ਜੀਵਨ ਬੀਮਾ
- ਕੰਮ ਸਮੇਂ ਸੱਟ ਲੱਗ ਜਾਣ ਤੇ ਜਾਂ ਬੀਮਾਰ ਹੋ ਜਾਣ ਤੇ।
- ਆਟੋ ਪੈਕ ਰੀਨੀਊ ਕਰਾਉਣ ਲਈ
- ਲਾਈਸੈਂਸ ਪਲੇਟਾ ਲੈਣ ਲਈ
- ਕਾਰ, ਟਰੱਕ, ਮੋਟਰ ਸਾਈਕਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਮਿਲੋ ਜਾਂ ਫ਼ੋਨ ਕਰੋ :

ਕੁਲਵੰਤ ਸਿੰਘ ਬਰਾੜ ਫੋਨ : 772-3301 775-1061

AJANTA TRAVELS

ਮੈਨੀਟੋਬਾ ਵਿਚ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਲਈ ਅਜੰਤਾ ਟਰੈਵਲਜ਼ ਨੂੰ ਫੋਨ ਕਰੋ



Kulwant S. Brar
Manager & Owner

Via Rail Tickets Now issued here to U.S.A and CANADA

ਹੁਣੇ ਬੁੱਕ ਕਰਾਓ


ਤੁਸੀਂ ਪੰਜਾਬੀ, ਹਿੰਦੀ, ਉਰਦੂ, ਇੰਗਲਿਸ਼ ਵਿਚ ਗੱਲਬਾਤ ਕਰ ਸਕਦੇ ਹੋ

Travel to India, Europe &

ONE WAY FARE IS ALSO AVAILABLE TO TORONTO ONLY
BOOK EARLY TO AVOID DISAPPOINTMENT

For booking conditions please call:





Fourways Travel Limited

9341 - 120 St., (Scott Rd.) Delta, B.C.

Anywhere in the world. **Ph. (604) 584-1411**

ਸਰੀ-ਡੈਲਟਾ ਦੇ ਵਸਨੀਕਾਂ ਨੂੰ ਵੈਨਕੂਵਰ ਜਾਣ ਦੀ ਲੋੜ ਨਹੀਂ — ਅਸੀਂ ਇਥੋਂ ਹੀ ਦੁਨੀਆਂ ਦੇ ਕਿਸੇ ਵੀ ਕੋਨੇ ਲਈ ਟਿਕਟਾਂ ਦੇ ਸਕਦੇ ਹਾਂ

VANCOUVER

Bridal International & Wedding Centre

FOR ANYTHING AND EVERYTHING FOR YOUR MARRIAGE NEEDS DON'T MISS TO VISIT YOUR OWN SHOP

Contact : Sukhdev S. Saini **Ph. (604) 435-2421**


Open : Mon. Wed. 10.00 a.m. to 6.00 p.m.
Thursday, Friday, Sat. 10.00 a.m. to 8.00 p.m.
Sun. 11.00 a.m. to 6.00 p.m.



- WEDDING ACCESSORIES
- WEDDING CAKES
- WEDDING INIVITATIONS
- CAKE ORNAMENTS
- CAR DECORATIONS
- WEDDING FLOWERS
- GIFTS AND ALLIED ITEMS, etc.

LADIES TAILOR FOR PUNJABI SUITS, SARI BLOUSES & DRESSES

Bride & Groom Shop
216 E. 50th Ave. [Main St.] Vancouver
324-5662



3333 KINGSWAY AT JOYCE, VANCOUVER, B.C.


■ BUYING ■ SELLING

Free Evaluation For Your Property Call Any Time Without Any Obligation

Bus. 736-3831 or Res. 434-8548 Pager - 687-1985 #2229

United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)
Member of Prestigious M.L.S. Medallion Club For 83-84 85-86

→

ਸਤ ਪ੍ਰਕਾਸ਼ ਦੀ ਚਿੱਠੀ ਬਾਰੇ ਸੁਣ ਕੇ ਉਹ ਚੁਕੰਨੀ ਹੋ ਗਈ। ਫੇਰ ਸੋਚਾਂ 'ਚ ਪੈ ਗਈ।

'ਫੇਰ ਕਿਮੇਂ ਕਰੀਏ? ਬੋਲੇਂਗੀ ਵੀ ਕੁਸ਼? ਹੁਣ ਬ੍ਰਹਮ ਪ੍ਰਕਾਸ਼ ਦੇ ਬੋਲਾਂ 'ਚ ਨਰਮੀ ਸੀ।

"ਰੋਟੀ ਖਾ ਲੋ ਹੁਣ। ਸਵੇਰੇ ਦੇਖੀ ਜਾਊ।" ਕਹਿਕੇ ਉਹ ਗੋਡਿਆਂ 'ਤੇ ਹੱਥ ਰੱਖ ਕੇ ਉਠੀ ਤੇ ਬ੍ਰਹਮ ਪ੍ਰਕਾਸ਼ ਦੇ ਦੇਖਦਿਆਂ ਦੇਖਦਿਆਂ ਬਾਹਰ ਨਿਕਲ ਗਈ।

ਉਸ ਰਾਤ ਉਹਨੇ ਰੋਟੀ ਨਾ ਖਾਧੀ। ਉਹ ਉਂਝ ਹੀ ਬਿਨਾਂ ਕੱਪੜੇ ਬਦਲਿਆਂ ਪੈ ਗਿਆ। ਜਾਂ ਤਾਂ ਉਹਦੀ ਅੱਖ ਨਾ ਲਗਦੀ। ਜੇ ਲੱਗਦੀ ਤਾਂ ਅਜੀਬ ਅਜੀਬ ਸੁਫਨੇ ਆਉਣੇ ਲੱਗ ਪੈਂਦੇ।

— ਕਦੇ ਉਹ ਵਲਾਇਤ ਹੁੰਦਾ ਆਪਣੇ ਮੁੰਡਿਆਂ ਕੋਲ। ਗੋਰੀ ਨੂੰਹ ਨਾਲ ਸਪਾਟੇ ਕਰ ਰਿਹਾ ....

— ਕਦੇ ਪਿੰਡ ਦੇ ਵੈਦ ਨੂੰ ਲਾਜਵੰਤੀ ਦੀ ਨਬਜ਼ ਦਿਖਾ ਰਿਹਾ ਹੁੰਦਾ।

— ਕਦੇ ਜੁਆਨੀ ਪੈਰੇ ਦੀ ਉਮਰ 'ਚ ਉਹ ਤੇ ਲਾਜਵੰਤੀ ਕਿਸੇ ਤੀਰਥ ਦੀ ਯਾਤਰਾ, 'ਤੇ ਜਾ ਰਹੇ ਹੁੰਦੇ। ਰਾਹ 'ਚ ਉਹ ਪਹਿਲਾਂ ਕਿਸੇ ਪਹਾੜੀ 'ਤੇ ਚੜ੍ਹ ਰਿਹਾ ਹੁੰਦਾ ਤੇ ਫੇਰ ਹੇਠਾਂ ਨੂੰ ਰੁੜ੍ਹਦਾ ਜਾ ਰਿਹਾ ਹੁੰਦਾ — ਲਾਜਵੰਤੀ ਬੇਵੱਸ ਤੇ ਲਾਚਾਰ ਚੀਕਾਂ ਮਾਰਦੀ ਕਿਧਰੇ ਛਾਈਂ ਮਾਈਂ ਹੋ ਜਾਂਦੀ।

— ਹੁਣ ਕਚਹਿਰੀ 'ਚ ਖੜਾ ਕੇਸ ਲੜ ਰਿਹੈ — ਹੁਣੇ ਬਿਰਧ ਪਿਓ ਕੋਲ ਬੈਠਾ ਉਹਦੀਆਂ ਗੱਲਾਂ ਸੁਣ ਰਿਹੈ—ਹੁਣੇ ਸਤ ਪ੍ਰਕਾਸ਼ ਨਾਲ ਲਹੂ ਲੁਹਾਣ ਹੋਇਆ ਹੱਟੀ ਮੂਹਰੇ ਪਿਐ ਬੁੜ੍ਹੀ ਭੂਆ ਪ੍ਰੇਤਾਂ ਵਾਂਗ ਹੱਸ ਰਹੀ ਐ...ਕੋਲ ਹੀ ਮਿੱਤਲ ਲਹੂ ਭਿਜੀ ਖੰਜਰ ਲਈ ਖੜ੍ਹੈ।

—ਕਦੀ ਤਾਰਾ ਲਫੈਂਡ ਉਹਨੂੰ ਪਿੰਡ ਦੇ ਦਰਵਾਜ਼ੇ ਵਿਚ ਘੇਰੀ ਖੜ੍ਹਾ ਹੁੰਦਾ। ਕੋਲ ਪੁੱਟੇ ਹੋਏ ਦੋ ਕੁ ਗੰਨੇ ਪਏ ਹੁੰਦੇ। ਉਹ ਲਾਲ ਅੱਖਾਂ ਕੱਢੀਂ, ਮੁੱਛਾਂ ਨੂੰ ਵੱਟ ਦਿੰਦਾ ਲਲਕਾਰ ਰਿਹਾ ਹੁੰਦਾ ਤੇ ਉਚੀ ਉਚੀ ਪਿੰਡ ਦੀ ਪੰਚਾਇਤ ਨੂੰ ਸੁਣਾ ਕੇ, ਕਹਿੰਦਾ, "ਮੈਂ ਨੀ ਜਾਣਦਾ। ਇਹਨੂੰ ਕਹੋ ਕਿ ਗੰਨਿਆਂ ਨੂੰ ਇਖ 'ਚ ਓਮੇਂ ਲਾ ਦੇਵੇ ਜਿਮੇਂ ਇਹ ਪਹਿਲਾਂ ਖੜ੍ਹੇ ਸੀ।" ਸਤ ਪ੍ਰਕਾਸ਼ ਹੱਥ ਬੰਨ੍ਹੀ ਪਿੰਡ ਦੀ ਪੰਚਾਇਤ ਨੂੰ ਬੇਨਤੀ ਕਰ ਰਿਹਾ ਹੁੰਦਾ, "ਪੰਚਾਇਤੇ ਇਹ, ਨਿਆਣੈਂ। ਇਹਨੂੰ ਮਾਫ ਕਰ ਦਿਓ। ਭਲਾ ਪੁੱਟੇ ਹੋਏ ਗੰਨੇ ਮੁੜਕੇ ਓਮੇਂ ਕਿਮੇਂ ਲੱਗ ਸਕਦੇ ਨੇ? ਕੁਦਰਤ ਦੀ ਕੋਈ ਰੀਸ ਕਰ ਸਕਦਾ ...! ਕੋਈ ਨੀ ਕਰ ਸਕਦਾ। ਬੱਸ, ਹੋਗੀ, ਗਲਤੀ ਇਹਤੋਂ ..."

ਇਕ ਦੋ ਵੇਰਾਂ, ਉਹ ਪਸੀਨੇ ਨਾਲ ਭਰਿਆ ਤੇ ਬੇਚੈਨ ਜਿਹਾ ਹੋ ਕੇ ਉੱਭੜਵਾਹਾ ਉਠਿਆ। ਪਾਣੀ ਪੀਤਾ। ਮੁੜ ਲੰਬਾ ਪੈ ਗਿਆ। ਕਾਲੀ ਬੋਲੀ ਰਾਤ ਮੁੱਕਣ 'ਚ ਹੀ ਨਹੀਂ ਸੀ ਆ ਰਹੀ।

* * * *

ਅਖੀਰ ਸਵੇਰ ਹੋਈ। ਉਹ ਨਹਾਤਾ ਧੋਤਾ। ਚਾਹ ਪੀਤੀ। ਲਾਜਵੰਤੀ ਪਾਠ ਪੂਜਾ ਤੋਂ ਵਿਹਲੀ ਹੋ ਕੇ ਬੈਠਕ ਵਿਚ ਆ ਗਈ। ਪਿੰਡ ਜਾਣ ਦੀ ਗੱਲ ਫੇਰ ਤੁਰੀ। ਹੁਣ ਲਾਜਵੰਤੀ ਬੋਲ ਰਹੀ ਸੀ। ਉਹ ਸੁਣ ਰਿਹਾ ਸੀ ਠੰਡਾ ਸੀਤ ਹੋਇਆ। "ਨਾ ਤਾਂ ਮੈਂ ਥੋਨੂੰ ਭੇਜਾਂ। ਨਾ ਕਿਸੇ ਨੂੰ ਗੱਡੀ ਲੈ ਕੇ ਜਾਣ ਦਿਆਂ। ਅਸੀਂ ਕਿਉਂ ਦੁੱਖ ਮਾਰੇ ਮਾਰੇ ਫਿਰੀਏ! ਸਾਡੀ ਜਾਨ ਐਨੀ ਸਸਤੀ ਨੀ ... ... ਇਕ ਗੱਲ ਹੋਰ ਸੁਣ ਲੋ। ਮੈਂ ਆਪਣੇ ਘਰ 'ਚ ਸ਼ਰੀਕ ਨੀ ਵਾੜਨੇ। ਆਪਣੀ ਹੋਣੀ ਆਪ ਭੁਗਤਣ...ਪਿੰਡ 'ਚ ਰਹਿਣ ਜਾਂ ਕਿਤੇ ਹੋਰ ਚਲੇ ਜਾਣ। ਨਾਲੇ ਤੁਸੀਂ ਕਹਿਨੇ ਓਂ ਭਾਈ ਜੀ ਨੇ ਲਿਖਿਐ, ਬਈ ਖਤਰੇ ਆਲੀ ਕੋਈ ਗੱਲ ਨੀ।" ਇਕ ਬਿੰਦ ਰੁਕਣ ਪਿਛੋਂ ਉਹ ਫੇਰ ਬੋਲੀ:

"ਟਿਕ ਟਿਕਾ ਹੋਏ ਤੋਂ ਚਲੇ ਚੱਲਾਂਗੇ। ਜੇ ਬਹੁਤਾ ਈ ਕਹਿਨੇ ਓਂ ਤਾਂ। ਸੁਣੀ ਲੀ ਮੇਰੀ ਗੱਲ!"

ਬ੍ਰਹਮ ਪ੍ਰਕਾਸ਼ ਨੇ ਸੁਣ ਲਈ ਸੀ। ਤੇ ਚੁੱਪ ਹੋਇਆ ਬੈਠਾ ਸੀ।

"ਚਲੋ ਐਂ ਕਰੋ। ਜੇ ਬਹੁਤਾ ਹੀ ਹੇਜ ਮਾਰਿਆ ਜਾਂਦੈ ਘਰ ਦਿਆਂ ਦਾ ਤਾਂ ਮੋਤੀ ਰਾਮ ਦੇ ਹੱਥ ਦੋ ਚਾਰ ਸੌ ਰੁਪਏ ਭੇਜ ਦਿਓ। ਬਾਈ ਜੀ ਨੂੰ ਦੇ ਆਊ। ਨਾਲੇ ਖਬਰ ਸਾਰ ਲੈ ਆਊ।"

ਲਾਜਵੰਤੀ ਨੇ ਫੈਸਲਾ ਸੁਣਾ ਦਿੱਤਾ।

ਕੁਝ ਚਿਰ ਉਹ ਸੋਚਦਾ ਰਿਹਾ। ਫੇਰ ਬਿਨਾਂ ਚੂੰ ਚਾਂ ਕੀਤਿਆਂ ਅੰਦਰ ਗਿਆ। ਸਤ ਪ੍ਰਕਾਸ਼ ਤੇ ਤਾਰੇ ਲਫੈਂਡ ਨੂੰ ਦਸਤੀ ਚਿੱਠੀਆਂ ਲਿਖੀਆਂ ਦੋ ਹਜ਼ਾਰ ਰੁਪਏ ਲਾਜਵੰਤੀ ਤੋਂ ਚੋਰੀਓਂ ਮੋਤੀ ਰਾਮ ਦੇ ਹੱਥ ਫੜਾਏ ਕਿ ਘਰ ਦੇ ਆਏ।

ਮੋਤੀ ਰਾਮ ਚਿੱਠੀਆਂ ਤੇ ਰੁਪਏ ਲੈ ਕੇ ਚਲਾ ਗਿਆ।

....

ਆਥਣੇ ਸੂਰਜ ਡੁਬਦੇ ਨਾਲ ਉਹ ਵਾਪਸ ਆਇਆ। ਘਰ 'ਚ ਸੁੱਖ ਸਾਂਦ ਸੀ। ਬਾਈ ਜੀ ਤੇ ਭੂਆ ਜੀ ਠੀਕ ਠਾਕ ਸਨ। ਉਹਨੇ ਸਤ ਪ੍ਰਕਾਸ਼ ਦੀ ਜਵਾਬੀ ਚਿੱਠੀ ਲੈ ਕੇ ਤੁਰਤ ਪੜ੍ਹੀ। ਲਿਖਿਆ ਸੀ:

"ਤਾਰਾ ਸਿਹੁੰ ਨੇ ਅੱਜ ਪੰਚਾਇਤ 'ਕੱਠੀ ਕੀਤੀ ਸੀ। ਓਥੇ ਫੈਸਲਾ ਹੋਇਆ ਕਿ ਸਾਨੂੰ ਉਹ ਤੱਤੀ ਹਵਾ ਨਹੀਂ ਲੱਗਣ ਦੇਣਗੇ। ਚਾਹੇ ਜੋ ਕੁਸ਼ ਹੋ ਜੇ।"

ਚਿੱਠੀ ਪੜ੍ਹ ਕੇ ਉਹ ਸੰਤੁਸ਼ਟ ਹੋ ਗਿਆ। ਉਹਨੂੰ ਖੁਸ਼ੀ ਸੀ ਕਿ ਆਪਣਾ ਫਰਜ਼ ਉਹਨੇ ਬੜੀ ਚੰਗੀ ਤਰ੍ਹਾਂ ਨਿਭਾ ਦਿੱਤਾ ਹੈ। ਉਹਨੂੰ ਮਹਿਸੂਸ ਹੋਇਆ ਜਿਵੇਂ ਉਹਦੇ ਸਿਰ ਤੋਂ ਮਣਾਂ ਮੂੰਹੀ ਭਾਰ ਲਹਿ ਗਿਆ ਹੋਵੇ।

ਉਹ ਉਠਿਆ। ਰਿਟਾਇਰਿੰਗ ਰੂਮ 'ਚ ਗਿਆ। ਪੈੱਗ ਬਣਾਇਆ ਤੇ ਬਿਨਾਂ ਮਿੱਤਲ ਦੀ ਉਡੀਕ ਕੀਤਿਆਂ, ਚੁਸਕੀਆਂ ਭਰ ਭਰ ਪੀਣ ਲੱਗ ਪਿਆ।

● ਜਦੋਂ ਤੁਸੀਂ ਅਸੀਸਾਂ ਲਈ ਤੜਪਦੇ ਹੋ
ਜਿਹਨਾਂ ਨੂੰ ਤੁਸੀਂ ਕੋਈ ਨਾਮ ਨਹੀਂ ਦਿੰਦੇ ਅਤੇ
ਜਦੋਂ ਤੁਸੀਂ ਕਾਰਣ ਦੇ ਗਿਆਨ ਬਿਨਾਂ ਦੁੱਖੀ
ਹੁੰਦੇ ਹੋ, ਉਦੋਂ ਅਸਲ ਵਿਚ ਤੁਸੀਂ ਸਾਰੀਆਂ
ਚੀਜ਼ਾਂ ਨਾਲ ਵਧਦੇ ਹੋ ਅਤੇ ਆਪਣੇ ਮਹਾਨ
ਆਪੇ ਵੱਲ ਵਧਦੇ ਹੋ। — ਖਲੀਲ

ਨਵੀਂ ਪਿਰਤ

ਹਰੀਸ਼ ਮਲਹੋਤਰਾ, ਬ੍ਰਮਿੰਘਮ

ਅਤੀਤ ਇਨਸਾਨ ਨਾਲ ਪ੍ਰਛਾਵੇਂ ਵਾਂਗ ਰਹਿੰਦਾ ਹੈ ਅਤੇ ਇਸਨੂੰ ਭੁਲਾਇਆ ਨਹੀਂ ਜਾ ਸਕਦਾ। ਤੇ ਸ਼ਾਇਦ ਇਸੇ ਕਰਕੇ ਕਹਿੰਦੇ ਹਨ ਕਿ ਜੋ ਵੀ ਅਸੀਂ ਵੱਡੇ ਹੋ ਕੇ ਬਣਦੇ ਹਾਂ ਉਸ ਵਿਚ ਅਤੀਤ ਦਾ ਵੱਡਮੁੱਲਾ ਹਿੱਸਾ ਹੁੰਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਇਨਸਾਨ ਦੀ ਸਖਸ਼ੀਅਤ ਬਨਾਉਣ ਵਿਚ ਦੋ ਮਹੱਤਵਪੂਰਨ ਤੱਤ (1) ਕਰੋਮੋਸੋਮਜ਼ ਅਤੇ (2) "ਵਾਤਾਵਰਣ" ਅਹਿਮ ਹਿੱਸਾ ਪਾਉਂਦੇ ਹਨ।

ਬਰਤਾਨੀਆਂ ਆਉਣ ਤੇ ਸਾਡਾ ਵਾਤਾਵਰਣ ਬਦਲ ਗਿਆ ਹੈ ਪਰ ਦੇਸ਼ ਪਿਆਰ ਸਾਡੇ ਨਾਲ ਰਿਹਾ ਹੈ। ਆਪਣੀ ਜ਼ਿੰਦਗੀ ਦੇ ਮੁਢਲੇ ਵਰ੍ਹੇ ਦੇਸ ਬਤਾਏ ਹੋਣ ਕਰਕੇ ਸਾਡੇ ਨਾਲ ਜੁੜੇ ਹੋਏ ਹਨ। ਉਥੇ ਰਹਿੰਦਿਆਂ ਵੀ ਕਈ ਕਿਸਮ ਦੇ ਅਰਮਾਨ ਮਨਾਂ ਵਿਚ ਸਨ ਕਿ ਆਪਣੇ ਲੋਕਾਂ ਦੀ ਹਾਲਤ ਨੂੰ ਸੁਖਾਵਾਂ ਬਨਾਉਣ ਲਈ ਕੁਝ ਕੀਤਾ ਜਾਵੇ। ਪਰ ਇਨਸਾਨ ਦੇ ਹਾਲਾਤ ਉਹਨੂੰ ਕੁੱਝ ਦਾ ਕੁੱਝ ਬਣਾ ਦਿੰਦੇ ਹਨ। ਵੈਸੇ ਵੀ ਦੇਖਿਆ ਜਾਵੇ ਤਾਂ ਸਾਡੇ ਆਪਣੇ ਸੀਮਤ ਜਿਹੇ ਸਾਧਨ ਹਨ ਅਤੇ ਇਸ ਸੀਮਤ ਜਿਹੇ ਜ਼ਿੰਦਗੀ ਦੇ ਸਮੇਂ ਵਿਚ ਸੀਮਤ ਜ਼ਿਹੇ ਹੀ ਕੰਮ ਕੀਤੇ ਜਾ ਸਕਦੇ ਹਨ। ਆਪਣੀ ਸ਼ਰੀਰਕ ਬਣਤਰ ਵਲ ਅਸੀਂ ਦੇਖੀਏ ਤਾਂ ਸਾਡੇ ਕੋਲ ਇਕ ਦਿਮਾਗ, ਦੋ ਅੱਖਾਂ, ਦੋ ਕੰਨ, ਦੋ ਬਾਹਾਂ ਅਤੇ ਦੋ ਲੱਤਾਂ ਆਦਿ ਹਨ।

ਉਹ ਲੋਕ ਜੋ ਆਪਣੇ ਆਪ ਨੂੰ ਪ੍ਰਗਤੀਸ਼ੀਲ ਕਹਾਉਂਦੇ ਹਨ ਉਹਨਾਂ ਦੇ ਮਨਾਂ ਵਿਚ ਲੋਕਾਂ ਲਈ ਕੁੱਝ ਕਰਨ ਦੀ ਤੜਪ ਵੀ ਰਹਿੰਦੀ ਹੈ ਅਤੇ ਉਹ ਜਿੰਨਾ ਵੀ ਯਥਾਯੋਗ ਦਾਨ ਪਾ ਸਕਣ ਪਾਉਂਦੇ ਹਨ। ਪਿੰਡ ਰਹਿੰਦਿਆਂ ਮਨ ਵਿਚ ਕਈ ਵਾਰ ਖਿਆਲ ਆਉਂਦਾ ਸੀ ਕਿ ਪਿੰਡ ਵਿਚ ਇਕ ਲਾਇਬਰੇਰੀ ਖੋਹਲੀ ਜਾਵੇ, ਡਿਸਪੈਂਸਰੀ ਜਾਂ ਹਸਪਤਾਲ ਦਾ ਪ੍ਰਬੰਧ ਕੀਤਾ ਜਾਵੇ, ਪਿੰਡ ਦੇ ਬੱਚਿਆਂ ਨੂੰ ਮੁਫ਼ਤ ਟਿਊਸ਼ਨ ਪੜ੍ਹਾਈ ਜਾਵੇ ਤੇ ਉਹਨਾਂ ਨੂੰ ਸਮਾਜਿਕ ਅਤੇ ਸਿਆਸੀ ਢਾਂਚੇ ਦੇ ਗੰਦੇ ਪਹਿਲੂਆਂ ਨੂੰ ਬਦਲਣ ਲਈ ਤਿਆਰ ਕੀਤਾ ਜਾਵੇ ਅਤੇ ਸਮਾਜ ਵਿਚੋਂ ਵਹਿਮਾਂ ਭਰਮਾਂ ਅਤੇ ਧਾਰਮਿਕ ਜਨੂੰਨ ਦਾ ਸਫਾਇਆ ਕੀਤਾ ਜਾਵੇ। ਪਰ ਜਦ ਇਨਸਾਨ ਦੀ ਆਪਣੀ ਹੋਂਦ ਨੂੰ ਹੀ ਖਤਰਾ ਹੋਣ ਲੱਗ ਪਵੇ ਤਾਂ ਉਹਦੇ ਬਚਾਅ ਦਾ ਉਹ ਪਹਿਲਾਂ ਖਿਆਲ ਕਰਦਾ ਹੈ ਤਾਂ ਕਿ ਉਹ ਮਿਥੇ ਹੋਏ ਕੰਮਾਂ ਨੂੰ ਨੇਪਰੇ ਚਾੜ੍ਹ ਸਕੇ।

ਬਰਤਾਨੀਆ ਵਿਚ ਆ ਕੇ ਅਸੀਂ ਪੈਸੇ ਵਲੋਂ ਕੁਝ ਸੌਖੇ ਹਾਂ ਅਤੇ ਕੁੱਝ ਕਰਨ ਦੀ ਤਮੰਨਾਂ ਇਸ ਰੰਗੀਲੇ ਸਭਿਆਚਾਰ ਵਿਚ ਵੀ ਅਜੇ ਮਰੀ ਨਹੀਂ ਹੈ। ਇਸੇ ਸੰਦਰਭ ਵਿਚ ਮੇਰੇ ਮਨ 'ਚ ਕਾਫੀ ਦੇਰ ਦਾ ਇਹ ਖਿਆਲ ਰਿੜਕ ਹੁੰਦਾ ਰਿਹਾ ਹੈ ਕਿ ਪੰਜਾਬੀਆਂ ਨੂੰ ਕਿਤਾਬਾਂ ਪੜ੍ਹਨ ਵਲ ਜ਼ਰੂਰ ਲਾਇਆ ਜਾਣਾ ਚਾਹੀਦਾ ਹੈ। ਮੈਂ ਆਪਣੇ ਪਿੰਡ ਲੱਲੀਆਂ ਕਲਾਂ ਜ਼ਿਲਾ ਜਲੰਧਰ ਦੇ ਗੌ: ਹਾਈ ਸਕੂਲ ਦੇ ਦਸਵੀਂ ਅਤੇ ਅੱਠਵੀਂ ਦੇ ਵਿਦਿਆਰਥੀਆਂ ਲਈ ਇਕ ਇਨਾਮ ਦੀ ਪ੍ਰਥਾ ਚਾਲੂ ਕਰਨਾ ਚਾਹੁੰਦਾ ਹਾਂ। ਇਸ ਇਨਾਮ ਦਾ ਨਾਂ "ਵਾਰਿਸ ਸ਼ਾਹ ਇਨਾਮ" ਰੱਖਿਆ ਗਿਆ ਹੈ ਤੇ ਇਸ ਇਨਾਮ ਵਿਚ ਸਾਹਿਤਕ ਕਿਤਾਬਾਂ ਦਾ ਸੈਟ ਹੋਇਆ ਕਰੇਗਾ। ਇਹਨਾਂ ਉਚੀ ਪੱਧਰ, ਅਤੇ ਅਗਾਂਹ ਵਧੂ ਕਿਤਾਬਾਂ ਦੀ ਚੋਣ ਮੈਂ ਖੁਦ ਆਪ ਕਰਿਆ ਕਰਾਂਗਾ। ਉਦਾਹਰਣ ਦੇ ਤੌਰ ਤੇ ਪੰਜਾਬ ਵਿਚ ਬਣੀ ਰੈਸ਼ਨੇਲਿਸਟ ਸੁਸਾਇਟੀ ਦੁਆਰਾ ਪ੍ਰਕਾਸ਼ਤ ਕਿਤਾਬਾਂ ਦਾ ਸੈਟ। ਕਿਤਾਬਾਂ ਦਾ "ਵਾਰਿਸ ਸ਼ਾਹ ਇਨਾਮ" ਦਸਵੀਂ ਅਤੇ ਅੱਠਵੀਂ ਜਮਾਤ ਦੇ ਪਹਿਲੇ, ਦੂਜੇ ਅਤੇ ਤੀਜੇ ਨੰਬਰ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਕੂਲ ਵਿਚ ਹਰ ਸਾਲ ਦਿੱਤਾ ਜਾਇਆ ਕਰੇਗਾ। ਇਨਾਮ ਵਿਚ ਸ਼ਾਮਲ ਕਿਤਾਬਾਂ ਪੰਜਾਬੀ ਦੀਆਂ ਹੀ ਹੋਇਆ ਕਰਨਗੀਆਂ।

ਇਸ ਇਨਾਮ ਦਾ ਨਾਂ ਰੱਖਣ ਤੇ ਵੀ ਮੈਂ ਆਪਣੇ ਸੁਹਿਰਦ ਦੋਸਤਾਂ ਨਾਲ ਮਸ਼ਵਰਾ ਕੀਤਾ ਸੀ। ਟੈਗੋਰ, ਭਗਤ ਸਿੰਘ, ਊਧਮ ਸਿੰਘ, ਮੁਨਸ਼ੀ ਪ੍ਰੇਮਚੰਦ, ਲਾਲਾ ਹਰਦਿਆਲ ਅਤੇ ਸੁਭਾਸ਼ ਚੰਦਰ ਦੇ ਨਾਵਾਂ ਤੋਂ ਇਲਾਵਾ ਗੁਰੂ ਨਾਨਕ ਅਤੇ ਵਿਵੇਕਾਨੰਦ ਦੇ ਨਾਂ ਵੀ ਦਿਮਾਗ ਵਿਚ ਆਏ ਸਨ। ਪਰ ਮੈਂ ਮਹਿਸੂਸ ਕੀਤਾ ਕਿ ਇਹਨਾਂ ਵਿਚੋਂ ਕਿਸੇ ਇਕ ਦਾ ਨਾਂ ਇਨਾਮ ਨਾਲ ਜੋੜਨ ਤੇ ਧਾਰਮਿਕ ਜਾਂ ਫਿਰਕੂ ਜਾਤਪਾਤ ਰੰਗਤ ਨਾਂ ਚੜ੍ਹ ਜਾਵੇ। "ਵਾਰਿਸ" ਪੰਜਾਬੀਆਂ ਦਾ ਮਹਾਨ ਸਾਹਿਤਕ ਸਪੂਤ ਹੈ ਅਤੇ ਨਾਲੇ ਇਸ ਗੱਲ ਨਾਲ ਬਾਰਡਰੋਂ ਪਾਰ ਬੈਠੇ ਪੰਜਾਬੀਆਂ ਨੂੰ ਵੀ ਅਸੀਂ ਵਿਚ ਲਪੇਟਦੇ ਹਾਂ। ਪੰਜਾਬੀ ਲੋਕ ਪੰਜਾਬੀ ਹੀ ਹਨ ਚਾਹੇ ਉਹ ਪਾਕਿਸਤਾਨ, ਕੈਨੇਡਾ, ਬਰਤਾਨੀਆਂ, ਅਮਰੀਕਾ ਜਾਂ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਬੈਠੇ ਹੋਣ।

ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ ਮੇਰੀ ਇਹ ਪਿਰਤ ਭਾਵੇਂ ਇਕ ਨਿਗੂਣੀ ਜਿਹੀ ਕੋਸ਼ਿਸ਼ ਹੈ ਪਰ ਅਗਰ ਅਸੀਂ ਬਹੁਤੇ ਲੋਕ ਆਪਣੇ ਆਪਣੇ ਪਿੰਡ, ਕਸਬੇ ਜਾਂ ਇਲਾਕੇ ਵਿਚ ਇਹੋ ਜਿਹੀਆਂ ਪਿਰਤਾਂ ਸ਼ੁਰੂ ਕਰੀਏ ਤਾਂ ਦੁਨੀਆਂ ਨੂੰ ਹੋਰ ਜ਼ਿਆਦਾ ਖੁਸ਼ਹਾਲ ਅਤੇ ਸੋਹਣਾ ਬਣਾਉਣ ਵਿਚ ਹਿੱਸਾ ਪਾਵਾਂਗੇ।

ਸਾਥੀਆਂ ਦੇ ਉਸਾਰੂ ਵਿਚਾਰਾਂ ਦੀ ਉਡੀਕ ਰਹੇਗੀ।

● ਖ਼ਲਾਅ ਧਰਤੀ ਤੇ ਸੂਰਜ ਵਿਚਲਾ ਖਲਾਅ
ਨਹੀਂ ਹੈ ਉਸ ਲਈ ਜੋ ਕਹਿਕਸ਼ਾਂ ਦੀਆਂ
ਬਾਰੀਆਂ ਵਿਚੋਂ ਹਨਾਂ ਨੂੰ ਦੇਖਦਾ ਹੈ।

ਬਾਗੀ ਸੀਤਾ/ਸਾਧੂ

ਦੋਂਹ ਯੁੱਗਾਂ 'ਚ ਜੀ ਰਿਹਾ
ਮੇਰੇ ਪਿੰਡ ਦਾ ਜੋ ਬੰਦਾ
ਨਸ਼ੇ ਨਾਲ ਰੱਜ ਅੱਧੀ ਰਾਤੀਂ ਬਾਹਰੋਂ ਆਵੇ
ਦਹਿਲੀਜ਼ ਦੇ ਅੰਦਰ ਪੈਰ ਰੱਖਦਿਆਂ
ਪਤਨੀ ਤੋਂ ਸੀਤਾ ਹੋਣ ਦੀ ਜੋਰੀਂ ਮੰਗ ਕਰੇ
ਖੁਦ ਨੂੰ ਧੱਕੇ ਨਾਲ ਰਾਮ ਕਹਾਵੇ
ਬਾਹਰੋਂ ਗੰਦ ਦੇਖਦੀਆਂ ਆਈਆਂ
ਨਸ਼ਿਆਈਆਂ ਅੱਖਾਂ ਨੂੰ
ਸੀਤਾ ਦਾ ਦਾਮਨ ਦਾਗੀ ਦਿੱਸਦਾ
ਸ਼ਰਾਬੀ ਰਾਮ ਨਿੱਤ ਚਾਹੇ
ਸੀਤਾ ਨੂੰ ਅਗਨੀ ਪ੍ਰੀਖਿਆ 'ਚੋਂ ਲੰਘਾਉਂਦਾ
ਅਕਸਰ ਇਕ ਅੱਧ ਸੀਤਾ
ਇਸ ਪ੍ਰੀਖਿਆ ਤੋਂ ਮੁਕਰ ਜਾਵੇ
'ਭਗਵਾਨ' ਰਾਮ 'ਤੇ ਸਵਾਲਾਂ ਦਾ ਮੀਂਹ ਵਰ੍ਹਾਵੇ
ਰੋਜ਼ ਰਾਤ ਹੀ ਕਿਸੇ ਰਾਮ ਦੀ ਗੱਦੀ ਖੁੱਸ ਜਾਵੇ
ਰੋਜ਼ ਸਵੇਰੇ ਧਰਮੀ ਲੋਕ ਵਿਚਾਰਾਂ ਕਰਦੇ
ਕਲਯੁੱਗ ਸੀਤਾ ਦੀ ਕਿੰਝ ਮੱਤ ਮਾਰੀ ਜਾਵੇ।

ਕਰਤਾਰ ਫੋਟੋ ਸਟੂਡੀਓ
1 HOUR PHOTO SERVICE
KARTAR PHOTO STUDIO
4279 - Fraser St. (27th Ave.)
Vancouver, B.C.
We Do Passport, 5 Mins. Service,
Portrait Photos & Weddings
Off; 872-6060



FREE!! FREE!!!
1-5×7 STUDIO PORTRAIT
$15.00 Value-- Free with this Coupon
With any Photo

To protect your family, your mortgage, or to ensure your childrens' education, for an RRSP or an annuity, contact:

AVTAR S. RANDHAWA
B.A., B.T.



AVTAR S. RANDHAWA

Metropolitan Insurance Companies

AVTAR S. RANDHAWA
687-5871 (office) or 325-3562 (Residence)
700-1176 W. GEORGIA ST. VANCOUVER.

ਫ਼ਿਲਮ ਐਕਟਿੰਗ-ਕਲਾ ਦੀ ਸਿਖਲਾਈ ਪ੍ਰਾਪਤ ਕਰਨ ਲਈ ਤੇ ਫ਼ਿਲਮ ਵਿਚ ਰੋਲ ਕਰਨ ਲਈ

ਸੁਨਹਿਰੀ ਮੌਕਾ

ਪ੍ਰਸਿੱਧ ਲੇਖਕ ਤੇ ਫਿਲਮ ਨਿਰਦੇਸ਼ਕ **ਡਾਕਟਰ ਸੁਰਜੀਤ ਸਿੰਘ ਸੇਠੀ ਦੋ ਫ਼ਿਲਮਾਂ ਬਣਾ ਰਹੇ ਹਨ।** 'ਸਰਗੋਸ਼ੀਆਂ' (ਹਿੰਦੀ) ਸ਼ੁਰੂ ਹੋ ਚੁਕੀ ਹੈ। ਪੰਜ ਦਿਨਾਂ ਦੀ ਸ਼ੂਟਿੰਗ ਹੋ ਚੁਕੀ ਹੈ ਤੇ ਚਾਰ ਗੀਤ ਰੀਕਾਰਡ ਹੋ ਚੁਕੇ ਹਨ। **'ਉੱਚੇ ਬੁਰਜ ਲਾਹੌਰ ਕੇ'** (ਹਿੰਦੀ ਤੇ ਅੰਗਰੇਜ਼ੀ) ਹਾਲਾਂ ਸ਼ੁਰੂ ਹੋਣ ਵਾਲੀ ਹੈ। 'ਸਰਗੋਸ਼ੀਆਂ' ਵਿਚ ਵਿਨੋਦ ਮਹਿਰਾ, ਰੋਹਨ ਕਪੂਰ, ਅਰਚਨਾ ਜੋਗਲੇਕਰ, ਕੋਮਲ ਮਹੂਵਾਕਰ ਤੇ ਧਰਮੇਂਦਰ ਬਹੁਤ ਸਾਰੇ ਨਵੇਂ ਚਿਹਰਿਆਂ ਸਮੇਤ ਕੰਮ ਕਰ ਰਹੇ ਹਨ। ਰਾਜ ਬੱਬਰ ਤੇ ਗੋਵਿੰਦਾ ਮਹਿਮਾਨ ਕਲਾਕਾਰ ਹਨ। 'ਉੱਚੇ ਬੁਰਜ ਲਾਹੌਰ ਕੇ' ਵਿਚ ਸਾਰੇ ਨਵੇਂ ਕਲਾਕਾਰ ਹਨ।

ਜਿਨ੍ਹਾਂ ਨਵੇਂ ਕਲਾਕਾਰਾਂ ਨੂੰ ਇਨ੍ਹਾਂ ਫਿਲਮਾਂ ਵਿਚ ਕੰਮ ਕਰਨ ਲਈ ਚੁਣਿਆ ਜਾਏਗਾ ਉਨ੍ਹਾਂ ਨੂੰ ਗਰੁੱਪ ਨੰ: 1 (ਸਰਗੋਸ਼ੀਆਂ ਗਰੁੱਪ) ਜਾਂ ਗਰੁੱਪ ਨੰ: 2 (ਉੱਚੇ ਬੁਰਜ ਲਾਹੌਰ ਕੇ ਗਰੁਪ) ਦਾ ਮੈਂਬਰ ਬਣਨਾ ਪਵੇਗਾ। ਦੋਹਾਂ ਗਰੁੱਪਾਂ ਦੇ ਮੈਂਬਰਾਂ ਦੀ ਚੋਣ ਇਕੋ ਸਮੇਂ ਹੋਏਗੀ। ਹਰ ਮੈਂਬਰ ਨੂੰ 2000 ਡਾਲਰ (ਅਮਰੀਕਨ) ਪੇਸ਼ਗੀ ਜਮ੍ਹਾਂ ਕਰਾਉਣੇ ਪੈਣਗੇ। ਇਸ ਰਕਮ ਨਾਲ ਮੈਂਬਰ ਆਪਣੇ ਗਰੁਪ ਦੀ ਫਿਲਮ ਦੇ ਮੁਨਾਫੇ ਵਿਚ ਹਿਸੇਦਾਰ ਬਣ ਸਕੇਗਾ। ਵਧੇਰੇ ਵੇਰਵੇ ਲਈ ਹੇਠ ਲਿਖੇ ਪਤੇ ਤੇ ਸੰਪਰਕ ਪੈਦਾ ਕਰੋ

ਡਾਕਟਰ ਸੁਰਜੀਤ ਸਿੰਘ ਸੇਠੀ
13—A, Solano Park
Davis, California - 95616
U.S.A.
Ph. (916) 753-6702

ਏ. ਡੀ. ਬਾਰੀਆ ਐਲ. ਐਲ. ਬੀ.

ਵਕੀਲ

ਜੋ ਤੁਹਾਡੇ ਨਾਲ ਪੰਜਾਬੀ ਵਿਚ ਗੱਲਬਾਤ ਕਰ ਸਕਦੇ ਹਨ

- ਪਰਸਨਲ ਸੱਟਾਂ
- ਫੈਮਿਲੀ ਮਾਮਲੇ ਤੇ ਡਾਈਵੋਰਸ
- ਰੀਅਲ ਇਸਟੇਟ ਦੇ ਮਾਮਲੇ

ਹੋਰ ਕਿਸੇ ਵੀ ਕਾਨੂੰਨੀ ਸਲਾਹ ਲਈ ਮਿਲੋ — ਮਸ਼ਵਰਾ ਮੁਫ਼ਤ ਦੇਣਗੇ

Arsad Dara Baria LL.B.
Lawyer
Ste. 209-6330 Fraser St., Vancouver, B.C.
Ph. 321-8300

ਗ੍ਰੰਥੀ ਦੀ ਲੋੜ

ਗੁਰੂਘਰ ਡੰਕਨ, ਬੀ. ਸੀ. ਵਿਖੇ ਗ੍ਰੰਥੀ ਸਾਹਿਬ ਦੀ ਸ਼ੀਘਰ ਲੋੜ ਹੈ। ਇਸ ਉਤਮ ਸੇਵਾ ਲਈ ਚਾਹਵਾਨ ਸਜਣ ਹੇਠ ਲਿਖੇ ਐਡਰੈਸ ਤੇ ਚਿੱਠੀ ਪੱਤਰ ਰਾਹੀਂ ਜਾਂ ਫੋਨ ਤੇ ਗਲਬਾਤ ਰਾਹੀਂ ਤਾਲਮੇਲ ਕਰ ਸਕਦੇ ਹਨ। ਤਨਖਾਹ ਯੋਗਤਾ ਅਨੁਸਾਰ ਦਿੱਤੀ ਜਾਵੇਗੀ। ਚਿੱਠੀ ਵਿਚ ਪੂਰੀ ਪੂਰੀ ਯੋਗਤਾ, ਐਡਰੈਸ ਅਤੇ ਫੋਨ ਜ਼ਰੂਰ ਲਿਖਿਆ ਜਾਵੇ। ਧੰਨਵਾਦ ਸਹਿਤ।

ਸ਼ੁਭਚਿੰਤਕ
ਪ੍ਰਧਾਨ - ਕਰਤਾਰ ਸਿੰਘ ਸੰਘਾ

ਫੋਨ — 746-4868
746-5113

V.I. Cultural Society
Sikh Temple
3210 Sherman Road
Duncan, B.C. V9L 4B4

NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- R R S P

Malkiat Mutti
representative
320, 815 West Hastings St.
Vancouver, B.C. V6C 2W1

Bus. 685-9335
Res. 522-7167

A Lifetime of Memories

ਵਿਆਹ ਅਤੇ ਪਾਰਟੀਆਂ ਅਤੇ ਹੋਰ ਯਾਦਗਾਰੀ ਮੌਕਿਆਂ ਲਈ
ਪੋਰਟਰੇਟ ਖਾਸ ਰਿਆਇਤ ਤੇ
ਹੋਰ ਹਰ ਤਰ੍ਹਾਂ ਦੀ ਫੋਟੋਗਰਾਫੀ ਲਈ ਸਸਤੇ ਰੇਟ

Portraits by
Andrew W. Simpson
Master of Photographic Arts


Clearbrook Photographic Arts Inc.
2623 Cedar Park Place Clearbrook, B.C. V2J 3S4
Ph. 859-4222

ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

AUTHORIZED AGENTS FOR:

AIR CANADA
BRITISH AIRWAYS
CANADIAN AIRLINES INTERNATIONAL
THAI AIRWAYS INTERNATIONAL
& OTHER MAJOR AIRLINES.
CATHAY PACIFIC



ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ਼੍ਰੀ ਲੰਕਾ, ਫਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ
ਘੱਟ ਤੋਂ ਘੱਟ ਕਿਰਾਏ
ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

CALL TOLL FREE **1-800-663-6699** (B.C. & ALBERTA)

Prices are subject to change without notice

BAINS TRAVEL SERVICE

6364 Fraser Street, Vancouver, B.C. Ph. 324-2277	**935 Marine Drive Capilano Mall, N. Vancouver**	**1710 Douglas St. Victoria, B.C. Ph. 386-6363**

ਪੰਜਾਬੀ ਮਾਰਕਿਟ ਵਿਚ

ਮਾਨ ਸ਼ੂਅ ਸਟੋਰ

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ, ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

MENS, LADIES & CHILDRENS' SHOES AND LEATHER LUGGAGE & ACCESSORIES

Mohinder Singh Mann
ਮੁਹਿੰਦਰ ਸਿੰਘ ਮਾਨ
321-4353

MANN SHOE STORE
6570 MAIN ST., VANCOUVER, B.C.

ਕੌਂਟੀਨੈਂਟਲ ਟਰਾਂਸਪੋਰਟ ਕੰਪਨੀ (ਟਰਾਂਟੋ)

ਦੇ ਮਾਲਕ

ਸੀਤਲ ਢਿੱਲੋਂ ਬੜੇ ਫ਼ਖਰ ਨਾਲ ਪੇਸ਼ ਕਰਦੇ ਹਨ

ਵੈਨਕੂਵਰ ਵਿਚ ਪਹਿਲੀ ਵਾਰ ਇੰਗਲੈਂਡ ਦਾ

ਮਸ਼ਹੂਰ ਤੇ ਹਰਮਨ ਪਿਆਰਾ ਪੰਜਾਬੀ ਗਰੁੱਪ

ਜਿਸਦੇ ਗੀਤ ਹਰ ਮਹਿਫ਼ਲ ਅਤੇ ਹਰ ਪਾਰਟੀ ਵਿਚ ਗਾਏ ਜਾਂਦੇ ਹਨ

TICKETS:
$10, $15, $20, $25

'ਗੋਲਡਨ ਸਟਾਰ'

ਮਲਕੀਤ ਤੇ ਕਮਲਜੀਤ



ਇਹ ਸ਼ੋਅ ਪ੍ਰੋ: ਇੰਦਰਜੀਤ ਸਿੰਘ ਦੀ ਡਾਇਰੈਕਸ਼ਨ ਵਿਚ ਹੋਵੇਗਾ ਅਤੇ ਇੰਡੀਆ ਦਾ ਮਸ਼ਹੂਰ ਢੋਲੀ ਹਰਬੰਸ ਲਾਲ ਕਾਕੂ ਵੀ ਪਹੁੰਚ ਰਿਹਾ ਹੈ।





ਕਮਲਜੀਤ ਨੀਰੂ

ਸਕਿਓਰਿਟੀ ਦਾ ਖਾਸ ਇੰਤਜ਼ਾਮ ਕੀਤਾ ਹੈ

ਐਤਵਾਰ 10 ਅਪ੍ਰੈਲ, 1988 ਸ਼ਾਮ ਦੇ 6:30 ਵਜੇ

AT ORPHEUM THEATRE

865 SEYMOUR ST., VANCOUVER, B.C.

ਪੰਜਾਬੀ ਯੂਨੀਵਰਸਿਟੀ ਦਾ ਐਵਾਰਡ ਜੇਤੂ ਸਿੰਗਰ, ਜਿਸ ਨੇ ਕੁਝ ਹੀ ਸਾਲਾਂ ਵਿਚ ਇੰਗਲੈਂਡ ਵਿਚ ਆਪਣੀ ਸੁਰੀਲੀ ਆਵਾਜ਼ ਨਾਲ ਧੁੰਮਾਂ ਪਾ ਦਿੱਤੀਆਂ, ਜਿਸ ਦੇ ਗੀਤ ਇੰਗਲੈਂਡ, ਕਨੇਡਾ, ਅਮਰੀਕਾ ਘਰ ਘਰ ਗੂੰਜ ਰਹੇ ਹਨ 'ਗੁੜ ਨਾਲੋਂ ਇਸ਼ਕ ਮਿੱਠਾ', ਆਦਿ ਗੀਤ ਜੋਕਿ ਬਹੁਤ ਹੀ ਮਸ਼ਹੂਰ ਹਨ।

ਇਹ ਇਕ ਪ੍ਰੀਵਾਰਿਕ ਸ਼ੋਅ ਹੈ ਜੋ 10 ਅਪਰੈਲ ਦਿਨ ਐਤਵਾਰ ਨੂੰ ਔਰਫੀਅਮ ਥੀਏਟਰ ਵਿਚ ਹੋ ਰਿਹਾ ਹੈ


ਹੋਰ ਜਾਣਕਾਰੀ ਲਈ ਗੁਰਪਾਲ ਮਾਨ ਜਾਂ ਸੀਤਲ ਢਿੱਲੋਂ ਨੂੰ ਫ਼ੋਨ ਕਰੋ

ਸੀਤਲ ਢਿੱਲੋਂ (416)670-1061

ਗੁਰਪਾਲ ਮਾਨ (604)321-6667

• ਨੋਟ - ਵੈਨਕੂਵਰ ਦੀ ਮਸ਼ਹੂਰ ਸਾਊਂਡ ਸਿਸਟਮ ਕੰਪਨੀ

KIAN SOUND CO. ਦਾ ਸਾਊਂਡ ਦਾ ਪ੍ਰਬੰਧ ਹੋਵੇਗਾ



ਪੰਜਾਬ ਦੀ ਧਰਤੀ ਨਾਲ ਜੁੜੀ ਫ਼ਿਲਮ

ਵਾਰਿਸ



ਪੰਜਾਬ ਦੀ ਨੂੰਹ ਸਮਿਤਾ ਪਾਟਿਲ ਫਿਲਮ 'ਵਾਰਿਸ' ਵਿਚ

ਸਮਿਤਾ ਪਾਟਿਲ ਦੀ ਫਿਲਮ 'ਵਾਰਿਸ' ਇਹਨੀਂ ਦਿਨੀਂ ਹਰ ਪਾਸੇ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਹ ਫਿਲਮ ਯੋਗਰਾਜ ਸੇਢਾ, ਬਲਦੇਵ ਗਿੱਲ ਅਤੇ ਜੀ ਐਸ ਚੀਮਾ ਦੀ ਉਸੇ ਟੀਮ ਨੇ ਬਣਾਈ ਹੈ ਜਿਸ ਨੇ ਕੁਝ ਵਰ੍ਹੇ ਪਹਿਲਾਂ 'ਚੰਨ ਪ੍ਰਦੇਸੀ' ਨਾਂ ਦੀ ਯਾਦਗਾਰੀ ਫਿਲਮ ਦਾ ਨਿਰਮਾਣ ਕੀਤਾ ਸੀ। ਉਤਰੀ ਭਾਰਤ ਵਿਚ ਇਸ ਫਿਲਮ ਦੀ ਰੀਲੀਜ਼ ਦੀ ਬੇਸਬਰੀ ਨਾਲ ਉਡੀਕ ਦਾ ਕਾਰਨ ਇਹ ਵੀ ਹੈ ਕਿ ਇਸ ਫਿਲਮ ਦਾ ਸਬਜੈਕਟ ਪੰਜਾਬ ਨਾਲ ਜੁੜਿਆ ਹੋਇਆ ਹੈ, ਇਸ ਦੇ ਪਾਤਰ ਪੰਜਾਬੀਅਤ ਵਿਚ ਰੰਗੇ ਹੋਏ ਨਜ਼ਰ ਆਉਂਦੇ ਹਨ, ਇਸ ਦਾ ਸਮੁੱਚਾ ਵਾਤਾਵਰਣ ਪੰਜਾਬੀ ਹੈ — ਭਾਸ਼ਾ ਕੇਵਲ ਹਿੰਦੀ ਹੈ, ਪਰ ਉਸ ਵਿਚੋਂ ਵੀ ਪੰਜਾਬੀ ਦੀ ਖੁਸ਼ਬੋ ਆਉਂਦੀ ਹੈ।

'ਮੁਕਲਾਵਾ' 'ਵਾਰਿਸ' 'ਚ ਤਬਦੀਲ

'ਚੰਨ ਪ੍ਰਦੇਸੀ' ਦੀ ਸਫਲਤਾ ਤੋਂ ਬਾਅਦ ਇਸ ਦੇ ਨਿਰਮਾਤਾਵਾਂ ਦੀ ਟੀਮ ਨੇ 'ਮੁਕਲਾਵਾ' ਨਾਂ ਦੀ ਪੰਜਾਬੀ ਫਿਲਮ ਬਣਾਉਣ ਦਾ ਐਲਾਨ ਕੀਤਾ ਸੀ, ਜਿਸ ਵਿਚ 'ਚੰਨ ਪ੍ਰਦੇਸੀ' ਦੀ ਪ੍ਰਸਿਧੀ ਪ੍ਰਾਪਤ ਹੀਰੋਇਨ ਰਮਾਵਿਜ ਨੂੰ ਕੇਂਦਰੀ ਰੋਲ ਲਈ ਚੁਣਿਆ ਗਿਆ ਸੀ। ਇਹ ਵੀ ਐਲਾਨ ਕੀਤਾ ਗਿਆ ਸੀ ਕਿ ਇਸ ਫਿਲਮ ਦੇ ਸਬਜੈਕਟ ਦੀ ਐਡੋਪਸ਼ਨ ਪੰਜਾਬੀ ਦੇ ਇਕ ਅਖਬਾਰ ਵਿਚ ਛਪ ਚੁਕੇ ਸੋਹਣ ਸਿੰਘ ਹੰਸ ਦੇ ਨਾਵਲ 'ਕਾਰੇ-ਹੱਥੀਂ' ਤੋਂ ਕੀਤੀ ਜਾ ਰਹੀ ਹੈ। ਫਿਰ ਐਲਾਨ ਹੋਇਆ ਕਿ 'ਮੁਕਲਾਵਾ' ਦਾ ਪ੍ਰਾਜੈਕਟ ਬੰਦ ਕਰ ਦਿਤਾ ਗਿਆ ਹੈ ਤੇ 'ਵਾਰਿਸ' ਸ਼ੁਰੂ ਹੋ ਗਈ। ਪਤਾ ਚਲਿਆ ਕਿ ਨਿਰਮਾਤਾਵਾਂ ਦੇ ਦੋਸਤਾਂ ਰਾਜ ਬੱਬਰ ਤੇ ਨਿਰਦੇਸ਼ਕ ਰਵਿੰਦਰ ਪੀਪਟ ਆਦਿ ਨੇ ਉਹਨਾਂ ਨੂੰ ਸਲਾਹ ਦਿੱਤੀ ਕਿ ਪੰਜਾਬ ਦੇ ਸਭਿਆਚਾਰ ਤੇ ਸੁਭਾਅ ਨਾਲ ਸੰਬੰਧਤ ਇਸ ਪਾਵਰਫੁਲ ਸਬਜੈਕਟ ਨੂੰ ਹਿੰਦੀ ਵਿਚ ਬਣਾਉਣਾ ਇਕ ਬਹੁਤ ਵੱਡੀ ਗੱਲ ਹੋਵੇਗੀ। 'ਵਾਰਿਸ' ਵਿਚ ਰਮਾਵਿਜ ਦੀ ਥਾਂ ਸਮਿਤਾ ਪਾਟਿਲ ਆ ਗਈ — ਸਪੋਰਟਿੰਗ ਕਾਸਟ ਵਿਚ ਰਾਜ ਬੱਬਰ, ਅੰਮ੍ਰਿਤਾ ਸਿੰਘ, ਅਮਰੀਸ਼ ਪੁਰੀ, ਕੁਲਭੂਸ਼ਨ ਖਰਬੰਦਾ, ਰਾਜ ਕਿਰਨ, ਪ੍ਰਦੀਪ ਕੁਮਾਰ ਤੇ ਸੁਸ਼ਮਾ ਸੇਠ ਸ਼ਾਮਲ ਕੀਤੇ ਗਏ ਕੈਮਰਾਮੈਨ 'ਚੰਨ ਪ੍ਰਦੇਸੀ' ਵਾਲਾ ਮਨਮੋਹਣ ਸਿੰਘ ਲਿਆ ਗਿਆ ਜੋ 'ਬੇਤਾਬ' 'ਸੌਤਨ' ਤੇ 'ਲਾਵਾ' ਜਿਹੀਆਂ ਫਿਲਮਾਂ ਵਿਚ ਫੋਟੋਗਰਾਫੀ ਦਾ ਕਮਾਲ ਦਿਖਾ ਕੇ ਇੰਡਸਟਰੀ ਦੇ ਪਹਿਲੀ ਸ਼੍ਰੇਣੀ ਦੇ ਕੈਮਰਾਮੈਨਾਂ ਵਿਚ ਆਪਣਾ ਨਾਂ ਦਰਜ ਕਰ ਚੁਕਾ ਹੈ। ਪੰਜਾਬ ਵਿਚ ਗੜਬੜ ਵਾਲਾ ਮਾਹੌਲ ਹੋਣ ਕਾਰਨ 'ਵਾਰਿਸ' ਦੀ ਸ਼ੂਟਿੰਗ ਹਰਿਆਣਾ ਵਿਚ ਕਰਨਾਲ ਨੇੜਲੇ ਪਿੰਡਾਂ ਵਿਚ ਸ਼ੁਰੂ ਕਰ ਦਿੱਤੀ ਗਈ। ਫਿਲਮ ਦੇ ਨਿਰਮਾਣ ਦੌਰਾਨ ਹੀ ਨਾਵਲ 'ਕਾਰੇ-ਹੱਥੀਂ' ਦੇ ਲੇਖਕ ਸੋਹਣ ਸਿੰਘ ਹੰਸ ਤੇ ਨਿਰਮਾਤਾਵਾਂ ਵਿਚਕਾਰ ਨੋਟਿਸਬਾਜ਼ੀ ਸ਼ੁਰੂ ਹੋ ਗਈ। ਹੰਸ ਦਾ ਕਹਿਣਾ ਸੀ ਕਿ ਉਸ ਨੂੰ ਪੈਸੇ ਪੰਜਾਬੀ ਫਿਲਮ ਦੇ ਮਿਲੇ ਹਨ ਜਦ ਕਿ ਹਿੰਦੀ ਫਿਲਮ ਲਈ ਜ਼ਿਆਦਾ ਪੈਸੇ ਮਿਲਣੇ ਚਾਹੀਦੇ ਹਨ। ਦੂਜੇ ਪਾਸੇ ਫਿਲਮ ਦੇ ਲੇਖਕ ਬਲਦੇਵ ਗਿੱਲ ਦਾ ਦਾਅਵਾ ਸੀ ਕਿ ਉਸ ਦਾ ਸਕ੍ਰਿਪਟ ਨਾਵਲ ਨਾਲ ਬਿਲਕੁੱਲ ਮੇਲ ਨਹੀਂ ਖਾਂਦਾ। ਫਿਲਮ ਦੀ ਕਹਾਣੀ ਉਸ ਨੇ ਉਸੇ 'ਮਿਥ' ਨੂੰ ਲੈ ਕੇ ਲਿਖੀ ਹੈ ਜਿਸ ਤੋਂ ਪ੍ਰਭਾਵਤ ਹੋ ਕੇ ਹੰਸ ਨੇ ਨਾਵਲ ਲਿਖਿਆ ਤੇ ਇਹ 'ਮਿਥ' ਕਈ ਸਾਲਾਂ ਤੋਂ ਪੰਜਾਬ ਵਿਚ ਪ੍ਰਚਲਿਤ ਹੈ। ਨਿਰਮਾਤਾਵਾਂ ਦਾ ਕਹਿਣਾ ਹੈ ਕਿ ਹੰਸ ਨੂੰ ਕੁਝ ਲੋਕੀਂ ਖਾਹਮ-ਖਾਹ ਚੱਕ-ਥੱਲ ਕਰ ਰਹੇ ਹਨ ਹਾਲਾਂ ਕਿ ਉਹ ਮਾਣ-ਸਤਿਕਾਰ ਵਜੋਂ ਹੰਸ ਦਾ ਨਾਂ ਫਿਲਮ ਦੇ ਟਾਈਟਲਾਂ ਵਿਚ ਦੇਣ ਨੂੰ ਤਿਆਰ ਹਨ।

ਭੈਣ ਦੇ ਸਹੁਰੇ ਨਾਲ ਵਿਆਹ

'ਵਾਰਿਸ' ਦੀ ਕਹਾਣੀ ਪੰਜਾਬ ਦੀ ਪ੍ਰਚਲਿਤ 'ਮਿਥ' ਨਾਲ ਜੁੜੀ ਹੋਈ ਹੈ ਜਿਸ ਵਿਚ ਵਿਧਵਾ ਔਰਤ ਸ਼ਰੀਕਾਂ ਹੱਥੋਂ ਜ਼ਮੀਨ ਬਚਾਉਣ ਲਈ ਆਪਣੀ ਭੈਣ ਦਾ ਵਿਆਹ ਆਪਣੇ ਸਹੁਰੇ ਨਾਲ ਕਰ ਦਿੰਦੀ ਹੈ।

'ਵਾਰਿਸ' ਦੀ ਕਹਾਣੀ ਦੂੱਲਾ (ਅਮਰੀਸ਼ ਪੁਰੀ) ਹੱਥੋਂ ਆਪਣੇ ਬਾਪ ਠਾਕਰ ਕਿਸ਼ਨ ਸਿੰਘ (ਪ੍ਰਦੀਪ ਕੁਮਾਰ) ਦੇ ਕਤਲ ਨਾਲ ਸ਼ੁਰੂ ਹੁੰਦੀ ਹੈ। ਕਤਲ ਦਾ ਕਾਰਨ ਇਹ ਸੀ ਕਿ ਕਿਸ਼ਨ ਸਿੰਘ ਆਪਣੇ ਨਲਾਇਕ ਬੇਟੇ ਦੂੱਲੇ ਅਤੇ ਉਸ ਦੀ ਨਲਾਇਕ ਔਲਾਦ ਹੱਥੋਂ ਤੰਗ ਆ ਕੇ ਆਪਣੀ ਸਾਰੀ ਜ਼ਮੀਨ ਦੀ ਵਸੀਅਤ ਆਪਣੇ ਦੂਜੇ ਪੁੱਤਰ ਗੱਜਣ (ਕੁਲਭੂਸ਼ਨ ਖਰਬੰਦਾ) ਦੇ ਇਕਲੌਤੇ ਬੇਟੇ ਸਰਵਣ (ਰਾਜ ਕਿਰਨ) ਦੇ ਨਾਂ ਕਰ ਜਾਂਦਾ ਹੈ।

ਇਕ ਮੇਲੇ ਵਿਚ ਪਾਰੋ (ਸਮਿਤਾ ਪਾਟਿਲ) ਦੀਆਂ ਅੱਖਾਂ ਸਰਵਣ ਨਾਲ ਮਿਲਦੀਆਂ ਹਨ ਤੇ ਕੁਝ ਸਮੇਂ ਬਾਦ ਦੋਹਾਂ ਦੀ ਸ਼ਾਦੀ ਹੋ ਜਾਂਦੀ ਹੈ। ਸ਼ਾਦੀ ਪਿਛੋਂ ਪਤੀ ਪਤਨੀ ਦੇ ਮਿਲਣ ਤੋਂ ਪਹਿਲਾਂ ਹੀ ਦੂੱਲਾ ਅਤੇ ਉਸ ਦੇ ਲੜਕੇ ਸਰਵਣ ਨੂੰ ਕਤਲ ਕਰ ਦਿੰਦੇ ਹਨ ਤਾਂ ਜੋ ਉਹ ਸਾਰੀ ਜ਼ਮੀਨ ਦੇ ਵਾਰਿਸ ਬਣ ਜਾਣ। ਗੱਜਣ ਅਤੇ ਪਾਰੋ ਉਤੇ ਮੁਸੀਬਤਾਂ ਦੇ ਪਹਾੜ ਟੁੱਟ ਪੈਂਦੇ ਹਨ। ਕੁਝ ਸਮਾਂ ਤਾਂ ਉਹ ਦੁਸ਼ਮਣ ਸ਼ਰੀਕਾਂ ਦੇ ਜ਼ੁਲਮ ਨੂੰ ਰੱਬ ਦਾ ਭਾਣਾ ਮੰਨ ਕੇ ਬਰਦਾਸ਼ਤ ਕਰੀ ਜਾਂਦੀ ਹੈ। ਪਰ ਜਦ ਜ਼ੁਲਮ ਦੀ ਅੱਤ ਹੋ ਜਾਂਦੀ ਹੈ ਤਾਂ ਉਸ ਅੰਦਰੋਂ ਇਕ ਸ਼ਕਤੀ ਜਾਗਦੀ ਹੈ ਤੇ ਉਹ ਚੰਡੀ ਦਾ ਰੂਪ ਧਾਰ ਕੇ ਦੁਸ਼ਮਣਾਂ ਦੇ ਮੁਕਾਬਲੇ ਆ ਖੜੋਂਦੀ ਹੈ। ਦੁਸ਼ਮਣ ਜ਼ਮੀਨ ਦੇ ਵਾਰਿਸ ਨਾ ਬਣ ਜਾਣ, 'ਵਾਰਿਸ' ਪੈਦਾ ਕਰਨ ਲਈ ਉਹ ਆਪਣੀ ਛੋਟੀ ਭੈਣ ਸੀਬੋ (ਅੰਮ੍ਰਿਤਾ ਸਿੰਘ) ਦਾ ਰਿਸ਼ਤਾ ਆਪਣੇ ਸਹੁਰੇ ਗੱਜਣ ਨਾਲ ਕਰ ਦਿੰਦੀ ਹੈ। ਸੀਬੋ ਅਜੇ ਜਵਾਨੀ ਦੀ ਦਹਿਲੀਜ਼ ਤੇ ਕਦਮ ਹੀ ਰਖੇ ਹੁੰਦੇ ਹਨ ਤੇ ਬਿੰਦਰ (ਰਾਜ ਬੱਬਰ) ਨਾਲ ਉਸ ਦਾ ਪ੍ਰੇਮ-ਚੱਕਰ ਚਲ ਰਿਹਾ ਹੁੰਦਾ ਹੈ। ਪਰ ਵੱਡੀ ਭੈਣ ਦੇ ਹਠ ਅੱਗੇ ਸਿਰ ਝੁਕਾਉਂਦਿਆਂ ਉਸ ਨੂੰ ਇਹ ਰਿਸ਼ਤਾ ਕਬੂਲ ਕਰਨਾ ਪੈਂਦਾ ਹੈ। ਉਸ ਦੀ ਕੁਖੋਂ ਵਾਰਿਸ ਦਾ ਜਨਮ ਹੁੰਦਾ ਹੈ, ਗੱਜਣ ਨੂੰ ਦੁਸ਼ਮਣ ਕਤਲ ਕਰ ਦਿੰਦੇ ਹਨ ਤੇ ਦੁਸ਼ਮਣਾਂ ਨਾਲ ਲੋਹਾ ਲੈਂਦੀ ਪਾਰੋ 'ਨੰਨ੍ਹੇ ਵਾਰਿਸ' ਨੂੰ ਬਿੰਦਰ ਦੀ ਝੋਲੀ ਵਿਚ ਪਾ ਕੇ ਖਤਮ ਹੋ ਜਾਂਦੀ ਹੈ। ਬਲਦੇਵ ਗਿੱਲ ਨੇ 'ਵਾਰਿਸ' ਦੇ ਸਬਜੈਕਟ ਬਾਰੇ ਗੱਲ ਛਿੜਦਿਆਂ ਦੱਸਿਆ ਕਿ ਇਸ ਕਹਾਣੀ ਨੂੰ ਦਰਸ਼ਕ ਵਰਗ ਦੀ ਪਸੰਦ ਮੁਤਾਬਿਕ ਹਰ ਰੰਗ ਵਿਚ ਢਾਲਣ ਦਾ ਯਤਨ ਕੀਤਾ ਗਿਆ ਹੈ। ਫਿਲਮ ਵਿਚ ਮਾਰਧਾੜ ਹੈ, ਰੋਮਾਂਸ ਹੈ, ਗੀਤ-ਸੰਗੀਤ ਹੈ ਤੇ ਕਮਾਲ ਦਾ ਇਮੋਸ਼ਨਲ ਡਰਾਮਾ ਹੈ। ਭੈਣ ਦੇ ਸਹੁਰੇ ਨਾਲ ਰਿਸ਼ਤੇ ਵਾਲੀ ਗੱਲ ਨੂੰ ਦਰਸ਼ਕ ਵਰਗ ਬਹੁਤਾ ਮਾਈਂਡ ਨਾ ਕਰੇ ਇਸ ਲਈ ਫਿਲਮ ਵਿਚ ਅੰਮ੍ਰਿਤਾ ਸਿੰਘ ਨੂੰ ਸਮਿਤਾ ਪਾਟਿਲ ਦੀ ਸਕੀ ਭੈਣ ਨਾ ਦਿਖਾ ਕੇ ਉਸ ਦੀ ਮਾਂ ਦੁਆਰਾ ਇਕ ਸਹੇਲੀ ਦੀ ਪਾਲੀ ਹੋਈ ਲੜਕੀ ਵਿਖਾ ਦਿੱਤਾ ਗਿਆ ਹੈ। ਫਿਲਮ ਦਾ ਅੰਤ ਦੁਖਦਾਈ ਬਣਾਉਣ ਲਈ ਅੰਮ੍ਰਿਤਾ ਸਿੰਘ ਤੇ ਰਾਜ ਬੱਬਰ ਦਾ ਮਿਲਣ ਕਰਾ ਦਿੱਤਾ ਗਿਆ ਹੈ।

ਫਿਲਮ ਦਾ 'ਪ੍ਰੀਵਿਊ'

'ਵਾਰਿਸ' ਮੁਕੰਮਲ ਹੋਣ ਤੇ ਨਿਰਮਾਤਾਵਾਂ ਨੇ ਕੇਤਨਵ ਸਟੂਡੀਓ ਵਿਚ ਫਿਲਮ ਦਾ ਪ੍ਰੀਵਿਊ ਰਖਿਆ ਜਿਸ ਵਿਚ ਫਿਲਮੀ ਪੱਤਰਕਾਰਾਂ ਤੇ ਹੋਰ ਕਈ ਹਸਤੀਆਂ ਨੂੰ ਫਿਲਮ ਦਿਖਾਉਣ ਲਈ ਬੁਲਾਇਆ ਗਿਆ।

ਫਿਲਮ ਵਿਚ ਹਰ ਪਾਤਰ ਨੇ ਕਮਾਲ ਦੀ ਐਕਟਿੰਗ ਪ੍ਰਤਿਭਾ ਦਿਖਾਈ ਹੈ। ਹਾਲਾਂ ਕਿ ਸਮਿਤਾ ਪਾਟਿਲ ਹਰ ਫਰੇਮ ਵਿਚ ਹਰ ਕਿਸੇ 'ਤੇ ਹਾਵੀ ਹੈ ਫਿਰ ਵੀ ਦੂੱਲੇ ਦੇ ਰੋਲ ਵਿਚ ਅਮਰੀਸ਼ ਪੁਰੀ, ਗੱਜਣ ਦੇ ਰੂਪ ਵਿਚ ਕੁਲਭੂਸ਼ਨ ਖਰਬੰਦਾ ਤੇ ਸਰਵਣ ਦੇ ਰੋਲ ਵਿਚ ਰਾਜ ਕਿਰਨ ਨੇ ਸ਼ਾਨਦਾਰ ਐਕਟਿੰਗ ਕੀਤੀ ਹੈ। ਰਾਜ ਬੱਬਰ ਤੇ ਅੰਮ੍ਰਿਤਾ ਸਿੰਘ ਦੀ ਰੋਮਾਂਟਿਕ ਜੋੜੀ ਰੋਮਾਂਟਿਕ ਦ੍ਰਿਸ਼ਾਂ 'ਤੇ ਗਾਣਿਆਂ ਵਿਚ ਬਹੁਤ ਖੂਬਸੂਰਤ ਨਜ਼ਰ ਆਉਂਦੀ ਹੈ। ਸਰਦਾਰ ਪੰਛੀ ਅਤੇ ਵਰਮਾ ਮਲਿਕ ਦੇ ਗੀਤਾਂ ਤੇ ਸੰਗੀਤਕਾਰ ਜੋੜੀ ਜਗਦੀਸ਼-ਉੱਤਮ ਨੇ ਬਹੁਤ ਮਿਹਨਤ ਕੀਤੀ ਹੈ। ਭਾਵੇਂ ਇਹੋ ਜਿਹੇ ਪਾਵਰਫੁਲ ਸਬਜੈਕਟ ਵਿਚ ਗੀਤ ਸੰਗੀਤ ਤੋਂ ਬਗੈਰ ਵੀ ਕੰਮ ਚਲਾਇਆ ਜਾ ਸਕਦਾ ਹੈ, ਪਰ ਫਿਲਮ ਦੀ ਹਰ ਗਾਣੇ ਦਾ ਹਰ ਫਰੇਮ ਬਹੁਤ ਵਧੀਆ ਫਿਲਮਾਇਆ ਗਿਆ ਹੈ। ਫਿਲਮ ਦਾ ਗਾਣਾ 'ਮੇਰੇ ਪਿਆਰ ਕੀ ਉਮਰ ਤੋਂ ਇਤਨੀ ਸਨਮ, ਨਾ ਸੋਲਾਹ ਸੇ ਉਪਰ ਨਾ ਸਤਰਾ ਸੇ ਕਮ' ਹਰ ਪਾਸੇ ਵੱਜਦਾ ਸੁਣਾਈ ਦਿੰਦਾ ਹੈ। ਕੁਲ ਮਿਲਾ ਕੇ 'ਵਾਰਿਸ' ਪੰਜਾਬ ਦੀ ਧਰਤੀ ਤੇ ਪੰਜਾਬ ਦੇ ਪਾਤਰਾਂ ਨਾਲ ਜੁੜੀ ਇਕ ਖੂਬਸੂਰਤ ਫਿਲਮ ਹੈ ਜਿਸ ਦੇ ਨਿਰਮਾਣ ਲਈ ਇਸ ਦੇ ਨਿਰਮਾਤਾ ਤੇ ਨਿਰਦੇਸ਼ਕ ਵਧਾਈ ਦੇ ਹੱਕਦਾਰ ਹਨ। ਫਿਲਮ ਦਾ ਨਿਰਦੇਸ਼ਕ ਰਵਿੰਦਰ ਪੀਪਟ, ਨਿਰਮਾਤਾ-ਨਿਰਦੇਸ਼ਕ ਰਾਜ ਕਪੂਰ ਦੀ ਕਮਾਂਡ ਹੇਠ ਕਈ ਸਾਲ ਚੀਫ ਅਸਿਸਟੈਂਟ ਦੇ ਤੌਰ ਤੇ ਕੰਮ ਕਰ ਚੁਕਾ ਹੈ।

'ਵਧੀਆ ਫਿਲਮ ਬਣਾਵਾਂਗੇ'

'ਵਾਰਿਸ' ਦੇ ਐਗਜ਼ੈਕਟਿਵ ਪ੍ਰੋਡਿਊਸਰ ਯੋਗ ਰਾਜ ਸੇਢਾ ਨੇ ਗੱਲਬਾਤ ਦੌਰਾਨ ਦੱਸਿਆ ਕਿ ਉਹ ਤੇ ਉਹਨਾਂ ਨਿਰਮਾਤਾਵਾਂ ਵਾਂਗ ਚਾਲੂ ਕਿਸਮ ਦੀਆਂ ਫਿਲਮਾਂ ਬਣਾ ਕੇ ਲੋਕਾਂ ਦੀਆਂ ਜੇਬਾਂ ਕੱਟਣ ਵਿਚ ਵਿਸ਼ਵਾਸ ਨਹੀਂ ਰੱਖਦੇ। ਉਹਨਾਂ ਨੇ ਪੰਜਾਬੀ ਵਿਚ 'ਚੰਨ ਪ੍ਰਦੇਸੀ' ਬਣਾਈ ਜਿਸ ਨੂੰ ਇਕ 'ਕਲਾਸ' ਫਿਲਮ ਮੰਨਿਆ ਗਿਆ ਤੇ ਫਿਲਮ ਨੇ ਨੈਸ਼ਨਲ ਐਵਾਰਡ ਦੇ ਨਾਲ ਨਾਲ ਹੋਰ ਵੀ ਬਹੁਤ ਸਾਰੇ ਐਵਾਰਡ ਹਾਸਲ ਕੀਤੇ। ਦਰਸ਼ਕਾਂ ਨੇ ਵੀ ਫਿਲਮ ਨੂੰ ਖੂਬ ਸਲਾਹਿਆ। 'ਵਾਰਿਸ' ਦੇ ਮਾਮਲੇ ਵਿਚ ਵੀ ਉਹਨਾਂ ਦਾ ਨਿਸ਼ਾਨਾ ਇਕ ਵਧੀਆ ਵਿਸ਼ੇ ਤੇ ਵਧੀਆ ਫਿਲਮ ਬਣਾਉਣਾ ਸੀ। ਉਹਨਾਂ ਦੀ ਇਹ ਫਿਲਮ ਇਸ ਸਮੇਂ ਰਿਲੀਜ਼ ਲਈ ਤਿਆਰ ਹੈ। ਸੇਢਾ ਨੇ ਕਿਹਾ ਕਿ ਭਵਿੱਖ ਵਿਚ ਵੀ ਉਹ ਵਧੀਆ ਫਿਲਮਾਂ ਹੀ ਬਣਾਉਣਗੇ ਚਾਹੇ ਇਸ ਲਈ ਉਹਨਾਂ ਨੂੰ ਕਿੰਨਾ ਹੀ ਖਤਰਾ ਕਿਉਂ ਨਾ ਮੁੱਲ ਲੈਣਾ ਪਵੇ।

ਯੋਗਰਾਜ ਸੇਢਾ ਨੇ ਦੱਸਿਆ ਕਿ ਸਮਿਤਾ ਪਾਟਿਲ ਨੂੰ 'ਵਾਰਿਸ' ਨਾਲ ਬੜਾ ਲਗਾਅ ਸੀ ਤੇ ਉਹ ਦਰਸ਼ਕਾਂ ਦਾ ਪ੍ਰਤੀਕਰਮ ਦੇਖਣ ਲਈ ਬੜੀ ਉਤਸਕ ਸੀ, ਪਰ ਅਫਸੋਸ ! ਕਿ ਇਸ ਸਮੇਂ ਉਹ ਆਪਣੀ ਇਸ ਕਲਾ-ਕ੍ਰਿਤੀ ਨੂੰ ਵੇਖਣ ਲਈ ਜ਼ਿੰਦਾ ਨਹੀਂ ਹੈ।


ਪੇਸ਼ਕਸ਼ : ਇਕਬਾਲ

GOYAL

Also
IMPORT EXPORT

THE VIDEO KING

4160 FRASER ST., VANCOUVER, B.C. V5V 4E8 PH. 877-7778



ਰਾਜਿੰਦਰ ਗੋਇਲ

Wishes All Readers

A Very Happy and Prosperous **BAISAKHI**

RAMAYANA

.... Ramanand Sagar's Epic TV Series is now available at our store till Episode 17. Buy the full set and cherish its teachings for ever.


DIGITAL TRANSFER

..... of Video Cassettes from **INDIA, PAKISTAN, EAST AFRICA, FIJI, ENGLAND & EUROPE to Local CANADIAN system and vice versa is done** professionally at Guaranteed low priced. **SAME DAY SERVICE** and picture quality is Guaranteed.

YOU KNOW IT!

Our MICROWAVE OVEN
(Panasonic & Toshiba)
PRICES
are Cheapest in Vancouver
SO TRY US!

Best Selling Video Machine



PV - 2700 BK

Now $425.00 only

REALEASED OR RELEASING :

Shyam Benegal's **'SUSMAN'** - ** Shabana Azmi * OM Puri * Kulbhushan Kharbanda*
— Critically-Acclamed Movie

WARIS — ** Smita Patil's Last Film*

SHARAFAT — ** Dharmendra * Hema Malini*

BANDHAN BAAHON KA — ** Raj Kiran * Swapna*
— A Musical Love-Story

Govinda * Shatrughan in* **SHIVA - SHAKTI

ANJAAN RAAHEN — ** Feroze Khan * Asha Parekh * Zahira*

HERCULES — ** Dara Singh * Nishi * Helen*

MAN KI AANKHEN — ** Dharmendra * Waheeda Rehman*

MULZIM — ** Jeetendra * Shatrughan * Hema Malini * Amrita Singh * Kimi Katkar*

MALANGA — ** Sultan Rahe * Mustafa Qureshi*

KASAM — ** Anil Kapoor & Poonam Dhillon*

PYAR KA MANDIR — ** Mithun Chakarvarti's NEW FAMILY DRAMA*

SHOW TICKETS AVAILABLE

*** Malkiat & Kamaljit Punjabi Show ON APRIL 10th at ORPHEUM**

*** Laxmikant-Pyarelal Show ON APRIL 16th At P.N.E.**
BUY NOW TO AVOID DISAPPOINTMENT

GILL VANS

12 ਅਪ੍ਰੈਲ ਤੱਕ

ਫਾਰਮ ਸੀਟਾਂ 'ਤੇ

ਸਪੈਸ਼ਲ ਸੇਲ


4 Seats Reg. **$1250** **$1000.00** Sale Price

5 Seats Reg. **$1400** **$1250.00** Sale Price

ਕਾਰਾਂ ਉਤੇ ਵੀ
ਸਪੈਸ਼ਲ ਸੇਲ

CALL **522-2122** COLLECT

GILL AUTO SALES



7762 - Edmonds St., Burnaby, B.C.

DLR #8220

OPEN MON.—FRI. 9 AM-8 PM — SAT. 9 AM-6 PM — SUN. 10 AM-4 PM

ਪਾਸ਼-ਜੈਮਲ ਪੱਡਾ ਸਪਲੀਮੈਂਟ

ਪਾਸ਼ ਅਤੇ ਜੈਮਲ ਪੱਡਾ ਪੰਜਾਬ ਦੇ ਅਗਾਂਹਵਧੂ ਸਾਹਿਤਕ, ਸੱਭਿਆਚਾਰਕ ਅਤੇ ਰਾਜਨੀਤਕ ਖੇਤਰਾਂ ਵਿਚ ਮੰਨੀਆਂ ਪਰਮੰਨੀਆਂ ਸਖਸ਼ੀਅਤਾਂ ਸਨ। ਜੈਮਲ ਪੱਡਾ ਨੂੰ 17 ਮਾਰਚ 1988 ਦੀ ਸ਼ਾਮ ਨੂੰ ਸਾਢੇ ਸੱਤ ਵਜੇ ਦੇ ਕਰੀਬ ਉਸਦੇ ਪਿੰਡ ਲੱਖਣਕੇ ਪੱਡਾ (ਜ਼ਿਲਾ ਕਪੂਰਥਲਾ) ਵਿਚ ਅਤੇ ਪਾਸ਼ ਨੂੰ 23 ਮਾਰਚ 1988 ਨੂੰ ਸਵੇਰੇ ਅੱਠ ਵਜੇ ਦੇ ਕਰੀਬ ਉਸਦੇ ਪਿੰਡ ਤਲਵੰਡੀ ਸਲੇਮ (ਜ਼ਿਲਾ ਜਲੰਧਰ) ਵਿਚ ਖਾਲਿਸਤਾਨੀ ਦਹਿਸ਼ਤਗਰਦਾਂ ਨੇ ਗੋਲੀਆਂ ਨਾਲ ਸ਼ਹੀਦ ਕਰ ਦਿੱਤਾ। ਕਾਤਲਾਂ ਕੋਲ AK47 ਚੀਨੀ ਰਫਲਾਂ ਸਨ। **ਇਹ ਸਪਲੀਮੈਂਟ ਹੱਕ, ਸੱਚ, ਅਤੇ ਇਨਸਾਫ਼ ਦੇ ਪ੍ਰਤੀਕ ਪਾਸ਼ ਅਤੇ ਜੈਮਲ ਪੱਡਾ ਦੀ ਅਭੁੱਲ ਯਾਦ ਨੂੰ ਸਪਰਪਤ ਹੈ।**

ਪੰਜਾਬੀ ਦੇ ਮਹਾਨ ਸ਼ਾਇਰ ਪਾਸ਼ ਨੇ ਤਿੰਨ ਕਾਵਿ-ਸੰਗ੍ਰਹਿ — **'ਲੋਹ ਕਥਾ'** (1970), **'ਉਡਦੇ ਬਾਜ਼ਾਂ ਮਗਰ'** (1974), **ਅਤੇ 'ਸਾਡੇ ਸਮਿਆਂ ਵਿੱਚ'** (1978) **ਰਚੇ ਸਨ।** ਇੱਕ ਅਗਾਂਹਵਧੂ ਪਰਚੇ 'ਸਿਆੜ' ਦਾ ਉਹ ਸੰਪਾਦਕ ਵੀ ਰਿਹਾ ਹੈ। ਇਨਕਲਾਬੀ ਸਰਗਰਮੀਆਂ ਨਾਲ ਜੁੜਿਆ ਹੋਣ ਕਰਕੇ ਪਾਸ਼ ਕਈ ਵੇਰ ਜਿਹਲਾਂ ਅਤੇ ਇੰਟੈਰੋਗੇਸ਼ਨ ਸੈਂਟਰਾਂ ਵਿਚ ਸਮੇਂ ਦੀ ਹਕੂਮਤ ਦੇ ਜ਼ੁਲਮਾਂ ਦਾ ਸ਼ਿਕਾਰ ਹੁੰਦਾ ਰਿਹਾ ਹੈ। 'ਲੋਹ ਕਥਾ' ਛਪਣ ਸਮੇਂ ਉਹ ਜਿਹਲ ਵਿਚ ਹੀ ਸੀ। 1986 ਵਿੱਚ ਪਾਸ਼ ਕੈਲੇਫੋਰਨੀਆ ਆ ਗਿਆ। ਏਥੇ ਆ ਕੇ ਉਹ ਫਿਰਕੂ ਜਨੂੰਨ ਦੇ ਖਿਲਾਫ਼ ਸੰਘਰਸ਼ ਕਰ ਰਹੀ ਜਥੇਬੰਦੀ 'ਐਂਟੀ 47' ਨਾਲ ਪੂਰੀ ਤਰ੍ਹਾਂ ਜੁੜ ਗਿਆ। ਉਹ ANTI-47 ਵੱਲੋਂ ਪ੍ਰਕਾਸ਼ਤ ਕੀਤੀ ਜਾਣ ਵਾਲੀ ਅਗਾਂਹਵਧੂ ਪੈਂਫਲਿਟਾਂ ਦੀ ਅਕਾਲਕ ਲੜੀ ਦਾ ਸੰਪਾਦਕ ਸੀ। ਜਨਵਰੀ 87 ਵਿਚ ਜਦੋਂ ANTI-47 ਨੇ ਸਾਨਫਰਾਂਸਿਸਕੋ ਵਿੱਚ ਗਦਰ ਮੈਮੋਰੀਅਲ ਤੋਂ ਲੈ ਕੇ ਭਾਰਤੀ ਕਾਂਸੂਲੇਟ ਦੇ ਦਫ਼ਤਰ ਤੱਕ ਜਲੂਸ ਕੱਢਦਿਆਂ ਹੋਇਆਂ, ਖਾਲਿਸਤਾਨੀਆਂ ਦੇ ਖਿਲਾਫ਼ ਮੁਜ਼ਾਹਰਾ ਕੀਤਾ ਤਾਂ ਉਸ ਮੁਜ਼ਾਹਰੇ ਵਿੱਚ ਹੇਠ ਲਿਖੇ ਚਾਰ ਨਾਹਰੇ ਪਾਸ਼ ਨੇ ਸਿਰਜੇ ਸਨ :

1. ਖਾਲਿਸਤਾਨੀ ਕਾਂਗਰਸ ਕੁੱਛੜ
   ਉਹ ਵੀ ਬੁੱਚੜ, ਉਹ ਵੀ ਬੁੱਚੜ
2. ਕਬਰਸਤਾਨ ਜਾਂ ਖਾਲਸਤਾਨ
   ਜਿਉਂਦੇ ਜੀਅ ਕਿਸਨੂੰ ਪਰਵਾਨ
3. ਸਾਮਰਾਜ ਦਾ ਕਬਰਸਤਾਨ
   ਹਿੰਦੂਸਤਾਨ, ਪਾਕਿਸਤਾਨ
4. ਹਮ ਨਹੀਂ ਚਾਹਤੇ ਖਾਲਸਤਾਨ
   ਹਮੇਂ ਨਹੀਂ ਭੂਲਾ ਅਬ ਈਰਾਨ

ਪਾਸ਼ 14 ਅਕਤੂਬਰ 1987 ਨੂੰ ਹਿੰਦੁਸਤਾਨ ਚਲਿਆ ਗਿਆ ਸੀ ਜਿੱਥੇ ਕਿ ਉਹ 23 ਮਾਰਚ 1988 ਨੂੰ ਖਾਲਸਤਾਨੀ ਦਹਿਸ਼ਤਗਰਦਾਂ ਖਿਲਾਫ਼ ਸੰਘਰਸ਼ ਕਰਨ ਵਾਲੇ ਅਗਾਂਹਵਧੂ ਸਾਹਿਤਕਾਰਾਂ, ਪੱਤਰਕਾਰਾਂ ਅਤੇ ਰਾਜਨੀਤਕ ਘੁਲਾਟੀਆਂ — ਸੁਮੀਤ ਸਿੰਘ, ਸੁਖਰਾਜ ਖੱਦਰ, ਬਲਦੇਵ ਮਾਨ, ਚੰਨਣ ਸਿੰਘ ਧੂਤ, ਦਰਸ਼ਨ ਸਿੰਘ ਕੈਨੇਡੀਅਨ ਅਤੇ ਹੋਰ ਸ਼ਹੀਦ ਸਾਥੀਆਂ ਦੀ ਲਿਸਟ ਵਿੱਚ ਸ਼ਾਮਲ ਹੋ ਗਿਆ।


ਜਨਰਲ ਲਾਭ ਸਿੰਘ ਵਾਲੀ ਕਮਾਂਡੋ ਫੋਰਸ ਨੇ ਦਾਅਵਾ ਕੀਤਾ ਹੈ ਕਿ ਉਹਨਾਂ ਨੇ ਪਾਸ਼ ਨੂੰ ਹੇਠ ਲਿਖੇ ਕਾਰਣਾਂ ਕਰਕੇ ਆਪਣਾ ਨਿਸ਼ਾਨਾ ਬਣਾਇਆ : ਪਾਸ਼ ਅਮਰੀਕਾ ਵਿੱਚ ਖਾਲਸਤਾਨੀਆਂ ਦੇ ਖਿਲਾਫ਼ ਪਰਚਾਰ ਕਰਦਾ ਸੀ — ਪਾਸ਼ ਇਨਕਲਾਬੀ ਪਰਚੇ 'ਸੁਰਖ ਰੇਖਾ' ਦਾ ਗੁੱਝਾ ਸੰਪਾਦਕ ਸੀ — ਪਾਸ਼ 'ਸੁਰਖ ਰੇਖਾ' ਵਿੱਚ ਅਮਰੀਕ ਸਿੰਘ ਦੇ ਨਾਮ ਹੇਠ ਖਾਲਸਤਾਨੀਆਂ ਦੇ ਖਿਲਾਫ਼ ਲਿਖਦਾ ਸੀ।

ਜੈਮਲ ਪੱਡਾ ਸਤੰਬਰ 1986 ਵਿੱਚ ਕਾਮਰੇਡ ਬਲਦੇਵ ਮਾਨ ਦੀ ਸ਼ਹਾਦਤ ਤੋਂ ਬਾਅਦ ਇਨਕਲਾਬੀ ਪਰਚੇ 'ਹਿਰਾਵਲ ਦਸਤਾ' ਦਾ ਸੰਪਾਦਕ ਨਿਯੁਕਤ ਕੀਤਾ ਗਿਆ ਸੀ। ਉਹ ਪੰਜਾਬ ਕਿਰਤੀ ਕਿਸਾਨ ਯੂਨੀਅਨ ਦਾ ਪਰਧਾਨ ਵੀ ਸੀ। ਸੁਰੀਲਾ ਗਾਇਕ ਹੋਣ ਦੇ ਨਾਲ ਨਾਲ ਉਹ ਇਕ ਵਧੀਆ ਸ਼ਾਇਰ ਵੀ ਸੀ। ਉਸਦਾ ਇੱਕ ਕਾਵਿ-ਸੰਗ੍ਰਹਿ 'ਲੋਕ-ਪੀੜਾਂ' 1977 ਵਿਚ ਛਪਿਆ ਸੀ। ਜੈਮਲ ਪੱਡਾ ਇਨਕਲਾਬੀ ਏਕਤਾ ਕੇਂਦਰ ਦਾ ਸਰਗਰਮ ਮੈਂਬਰ ਹੋਣ ਕਰਕੇ ਵੀ ਹੋਰ ਅਨੇਕਾਂ ਅਗਾਂਹਵਧੂਆਂ ਵਾਂਗ ਦਹਿਸ਼ਤਗਰਦਾਂ ਦੀ ਅੱਖ ਵਿਚ ਰੜਕਦਾ ਸੀ। ਉਸ ਉਪਰ ਪਹਿਲਾਂ ਵੀ ਕਈ ਵਾਰ ਫਾਇਰਿੰਗ ਹੋ ਚੁੱਕੀ ਸੀ। ਜੈਮਲ ਪੱਡਾ ਤਿੰਨ ਲੜਕੀਆਂ ਅਤੇ ਇਕ ਲੜਕੇ ਦਾ ਪਿਤਾ ਸੀ ਅਤੇ ਪਾਸ਼ ਦੀ ਇਕਲੌਤੀ ਬੱਚੀ ਦਾ ਨਾਂ ਵਿੰਕਲ ਹੈ।

ਪਾਸ਼ ਅਤੇ ਜੈਮਲ ਪੱਡਾ ਦੀ ਸ਼ਹਾਦਤ ਨਾਲ ਦੇਸ-ਪਰਦੇਸ ਵਿੱਚ ਰੋਹ ਅਤੇ ਦੁੱਖ ਦੀ ਜਿਹੜੀ ਲਹਿਰ ਪੈਦਾ ਹੋਈ ਹੈ, ਉਸ ਬਾਰੇ ਫੋਨਾਂ ਰਾਹੀਂ ਪ੍ਰਾਪਤ ਸੂਚਨਾਵਾਂ ਇਹ ਹਨ : 26 ਮਾਰਚ ਨੂੰ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮੰਟਨ ਵਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਯਾਦ ਵਿੱਚ 500 ਦੇ ਕਰੀਬ ਸਰੋਤਿਆਂ ਦੀ ਹਾਜ਼ਰੀ ਵਿਚ ਕੀਤੇ ਗਏ ਸਭਿਆਚਾਰਕ ਪ੍ਰੋਗਰਾਮ ਵਿੱਚ ਪਾਸ਼ ਨੂੰ ਉਸਦੀ ਕਵਿਤਾ 'ਅਸੀਂ ਲੜਾਂਗੇ ਸਾਥੀ' ਅਤੇ ਜੈਮਲ ਪੱਡਾ ਨੂੰ ਉਸਦੀ ਕਵਿਤਾ 'ਮਿੱਤਰਾਂ ਦੀ ਯਾਦ' ਰਾਹੀਂ ਸ਼ਰਧਾਂਜਲੀ ਭੇਟ ਕੀਤੀ ਗਈ। ਇਕਬਾਲ ਰਾਮੂਵਾਲੀਆ ਨੇ ਟੋਰਾਂਟੋ ਵਿੱਚ ਆਪਣੇ ਰੇਡੀਓ ਪ੍ਰੋਗਰਾਮ ਵਿੱਚ ਕਵਿਤਾਵਾਂ ਅਤੇ ਭਾਵੁਕ ਸੁਨੇਹਿਆਂ ਰਾਹੀਂ ਦੋਹਾਂ ਸ਼ਾਇਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਿੱਟੇ ਵਜੋਂ ਇਕਬਾਲ ਨੂੰ ਧਮਕੀਆਂ ਪਹੁੰਚਣ ਦੀ ਸੂਚਨਾ ਮਿਲੀ ਹੈ। WOOLWICH (SE. LONDON, ENGLAND) ਵਿੱਚ IWA (GB) ਵੱਲੋਂ ਅਮਰਜੀਤ ਚੰਦਨ ਦੀ ਪ੍ਰਧਾਨਗੀ ਹੇਠ ਹੋਏ ਕਵੀ ਦਰਬਾਰ ਵਿਚ, 500 ਤੋਂ ਵਧੀਕ ਸਰੋਤਿਆਂ ਦੀ ਹਾਜ਼ਰੀ ਵਿਚ ਪਾਸ਼ ਅਤੇ ਜੈਮਲ ਪੱਡਾ ਨੂੰ ਉਨ੍ਹਾਂ ਦੀਆਂ ਰਚਨਾਵਾਂ ਯਾਹੀਂ ਸ਼ਰਧਾਂਜਲੀ ਭੇਟ ਕੀਤੀ ਗਈ। 17 ਅਪਰੈਲ ਨੂੰ ਸਾਊਥਹਾਲ ਵਿਚ ਇੰਗਲੈਂਡ ਦੀਆਂ ਬਹੁਤ ਸਾਰੀਆਂ ਅਗਾਂਹਵਧੂ ਜਥੇਬੰਦੀਆਂ ਵੱਲੋਂ ਸ਼ਰਧਾਂਜਲੀ ਸਮਾਰੋਹ ਮਨਾਇਆ ਜਾਵੇਗਾ ਜਿਸ ਵਿਚ ਸ਼ਹੀਦ ਪਾਸ਼ ਦੇ ਰੰਗਦਾਰ ਪੋਸਟਰ ਰੀਲੀਜ਼ ਕੀਤੇ ਜਾਣ ਦੀ ਵੀ ਯੋਜਨਾ ਹੈ। ANTI-47 ਕੈਲੇਫੋਰਨੀਆ ਵਲੋਂ ਆਪਣੇ ਸ਼ਹੀਦ ਸਾਥੀ ਪਾਸ਼ ਅਤੇ ਸ਼ਹੀਦ ਪੱਡਾ ਦੀ ਯਾਦ ਵਿੱਚ ਆ ਰਹੇ Week-end ਉਤੇ ਸ਼ਰਧਾਂਜਲੀ ਸਮਾਰੋਹ ਕੀਤਾ ਜਾ ਰਿਹਾ ਹੈ। 23 ਮਾਰਚ ਨੂੰ ਸਵੇਰੇ 10 ਵਜੇ (ਪਾਸ਼ ਦੀ ਸ਼ਹੀਦੀ ਤੋਂ 2 ਘੰਟੇ ਬਾਦ ਹੀ) ਦੂਰਦਰਸ਼ਨ ਕੇਂਦਰ ਜਲੰਧਰ ਸਾਹਮਣੇ ਧਰਨਾ ਦੇ ਰਹੀ ਪੰਜਾਬੀ ਲੇਖਕਾਂ ਦੀ ਇਕ ਜਥੇਬੰਦੀ ਨੇ ਇਕ ਰੋਸ ਮਤਾ ਪਾਸ ਕੀਤਾ। ਇਨਕਲਾਬੀ ਏਕਤਾ ਕੇਂਦਰ ਪੰਜਾਬ ਵੱਲੋਂ 26 ਮਾਰਚ 1988 ਨੂੰ ਪਟਿਆਲੇ ਵਿਚ ਇਕ ਸ਼ਰਧਾਂਜਲੀ ਕਾਨਫਰੰਸ ਕੀਤੇ ਜਾਣ ਦੀ ਸੂਚਨਾ ਮਿਲੀ ਹੈ। **ਵੈਨਕੂਵਰ** ਵਿਚ ਹੋਈਆਂ ਸਰਗਰਮੀਆਂ 'ਕੈਨੇਡਾ ਦਰਪਣ' ਦੇ ਪਾਠਕ ਵੈਨਕੂਵਰ ਦੇ ਸਾਥੀਆਂ ਦੀਆਂ ਰੀਪੋਰਟਾਂ ਰਾਹੀਂ ਪੜ੍ਹ ਲੈਣਗੇ।

ਇਹਨਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਅਜਾਈਂ ਨਹੀਂ ਜਾਣਗੀਆਂ। ਫਿਰਕੂ ਅਤੇ ਹਕੂਮਤੀ ਦਹਿਸ਼ਤਗਰਦੀ ਦੇ ਖਿਲਾਫ਼ ਦੇਸ ਪਰਦੇਸ ਵਿਚ ਵਿਸ਼ਾਲ ਪੱਧਰ 'ਤੇ ਰੋਹ ਦੀ ਲਹਿਰ ਉਠ ਰਹੀ ਹੈ। ਹਿੰਦੂਸਤਾਨ ਵਿਚ ਅੱਜ ਦੇ ਫਿਰਕੂ ਹਾਲਾਤ ਇਨਕਲਾਬੀ ਅਤੇ ਜਮਹੂਰੀ ਸ਼ਕਤੀਆਂ ਕੋਲੋਂ ਲੋਕ-ਏਕਤਾ ਅਤੇ ਲੋਕ-ਸੰਘਰਸ਼ ਦੀ ਮੰਗ ਕਰਦੇ ਹਨ।

— ਸੁਰਿੰਦਰ ਧੰਜਲ (29 ਮਾਰਚ 1988)



ਪੰਜਾਬ ਦੇ ਕਾਤਲਾਂ ਨੂੰ

ਤੁਸੀਂ ਤਵਾਰੀਖ ਦੇ ਕੈਦੀ ਹੋ
ਅਸੀਂ ਤੁਹਾਨੂੰ ਕੁਝ ਨਹੀਂ ਕਹਾਂਗੇ
ਅਸੀਂ ਤੁਹਾਨੂੰ ਛੱਡ ਦਿਆਗੇ ਆਪਣੀਆਂ ਚੁਰਾਸੀ ਲੱਖ ਮੌਤਾਂ ਮਰਨ ਲਈ
ਪਛਤਾਵੇ ਦੇ ਕੀੜੇ ਪੈ ਕੇ ਸੜਨ ਲਈ
ਅਸੀਂ ਇਜ ਬਦਲਾ ਲਵਾਂਗੇ ਤੁਹਾਡੇ ਕੋਲੋਂ

ਅਸੀਂ ਥੁਕਾਂਗੇ
  ਨਾਮ ਭਿੰਡਰਾਂਵਾਲਾ
    ਨਾਮ ਇੰਦਰਾ ਗਾਂਧੀ
      ਨਾਮ ਜ਼ੈਲ ਸਿੰਘ
        ਨਾਮ ਜ਼ਿਆ-ਉਲ-ਹੱਕ

ਮੁੜ ਕੋਈ ਆਪਣੇ ਬੱਚਿਆਂ ਦੇ ਨਾਮ ਇਨ੍ਹਾਂ ਦੇ ਨਾਮ'ਤੇ ਨਹੀਂ ਰਖੇਗਾ
ਲੋਕ ਇੰਜ ਬਦਲਾ ਲੈਣਗੇ ਤੁਹਾਡੇ ਕੋਲੋਂ

ਅਸੀਂ ਆਖਾਂਗੇ : ਰਿਜ਼ਕ
  ਅਸੀਂ ਆਖਾਂਗੇ : ਮੁਹੱਬਤ
    ਅਸੀਂ ਆਖਾਂਗੇ : ਜੱਦੋਜਹਦ
      ਅਸੀਂ ਆਖਾਂ ਗੇ : ਇਨਸਾਨ



ਅਸੀਂ ਪੰਜਾਬੀ ਬੋਲੀ ਨੂੰ ਨਵੇਂ ਸਿਰਿਓਂ ਸਿਰਜਾਂਗੇ
ਮਾਅਨਿਆਂ ਦੇ ਨਵੇਂ ਲਫਜ਼ ਬਣਾਵਾਂਗੇ
ਅਸੀਂ ਇਜ ਬਦਲਾ ਲਵਾਂਗੇ ਤੁਹਾਡੇ ਕੋਲੋਂ

ਅਸੀਂ ਭਗਤ ਸਿੰਘ ਵਰਗਾ ਟੋਪ ਪਾ ਕੇ
ਚੰਦਰ ਸ਼ੇਖਰ ਆਜ਼ਾਦ ਵਾਂਙ ਮੁੱਛਾਂ ਨੂੰ ਤਾਅ ਦਿਆਂਗੇ
    ਤੁਹਾਡੇ ਸਾਹਮਣੇ ਖੜੋ ਕੇ
ਰਾਮਪ੍ਰਸਾਦ ਬਿਸਮਿਲ ਦੇ ਸ਼ਿਅਰ ਪੜ੍ਹਾਂਗੇ
ਅਸੀਂ ਇਜ ਬਦਲਾ ਲਵਾਂਗੇ ਤੁਹਾਡੇ ਕੋਲੋਂ

ਅਸੀਂ ਸਭ ਤੋਂ ਸੁਹਣੇ ਲੀੜੇ ਪਾ ਕੇ
ਮੋਢਿਆਂ ਤੇ ਬੱਚੇ ਚਾਈ
ਸੰਗ ਬਣਾ ਕੇ ਮੇਲੇ ਜਾਵਾਂਗੇ
ਅਸੀਂ ਰਲ ਕੇ ਇਸ਼ਕ ਦਾ ਤ੍ਰਿਖੜਾ ਤਾਲ ਛੋਹਾਂਗੇ
ਮੋਹਨ ਸਿੰਘ ਤੇ ਬੁਲ੍ਹੇ ਸ਼ਾਹ ਨੂੰ ਯਾਦ ਕਰ-ਕਰ
    ਥਈਆ-ਥਈਆ ਨੱਚਾਂਗੇ।

ਧਰਤੀ ਨਾਲ ਕੰਨ ਲਾ ਕੇ
ਅਸੀਂ ਸ਼ਾਹ ਹੁਸੈਨ ਤੇ ਦਾਮਨ ਨੂੰ ਗੱਲਾਂ ਕਰਦਿਆਂ ਸੁਣਾਂਗੇ
ਅਸੀਂ ਬੜੇ ਗ਼ੁਲਾਮ ਅਲੀ ਦੇ ਮੂੰਹੋਂ ਗੁਰੂ ਅਰਜਨ ਦਾ ਸ਼ਬਦ
ਸੁੱਬਾ ਲਕਸ਼ਮੀ ਦੇ ਮੂੰਹੋਂ ਨਾਨਕ ਦੀ ਬਾਣੀ
ਸਮੁੰਦ ਸਿੰਘ ਦੇ ਮੂੰਹੋਂ ਫ਼ਰੀਦ ਦੇ ਬੋਲ ਸੁਣਾਗੇ

ਅਸੀਂ ਫ਼ੈਜ਼ ਦੇ ਤਰਾਨੇ ਗਾਵਾਂਗੇ
ਅਸੀਂ ਇਜ ਬਦਲਾ ਲਵਾਂਗੇ ਤੁਹਾਡੇ ਕੋਲੋਂ

ਤੁਸੀਂ
ਦੁੱਧਾਂ ਪੁੱਤਾਂ ਰੁੱਖਾਂ ਦੇ ਵੈਰੀ
    ਡਾਲਰ ਦੇ ਤੁਖ਼ਮ ਇਕਲੇ ਨਹੀਂ ਹੋ
ਤੁਸੀਂ ਪਾਕਿਸਤਾਨ 'ਚ ਵੀ ਹੋ
ਇਜ਼ਰਾਈਲ ਫ਼ਲਸਤੀਨ ਈਰਾਨ 'ਚ ਵੀ
ਚਿੱਲੀ ਅੰਗੋਲਾ ਮੋਜ਼ੰਬੀਕ ਵਿਚ ਵੀ।

ਇਕੱਲੇ ਅਸੀਂ ਵੀ ਨਹੀਂ ਹਾਂ
ਅਸਾਡੀਆਂ ਬਾਹਵਾਂ ਬੜੀਆਂ ਲੰਮੀਆਂ ਹਨ
ਅਸਾਡੀਆਂ ਬਾਹਵਾਂ ਨੇ ਧਰਤ ਗਲਵਕੜੀ ਹੋਈ ਹੈ
ਸੰਨ 2001 ਦਾ ਸੂਰਜ ਸਾਥੋਂ ਪੁੱਛ ਕੇ ਚੜ੍ਹੇਗਾ
ਤਾਂ ਤੁਸੀਂ ਨਮੋਸ਼ੀ ਨਾਲ ਉਂਜ ਹੀ ਮਰ ਚੁੱਕੇ ਹੋਵੋਗੇ
ਅਸੀਂ ਇੰਜ ਬਦਲਾ ਲਵਾਂਗੇ ਤਹਾਡੇ ਕੋਲੋਂ

ਅਸੀਂ ਆਪਣੇ ਮੋਇਆਂ ਦੀ ਯਾਦ ਵਿਚ ਸ਼ਮ੍ਹਾ ਜਗਦੀ ਰਖਾਂਗੇ
    ਲੋਅ ਹੋਰ ਉਚੀ ਕਰਾਂਗੇ
ਅਸੀਂ ਦਿਲ ਨਹੀਂ ਛਡਾਂਗੇ
ਅਸੀਂ ਕਰੀਰ ਹੋ ਜਾਵਾਂਗੇ
ਅਸੀਂ ਹਰ ਦਿਨ ਨੂੰ ਜ਼ਿੰਦਗੀ ਦੀ ਸਾਲ-ਗਿਰਾਹ ਬਣਾਵਾਂਗੇ
ਅਸੀਂ ਹੋਵਾਂਗੇ
ਪਰ ਤੁਸੀਂ ਨਹੀਂ ਹੋਵੋਗੇ
ਅਸੀਂ ਤੁਹਾਡੀਆਂ ਚੀਨੀ ਬੰਦੂਕਾਂ ਦੇ ਮੂੰਹ ਕੜਾਹ ਨਾਲ ਬੰਦ ਕਰ ਦਿਆਂਗੇ
ਅਸੀਂ ਇਜ ਬਦਲਾ ਲਵਾਂਗੇ ਤੁਹਾਡੇ ਕੋਲੋਂ।

ਅਮਰਜੀਤ ਚੰਦਨ ਮਾਰਚ 1988





ਜੈਮਲ ਪੱਡਾ

• •

………ਜੈਮਲ ਪੱਡਾ, ਉਨ੍ਹਾਂ ਲੇਖਕਾਂ ਦੀ ਸ਼੍ਰੇਣੀ ਵਿਚੋਂ ਹੈ, ਜਿਨਾਂ ਦੀ ਕਹਿਣੀ ਤੇ ਕਰਨੀ ਇੱਕ ਹੈ। ਉਸ ਨੇ ਜੋ ਕੁੱਝ ਵੀ ਲਿਖਿਆ ਹੈ, ਉਸ ਨੂੰ ਤਨ ਤੇ ਹੰਢਾਇਆ ਹੈ। ਮੈਂ ਉਸ ਨੂੰ ਬਹੁਤ ਹੀ ਨੇੜੇ ਤੋਂ ਤੱਕਿਆ ਤੇ ਪਰਖਿਆ ਹੈ। ਲੋਕ-ਘੋਲਾਂ ਦੌਰਾਨ ਉਹ ਅਤਿ ਮੁਸ਼ਕਲ ਦੀਆਂ ਘੜੀਆਂ ਅੰਦਰ ਵੀ, ਪਰਖਦੀ ਕਸਵੱਟੀ ਤੇ ਪੂਰਾ ਉਤਰਿਆ ਹੈ। ਉਸ ਦੇ ਪਹਿਲੇ ਕਾਵਿ-ਸੰਗ੍ਰਹਿ ਦੀ ਮੁਬਾਰਕ ! ਉਸ ਨੂੰ ! ਉਸ ਦੇ ਪਾਠਕਾਂ ਨੂੰ !!

—ਸੰਤ ਰਾਮ ਉਦਾਸੀ

ਜੈਮਲ ਵਿੱਚ ਸੂਖਮਤਾ ਹੈ, ਗਹਿਰਾਈ ਹੈ, ਕਲਾ ਵੀ ਹੈ, ਪੇਸ਼ਕਾਰੀ ਤੇ ਨਿਭਾਹਟ ਦਾ ਹੁਨਰ ਵੀ। ਇਹ ਦੋਸਤਾਨਾ ਅਤੇ ਰਸਮੀ ਪ੍ਰਸੰਸਾ ਨਹੀਂ ਸਗੋਂ ਪ੍ਰਤੱਖ ਸਚਾਈ ਹੈ। ਪਾਠਕ ਖੁਦ ਉਸ ਦੇ ਕਈ ਗੀਤਾਂ ਅਤੇ ਰਚਨਾਵਾਂ ਵਿਚੋਂ ਇਸ ਸਚਾਈ ਦੀ ਟੋਹ ਲਾ ਸਕਦੇ ਹਨ। ਸਰਵ-ਪੱਖੀ ਤੇ ਗੰਭੀਰ ਸੋਚ ਦੇ ਚਿੰਨ੍ਹ ਵੀ ਉਸ ਦੀ ਸੋਚ ਵਿੱਚ ਮੌਜੂਦ ਹਨ। ਜੈਮਲ ਨੂੰ ਚਾਹੀਦਾ ਹੈ ਕਿ ਉਹ ਆਪਣੇ ਲੋਕਾਂ ਦੇ ਹਿਤਾਂ ਕਾਰਨ ਹੋਰ ਸੂਖਮਤਾ, ਪਰਪੱਕ ਪੇਸ਼ਕਾਰੀ ਅਤੇ ਸਰਬਪੱਖੀ ਪਹੁੰਚ ਧਾਰਨ ਕਰੇ।

ਮੈਂ ਆਸਵੰਦ ਹਾਂ ਕਿ ਜੈਮਲ ਇਸ ਕਾਰਜ ਵਿੱਚ ਜ਼ਰੂਰ ਸਫਲ ਹੋਵੇਗਾ ਅਤੇ ਮੇਹਨਤਕਸ਼ ਤੇ ਦੇਸ਼-ਭਗਤ ਲੋਕਾਂ ਨੂੰ ਵਧੇਰੇ ਸਾਰਥਿਕ ਕਲਾ-ਕ੍ਰਿਤਾਂ ਰਾਹੀਂ ਚੇਤਨ ਤੇ ਭਰਪੂਰ ਕਰੇਗਾ। ਆਪਣੀ ਸਾਹਿਤਕ ਕਲਾ ਨੂੰ ਆਪਣੀ ਸੁਰ ਵਾਂਗ ਹੀ ਮੋਹਕ, ਤੀਬਰ ਤੇ ਬਹੁ-ਪੱਖੀ ਬਣਾ ਕੇ ਉਨ੍ਹਾਂ ਦਾ ਪਸਾਰ ਕਰੇਗਾ।

ਉਸ ਦੇ ਜੇਠੇ ਕਾਵਿ-ਸੰਗ੍ਰਿਹ ਦੀ ਮੁਬਾਰਕ !
ਉਸ ਨੂੰ !!
ਉਸ ਦੇ ਪਾਠਕਾਂ ਨੂੰ !!!

ਵਧੇਰੇ ਆਸ ਸਹਿਤ

— ਦਰਸ਼ਨ ਖਟਕੜ

(ਜੈਮਲ ਪੱਡਾ ਦੇ ਕਾਵਿ-ਸੰਗ੍ਰਹਿ **'ਲੋਕ-ਪੀੜਾਂ 'ਚੋਂ'**)

ਗ਼ਜ਼ਲ

ਸਿਦਕ ਸਾਡੇ ਨੇ ਕਦੇ ਮਰਨਾ ਨਹੀਂ।
ਸੱਚ ਦੇ ਸੰਗਰਾਮ ਨੇ ਹਰਨਾ ਨਹੀਂ।

ਕਤਲ ਹੋਣਾ ਨਹੀਂ ਪਵਿੱਤਰ ਸੋਚ ਨੇ,
ਕੂੜ੍ਹ ਦਾ ਬੇੜਾ ਕਦੇ ਤਰਨਾ ਨਹੀਂ।

ਹੁਸਨ ਦੇ ਪੈਰਾਂ 'ਚ ਭਾਵੇਂ ਬੇੜੀਆਂ,
ਉਸ ਦੀ ਪਰ ਮਟਕ ਨੇ ਮਰਨਾ ਨਹੀਂ।

ਜ਼ੁਲਮ ਦੀ ਚੱਕੀ 'ਚ ਪਿਸਦੇ ਕਾਮਿਓਂ,
ਪਾਪ ਤੋਂ ਮੁਕਤੀ ਬਿਨਾਂ ਸਰਨਾ ਨਹੀਂ।

ਮੰਜ਼ਿਲਾਂ ਨੂੰ ਕਦਮ ਵਧਦੇ ਰਹਿਣਗੇ,
ਰਾਜ਼ੀਨਾਮਾ ਵਕਤ ਨਾਲ ਕਰਨਾ ਨਹੀਂ।

ਪੈਰ ਸੂਲ੍ਹਾਂ ਤੇ ਵੀ ਨਚਦੇ ਰਹਿਣਗੇ,
ਬੁੱਤ ਬਣ ਕੇ ਪੀੜ ਨੂੰ ਜ਼ਰਨਾ ਨਹੀਂ।

ਆਉਣ ਵਾਲਾ ਕੱਲ੍ਹ ਸਾਡਾ ਦੋਸਤੋ !
ਹਿੰਮਤ ਅੱਗੇ ਜਬਰ ਨੇ ਖੜਨਾ ਨਹੀਂ।

ਪਤੀ ਦਾ ਖੱਤ

ਤੂੰ ਏਂ ਉਸ ਸ਼ਾਇਰ ਦੀ ਪਤਨੀ ! ਤੂੰ ਏਂ ਉਸ ਬਾਗੀ ਦੀ ਨਾਰ !
ਜਿਸ ਦੇ ਕਦਮ ਕਦਮ ਤੇ ਬੈਠੇ, ਜਬਰ ਜ਼ੁਲਮ ਦੇ ਪਹਿਰੇਦਾਰ।

ਜਬਰ ਤਸ਼ੱਦਦ ਕੋਲੋਂ ਡਰ ਕੇ, ਗਰਦਨ ਮੇਰੀ ਝੁੱਕ ਨਹੀਂ ਸਕਦੀ।
ਲੋਕ ਪੀੜਾਂ ਸੱਚ ਦੇ ਅਫਸਾਨੇ, ਕਲਮ ਇਹ ਲਿਖਣੋਂ ਰੁਕ ਨਹੀਂ ਸਕਦੀ।
ਮੈਂ ਆਸ਼ਕ ਹਾਂ ਸੂਹੀ ਰੁੱਤ ਦਾ, ਮੇਰ ਮਨ ਵਿਚ ਲੋਕ ਪਿਆਰ।
ਜਿਸ ਦੇ ਕਦਮ ਕਦਮ..................।

ਸੁਲਗਦੇ ਅਹਿਸਾਸ ਨੇ ਮੱਚਦੇ, ਜਦ ਵੀ ਰੋਹ ਦੇ ਭਾਂਬੜ ਬਣਕੇ।
ਭੁੱਖੇ ਪੇਟ ਸੰਗੀਨਾਂ ਮੂਹਰੇ, ਡੱਟ ਜਾਂਦੇ ਨੇ ਮੁੱਕੇ ਤਣ ਕੇ।
ਨ੍ਹੇਰੇ ਦੀ ਕੁੱਖ ਵਿਚ ਹੀ ਪਲਦੇ, ਸੂਹੀਆਂ ਕਿਰਨਾਂ ਦੇ ਜੋ ਯਾਰ।
ਜਿਸ ਦੇ ਕਦਮ ਕਦਮ...............।

ਸਿਰ ਕਤਲ ਤਾਂ ਕਰ ਸਕਦੇ ਨੇ, ਮਰਨੇ ਨਾ ਗੀਤਾਂ ਦੇ ਬੋਲ।
ਕਣ ਕਣ ਦੇ ਮੁਖੜੇ ਤੇ ਗਏ ਜੋ, ਸਰਘੀ ਦੀ ਲਾਲੀ ਨੇ ਡੋਲ੍ਹ।
ਸੱਚ ਦੇ ਬੋਲ ਸਦਾ ਹੀ ਜਿਉਂਦੇ, ਕੋਈ ਨਾ ਸਕਿਆ ਅੱਜ ਤੱਕ ਮਾਰ।
ਜਿਸ ਦੇ ਕਦਮ ਕਦਮ............।

ਕਦੇ ਕੋਈ ਮਾਛੀਵਾੜੇ, ਜਪਦਾ ਮਿੱਤਰ ਪਿਆਰੇ ਨੂੰ,
ਕਦੇ ਕੋਈ "ਨਾਜ਼ਿਮ" ਤੁਰਕੀ ਦਾ. ਭਰਦਾ ਪਿਆ ਹੁੰਗਾਰੇ ਨੂੰ।
ਰੁਕਦਾ ਨਾ ਇਤਿਹਾਸ ਦਾ ਪਹੀਆ, ਕਰਦਾ ਜਾਏ ਮਾਰੋ ਮਾਰ।
ਜਿਸ ਦੇ ਕਦਮ ਕਦਮ.......................।

ਮੈਂ ਉਨ੍ਹਾਂ ਦਾ ਸਾਥੀ ਹਾਂ ਜੋ, ਹੱਕਾਂ ਲਈ ਕਰਦੇ ਸੰਗਰਾਮ।
ਮੇਰੀ ਮੌਤ ਤੋਂ ਮਗਰੋਂ ਸੱਜਣੀ, ਭੁੱਲਣਾ ਨਾ ਸਾਡਾ ਪੈਗ਼ਾਮ।
ਉਨ੍ਹਾਂ ਰਾਹਾਂ ਨੂੰ ਨਾ ਭੁੱਲਣਾ, ਜਿਨ੍ਹੀਂ ਰਾਹੀਂ ਗਏ ਜੁਝਾਰ।
ਜਿਸ ਦੇ ਕਦਮ ਕਦਮ ਤੇ ਬੈਠੇ, ਜਬਰ ਜ਼ੁਲਮ ਦੇ ਪਹਿਰੇਦਾਰ।

ਮਿੱਤਰਾਂ ਦੀ ਯਾਦ

ਓ ਯਾਰੋ ! ਸਾਨੂੰ ਨਹੀਓਂ ਭੁੱਲਣੀ, ਉਨ੍ਹਾਂ ਮਿੱਤਰਾਂ ਦੀ ਯਾਦ ਪਿਆਰੀ।
ਹੱਕ ਸੱਚ ਲਈ ਓ ਹਾਣੀਓਂ ! ਜਿਨ੍ਹਾਂ ਹੱਸ ਹੱਸ ਜਿੰਦੜੀ ਵਾਰੀ।

ਉਹ ਫਰਜ਼ ਦੇ ਵਣਜਾਰੇ ਸਿਦਕ ਨਿਭ੍ਹਾ ਗਏ ਨੇਂ।
ਜੋ ਲੋਕ ਲਹਿਰ ਦੀਆਂ ਰਾਹਾਂ ਨੂੰ ਰੁਸ਼ਨਾ ਗਏ ਨੇਂ।
ਹੱਸ ਹੱਸ ਵਾਰੀ ਜਿੰਦ ਲੋਕਾਂ ਦਿਆਂ ਆਸ਼ਕਾਂ ਨੇਂ,
ਪਰ ਬਾਜ਼ੀ ਨਾ ਸਿਦਕ ਦੀ ਹਾਰੀ।
ਹੱਕ ਸੱਚ ਲਈ ਓ ਹਾਣੀਓਂ ! ਜਿਨ੍ਹਾਂ ਹੱਸ ਹੱਸ ਜਿੰਦੜੀ ਵਾਰੀ।

ਉਹ ਲੋਕ-ਹਿਤਾਂ ਦੀ ਖਾਤਿਰ ਜਿੰਦੜੀ ਵਾਰ ਗਏ।
ਉਹ ਅਣਖੀ ਸੂਰੇ ਵੈਰੀ ਨੂੰ ਲਲਕਾਰ ਗਏ।
ਚਾੜ੍ਹ ਦਿਤੇ ਫਾਂਸੀ ਭਾਵੇਂ ਘੜ੍ਹ ਲਏ "ਮੁਕਾਬਲੇ" ਵੀ,
ਉਨ੍ਹਾਂ ਯੋਧਿਆਂ ਤੋਂ ਜਾਈਏ ਬਲਿਹਾਰੀ।
ਹੱਕ ਸੱਚ ਲਈ ਓ ਹਾਣੀਓਂ ! ਜਿਨ੍ਹਾਂ ਹੱਸ ਹੱਸ ਜਿੰਦੜੀ ਵਾਰੀ।

ਉਨ੍ਹਾਂ ਦਾ ਅਮਰ ਸੁਨੇਹਾ ਨਹੀਂ ਭੁਲਾਵਾਂਗੇ।
ਧਰਤੀ ਦੇ ਚੱਪੇ ਚੱਪੇ ਤੇ ਪਹੁੰਚਾਵਾਂਗੇ।
ਸਹੁੰ ਸਾਨੂੰ ਉਨ੍ਹਾਂ ਦੀਆਂ ਅਮਰ ਸ਼ਹਾਦਤਾਂ ਦੀ,
ਸਿਰ ਦੇ ਕੇ ਵੀ ਨਿਭ੍ਹਾਵਾਂਗੇ ਯਾਰੀ।
ਹੱਕ ਸੱਚ ਲਈ ਓ ਹਾਣੀਓਂ ! ਜਿਨ੍ਹਾਂ ਹੱਸ ਹੱਸ ਜਿੰਦੜੀ ਵਾਰੀ।

ਸ਼ਰਧਾਂਜਲੀ



ਇੱਕ ਅੱਖਰ

ਇੱਕ ਅੱਖਰ ਨਾਲ ਪੂਰੀ ਦੁਨੀਆਂ ਬਦਲ ਜਾਂਦੀ ਹੈ
ਪਾਸ਼ 'ਹੈ' — ਪਾਸ਼ 'ਸੀ'
'ਹੈ' ਤੋਂ ਸੀ ਨਾਲ ਕਿੰਨਾ ਕੁਝ ਬਦਲ ਗਿਆ ਹੈ ਪਾਸ਼ !

ਅਸੀਂ ਉਹ ਅਣਚੱਲੀਆਂ ਗੋਲੀਆਂ ਹਾਂ ਸ਼ਾਇਰ ਮਿਤਰਾ !
ਜੋ ਪਿੱਠ 'ਤੇ ਵਾਰ ਹੋਣ ਕਰਕੇ,
ਤੇਰੇ ਰੀਵਾਲਵਰ ਦੀ ਹਿੱਕ 'ਚ ਹੀ ਤੜਪਦੀਆਂ ਰਹੀਆਂ


ਤੇਈ ਮਾਰਚ ਦੇ ਗੂਹੜੇ ਰੰਗ 'ਚ,
ਹੁਣ ਤੇਰਾ ਰੰਗ ਵੀ ਸ਼ਾਮਲ ਹੈ ਪਾਸ਼ !

ਤੇਰੇ ਮੋਹ ਦੀ ਬੁੱਕਲ ਤਾਣਕੇ ਤੇਰੀ 'ਰਾਣੀ',
ਹੁਣ 'ਵਿੰਕਲ' ਦੇ ਹਉਕੇ ਥਾਪੜਕੇ,
ਆਪਣੇ ਨਾਲ ਸੁਲਾਇਆ ਕਰੇਗੀ

ਅਸੀਂ ਜੋ ਤੇਰੀ ਯਾਰੀ ਦੇ ਬੂਟੇ ਨੂੰ ਲੱਗੇ ਫੁੱਲ ਹਾਂ
ਤੇਰੀ ਯਾਦ 'ਚ ਲਹੂ ਲੁਹਾਣ ਵੀ ਖਿੜਿਆ ਕਰਾਂਗੇ।
ਤੇਰਾ ਜਵਾਬ ਉਡੀਕੇ ਬਗੈਰ
ਆਖਰੀ ਖਤ ਵਰਗਾ ਕੁਝ ਰੋਜ਼ ਤੈਨੂੰ ਲਿਖਿਆ ਕਰਾਂਗੇ।
ਤੇਰੀ ਯਾਦ 'ਚ ਭਰ ਭਰ ਡੁੱਲਦੀਆਂ ਅੱਖਾਂ ਨੂੰ,
ਬਹਾਦੁਰ ਹੋਣ ਦਾ ਤਗਮਾ ਲੈਣ ਲਈ
ਲੁਕੋਵਾਂਗੇ ਨਹੀਂ ਅਸੀਂ ...

ਇੱਕ ਅੱਖਰ ਨਾਲ ਕਿੰਨਾ ਕੁਝ ਬਦਲ ਜਾਂਦਾ ਹੈ ਪਾਸ਼ !
ਤੇਰੀ ਯਾਦ ਵਿੱਚ, ਇੱਕ ਅੱਖਰ, ਆਪਣੇ ਖ਼ੂਨ ਨਾਲ
ਅਸੀਂ ਵੀ ਲਿਖਾਂਗੇ ਬਾਂਕਿਆ ਯਾਰਾ :
ਇਨਕਲਾਬ ... ...

(ਸੁਰਿੰਦਰ ਧੰਜਲ/28 ਮਾਰਚ 1988)



ਪਾਸ਼ (ਕੈਲੇਫੋਰਨੀਆ - 87)

ਮੋਈਆਂ ਨਜ਼ਮਾਂ

ਅਜਮੇਰ ਰੋਡੇ

ਮੋਈਆਂ ਨਜ਼ਮਾਂ ਦੀ ਝੋਲੀ ਭਰੀ
ਮਾਂ ਪੁੱਛਦੀ ਹੈ
ਮੇਰਾ ਪਾਸ਼ ਕਿਉਂ ਮਾਰ ਦਿੱਤਾ।
ਅਹਿ ਵੇਖੋ ਉਸਦੇ ਸ਼ਰੀਰ ਚੋਂ ਡੁੱਲ੍ਹੇ ਬਿਖਰੇ ਪਏ
ਅਣਲਿਖੇ ਸੁੱਚੇ ਸ਼ਬਦਾਂ ਦਾ ਢੇਰ ਜੋ ਕਵਿਤਾ ਬਣਨੇ ਸਨ
ਓਹੀ ਸ਼ਬਦ ਜਿਨ੍ਹਾਂ ਵਿਚ ਮਾਂ ਬੋਲੀ ਦੀਆਂ ਸੌਂਹਾਂ ਚੁਕਦੇ ਹੋ
ਜਿਨ੍ਹਾਂ ਵਿਚ ਰੋਜ਼ ਅੰਮ੍ਰਿਤ ਵੇਲੇ ਜਪੁਜੀ ਦਾ ਪਾਠ ਕਰਦੇ ਹੋ
ਫੇਰ ਇਹਨਾਂ ਸੁੱਚੇ ਸ਼ਬਦਾਂ ਦੇ ਸੰਗ੍ਰਹਿ ਤੇ ਕਿਉਂ ਥੁਕਿਆ
ਕਿਉਂ ਪਾੜ ਦਿੱਤਾ।

ਸ਼ਾਇਰ ਗੁਰੂ ਦੀਆਂ ਮਹਾਨ ਉਦਾਸੀਆਂ ਉਤੇ
ਸ਼ਰਧਾ ਦੇ ਫੁੱਲ ਚੜ੍ਹਾਉਂਦੇ ਹੋ, ਸੀਸ ਨਿਵਾਉਂਦੇ ਹੋ।
ਫੇਰ ਇਸ ਅੱਖਾਂ ਵਿਚ ਕ੍ਰੋੜਾਂ ਲੋਕਾਂ ਦਾ ਦਰਦ ਲਈ,
ਸੀਨੇ ਵਿਚ ਕਾਰੂਆਂ ਕੌਡਿਆਂ ਲਈ ਰੋਹ ਭਰੀ
ਉਦਾਸੀਆਂ ਕਰਦੇ ਸ਼ਾਇਰ ਦੇ
ਗ੍ਰੰਥਾਂ ਵਰਗੇ ਚਿਹਰੇ ਨੂੰ ਕਿਉਂ ਸਾੜ ਦਿੱਤਾ।

ਕੁਰਸੀਆਂ 'ਚ ਡੌਰ ਭੌਰ ਹੋਏ ਵਿਦਵਾਨਾਂ ਨੂੰ
ਸੁਨਮਸੁੰਨ ਪਾਸ਼ ਦੀਆਂ ਨਜ਼ਮਾਂ ਤੇ ਢੇਰੀ ਹੋਏ ਸ਼ਾਇਰਾਂ ਨੂੰ
ਕੁੱਤਿਆਂ ਨੂੰ ਪਾਗਲ ਸੂਏ ਲਾਕੇ ਗਲੀਆਂ 'ਚ ਛਡਣ ਵਾਲੇ ਮਾਲਕਾਂ ਨੂੰ
ਮੌਤ ਦਾ ਤਾਂਡਵ ਨਾਚ ਨਚ ਰਹੇ
ਗਰਮੀਓਂ ਗਰਮੀ ਹੋਏ ਸ਼ਿਵਾ ਨੂੰ
ਮਾਂ ਪੁੱਛਦੀ ਹੈ ਮੇਰਾ ਪਾਸ਼ ਕਿਉਂ ਮਾਰ ਦਿੱਤਾ।

ਉਸਨੂੰ ਸ਼ਹੀਦ ਕਹਿਣ ਤੋਂ ਪਹਿਲਾਂ
ਉਸਦੀਆਂ ਨਜ਼ਮਾਂ ਪੜ੍ਹ ਕੇ ਹੰਝੂ ਵਹਾਉਣ ਤੋਂ ਪਹਿਲਾਂ
ਦੀਵਾਨ ਲਾਕੇ ਘਰੋ ਘਰੀ ਜਾਣ ਤੋਂ ਪਹਿਲਾਂ
ਮੋਈਆਂ ਨਜ਼ਮਾਂ ਦਾ ਥੱਬਾ ਸੀਨੇ ਲਾਈ
ਮਾਂ ਪੁੱਛਦੀ ਹੈ
ਦੱਸੋ ਮੇਰਾ ਪਾਸ਼ ਕਿਉਂ ਮਾਰ ਦਿੱਤਾ।

(23 ਮਾਰਚ 1988)

ਚਾਰੇ ਸਮੁੰਦਰ ਗਰਜ ਰਹੇ ਨੇ...
ਗਰਜ ਰਹੀ ਹੈ ਹਵਾ ਤੇ ਕੜਕ ਰਹੀ ਏ ਬਿਜਲੀ ..
ਅਜਿੱਤ ਹੈ.ਅਸਾਡੀ ਤਾਕਤ, ਅਸੀਮ—
ਲਗਾਤਾਰ ਅਜਿੱਤ – ਸਦਾ ਅਜਿੱਤ

ਜੋ ਤਬਾਹ ਕਰ ਦੇਵੇਗੀ...
ਕੀੜੇ ਮਕੌੜੇ...!

— ਮਾਓ-ਜ਼ੇ-ਤੁੰਗ

ਦੁਸ਼ਮਣਾਂ ਨੂੰ ਆਪਣੀਆਂ ਉਂਗਲਾਂ ਮਹਿੰਦੀ 'ਚ ਰੰਗ ਲੈਣ ਦਿਉ
ਦੋਸਤੋ ! ਤੁਸੀਂ ਯੁਧ ਲਈ ਤਿਆਰ ਹੋਵੋ
ਨਹੀਂ ਤਾਂ ਰਾਤਾਂ ਨੂੰ ਆਈਆ ਤਾਰਾਂ ਖੋਲ੍ਹਣ 'ਤੇ
ਤੁਹਾਡੀਆਂ ਅੱਖਾਂ ਪਥਰਾ ਜਾਣਗੀਆਂ !
ਦੋਸਤੋ ! ਤੁਸੀਂ ਯੁਧ ਲਈ ਤਿਆਰ ਹੋਵੋ !!

— ਨਾਜ਼ਿਮ ਹਿਕਮਤ

1-2-1988

ਪਿਆਰੇ ਸੁਰਿੰਦਰ,
....
ਸਾਨੂੰ ਤੇ ਰੂਹਾਂ ਨੂੰ ਆਰਾਮ ਨਹੀਂ।

ਸਾਡਾ ਵੀ ਫ਼ਿਕਰ ਕਰੀਂ
ਜੀਅ ਕੀਤਾ ਤਾਂ ਲਿਖ ਦੇਵੀਂ

ਪਾਸ਼

(ਆਖਰੀ ਖਤ ਦੀਆਂ ਆਖਰੀ ਸਤਰਾਂ)



ਪਾਸ਼ ਅਤੇ ਸੁਰਿੰਦਰ ਧੰਜਲ
ਕੈਲੀਫੋਰਨੀਆ (86)

ਮੇਰਾ ਸੂਰਜ ਡੁਬਿਆ ਹੈ ਤੇਰੀ ਸ਼ਾਮ ਨਹੀਂ ਹੈ
ਤੇਰੇ ਸਿਰ ਤੇ ਤਾਂ ਸਿਹਰਾ ਹੈ ਇਲਜ਼ਾਮ ਨਹੀਂ

ਏਨਾ ਹੀ ਬਹੁਤ ਹੈ ਕਿ ਮੇਰੇ ਖ਼ੂਨ ਨੇ ਰੁਖ ਸਿੰਜਿਆ
ਕੀ ਹੋਇਆ ਜੇ ਪੱਤਿਆਂ ਤੇ ਮੇਰਾ ਨਾਮ ਨਹੀਂ ਹੈ

ਮੇਰੇ ਹਤਿਆਰੇ ਨੇ ਗੰਗਾ 'ਚ ਲਹੂ ਧੋਤਾ
ਗੰਗਾ ਦੇ ਪਾਣੀਆਂ ਵਿਚ ਕੁਹਰਾਮ ਨਹੀਂ ਹੈ

ਮਸਜਿਦ ਦੇ ਆਖਣ ਤੇ ਕਾਜ਼ੀ ਦੇ ਫਤਵੇ ਤੇ
ਅੱਲਾ ਨੂੰ ਕਤਲ ਕਰਨਾ ਇਸਲਾਮ ਨਹੀਂ ਹੈ

ਇਹ ਸਿਜਦੇ ਨਹੀਂ ਮੰਗਦਾ ਇਹ ਤਾਂ ਸਿਰ ਮੰਗਦਾ ਹੈ
ਯਾਰਾਂ ਦਾ ਸੁਨੇਹਾ ਹੈ ਇਲਹਾਮ ਨਹੀਂ ਹੈ

ਮੇਰਾ ਨਾ ਫਿਕਰ ਕਰੀਂ ਜੀ ਕੀਤਾ ਤਾਂ ਮੁੜ ਜਾਵੀਂ
ਸਾਨੂੰ ਤਾਂ ਰੂਹਾਂ ਨੂੰ ਆਰਾਮ ਨਹੀਂ ਹੈ

— ਸੁਰਜੀਤ ਪਾਤਰ



ਪਾਸ਼, ਰਾਣੀ (ਪਤਨੀ),
ਅਜਾਇਬ (ਭਾਣਜਾ), ਵਿੰਕਲ (ਧੀ), ਪੰਨਾ (ਭਾਣਜੀ)
ਅਤੇ ਮੰਜੂ (ਭਾਣਜੀ)
(ਕੈਲੇਫੋਰਨੀਆ/86)

ਤੂੰ ਇਹ ਸਾਰਾ ਈ ਕੁਝ ਭੁੱਲ ਜਾਵੀਂ ਮੇਰੀ ਦੋਸਤ
ਸਿਵਾ ਇਸ ਤੋਂ
ਕਿ ਮੈਨੂੰ ਜੀਣ ਦੀ ਬਹੁਤ ਲੋਚਾ ਸੀ
ਕਿ ਮੈਂ ਗਲੇ ਤੀਕਰ ਜ਼ਿੰਦਗੀ ਵਿਚ ਡੁੱਬਣਾ ਚਾਹੁੰਦਾ ਸਾਂ,
ਮੇਰੇ ਵੀ ਹਿੱਸੇ ਦਾ ਜੀਅ ਲੈਣਾ ਮੇਰੀ ਦੋਸਤ,
ਮੇਰੇ ਵੀ ਹਿੱਸੇ ਦਾ ਜੀਅ ਲੈਣਾ ।

(ਪਾਸ਼ ਦੀ ਕਵਿਤਾ "ਮੈਂ ਹੁਣ ਵਿਦਾ ਹੁੰਦਾ ਹਾਂ" ਵਿਚੋਂ)

●

ਬਦਖਲੀ ਲਈ ਬਿਨੈ-ਪੱਤਰ

ਮੈਂ ਉਮਰ ਭਰ ਉਸ ਦੇ ਖਿਲਾਫ ਸੋਚਿਆ ਤੇ ਲਿਖਿਆ ਹੈ
ਜੇ ਉਸ ਦੇ ਸੋਗ ਵਿਚ ਸਾਰਾ ਹੀ ਦੇਸ਼ ਸ਼ਾਮਿਲ ਹੈ
ਤਾਂ ਇਸ ਦੇਸ਼ 'ਚੋਂ ਮੇਰਾ ਨਾਮ ਕੱਟ ਦੇਵੋ

ਮੈ ਖੂਬ ਜਾਣਦਾ ਹਾਂ ਨੀਲੇ ਸਾਗਰਾਂ ਤੱਕ ਫੈਲੇ ਹੋਏ
ਇਸ ਖੇਤਾਂ, ਖਾਨਾਂ, ਭੱਠਿਆਂ ਦੇ ਭਾਰਤ ਨੂੰ—
ਉਹ ਠੀਕ ਇਸੇ ਦੀ ਸਾਧਾਰਣ ਜਹੀ ਕੋਈ ਨੁੱਕਰ ਸੀ
ਜਿੱਥੇ ਪਹਿਲੀ ਵਾਰ
ਜਦ ਦਿਹਾੜੀਦਾਰ ਤੇ ਉਲਰੀ ਚਪੇੜ ਮਚਕੋੜੀ ਗਈ
ਕਿਸੇ ਦੇ ਖੁਰਦਰੇ ਬੇਨਾਮ ਹੱਥਾਂ ਵਿਚ
ਠੀਕ ਉਹ ਵਕਤ ਸੀ
ਜਦ ਇਸ ਕਤਲ ਦੀ ਸਾਜ਼ਿਸ਼ ਰਚੀ ਗਈ
ਕੋਈ ਵੀ ਪੁਲਸ ਨਹੀਂ ਲੱਭ ਸਕੂ ਇਸ ਸਾਜ਼ਿਸ਼ ਦੀ ਥਾਂ
ਕਿਉਂਕਿ ਟਿਊਬਾਂ ਕੇਵਲ ਰਾਜਧਾਨੀ ਵਿਚ ਜਗਦੀਆਂ ਹਨ
ਤੇ ਖੇਤਾਂ, ਖਾਨਾਂ, ਭੱਠਿਆਂ ਦਾ ਭਾਰਤ ਬਹੁਤ ਹਨੇਰਾ ਹੈ ।

ਤੇ ਠੀਕ ਏਸੇ ਸਰਦ ਹਨੇਰੇ ਵਿਚ ਸੁਰਤ ਸੰਭਾਲਣ ਤੇ
ਜੀਣ ਦੇ ਨਾਲ ਨਾਲ
ਜਦ ਪਹਿਲੀ ਵਾਰ ਇਸ ਜੀਵਨ ਬਾਰੇ ਸੋਚਣਾ ਸ਼ੁਰੂ ਕੀਤਾ
ਮੈਂ ਖ਼ੁਦ ਨੂੰ ਇਸ ਕਾਤਲ ਦੀ ਸਾਜ਼ਿਸ਼ ਵਿਚ ਸ਼ਰੀਕ ਪਾਇਆ,
ਜਦੋਂ ਵੀ ਵੀਭਤੱਸੀ ਸ਼ੋਰ ਦਾ ਨੱਪ ਕੇ ਖੁਰਾ
ਮੈਂ ਲੱਭਣਾ ਚਾਹਿਆ ਟਰਕਦੇ ਹੋਏ ਟਿੱਡੇ ਨੂੰ
ਸ਼ਾਮਿਲ ਤੱਕਿਆ ਹੈ, ਆਪਣੀ ਪੂਰੀ ਦੁਨੀਆਂ ਨੂੰ
ਇਸ ਕਤਲ ਦੀ ਸਾਜ਼ਸ਼ ਵਿੱਚ

ਮੈਂ ਸਦਾ ਹੀ ਉਸ ਨੂੰ ਕਤਲ ਕੀਤਾ ਹੈ
ਹਰ ਵਾਕਿਫ਼ ਜਣੇ ਦੀ ਹਿੱਕ 'ਚੋਂ ਲੱਭ ਕੇ
ਜੇ ਉਸ ਦੇ ਕਾਤਲਾਂ ਨੂੰ ਇੰਜ ਹੀ ਸੜਕਾਂ ਤੇ ਸਿੱਝਣਾ ਹੈ
ਤਾਂ ਬਣਦੀ ਸਜ਼ਾ ਮੈਨੂੰ ਵੀ ਮਿਲੇ ।
ਮੈਂ ਨਹੀਂ ਚਾਹੁੰਦਾ ਕਿ ਸਿਰਫ ਇਸ ਖਿਨਾਅ ਤੇ ਬਚਦਾ ਰਹਾਂ
ਕਿ ਮੇਰਾ ਪਤਾ ਨਹੀਂ ਹੈ ਭਜਨ ਲਾਲ ਬਿਸ਼ਨੋਈ ਨੂੰ—

ਇਸਦਾ ਜੋ ਵੀ ਨਾਂ ਹੈ—ਗੁੰਡਿਆਂ ਦੀ ਸਲਤਨਤ ਦਾ
ਮੈਂ ਇਸ ਦਾ ਨਾਗਰਿਕ ਹੋਣ ਤੇ ਥੁੱਕਦਾ ਹਾਂ ।
ਮੈਂ ਉਸ ਪਾਇਲਟ ਦੀਆਂ
ਮੀਸਣੀਆਂ ਅੱਖਾਂ ਵਿਚ ਰੜਕਦਾ ਭਾਰਤ ਹਾਂ
ਹਾਂ, ਮੈਂ ਭਾਰਤ ਹਾਂ ਰੜਕਦਾ ਹੋਇਆ ਉਹਦੀਆਂ ਅੱਖਾਂ ਵਿਚ
ਜੇ ਉਸ ਦਾ ਆਪਣਾ ਕੋਈ ਖਾਨਦਾਨੀ ਭਾਰਤ ਹੈ
ਤਾਂ ਮੇਰਾ ਨਾਮ ਉਸ 'ਚੋਂ ਹੁਣੇ ਕੱਟ ਦੇਵੋ ।

●

ਅਸੀਂ ਲੜਾਂਗੇ ਸਾਥੀ

ਅਸੀਂ ਲੜਾਂਗੇ ਸਾਥੀ, ਉਦਾਸ ਮੌਸਮ ਲਈ
ਅਸੀਂ ਲੜਾਂਗੇ ਸਾਥੀ, ਗ਼ੁਲਾਮ ਸੱਧਰਾਂ ਲਈ
ਅਸੀਂ ਚੁਣਾਂਗੇ ਸਾਥੀ, ਜ਼ਿੰਦਗੀ ਦੇ ਟੁਕੜੇ

ਹਥੌੜਾ ਹੁਣ ਵੀ ਚਲਦਾ ਹੈ, ਉਦਾਸ ਅਹਿਰਨ 'ਤੇ
ਸਿਆੜ ਹੁਣ ਵੀ ਵਗਦੇ ਨੇ, ਚੀਕਦੀ ਧਰਤੀ 'ਤੇ
ਇਹ ਕੰਮ ਸਾਡਾ ਨਹੀਂ ਬਣਦਾ, ਸਵਾਲ ਨੱਚਦਾ ਹੈ
ਸਵਾਲ ਦੇ ਮੋਰਾਂ 'ਤੇ ਚੜ੍ਹ ਕੇ
ਅਸੀਂ ਲੜਾਂਗੇ ਸਾਥੀ

ਕਤਲ ਹੋਏ ਜਜ਼ਬਿਆਂ ਦੀ ਕਸਮ ਖਾ ਕੇ
ਬੁਝੀਆਂ ਹੋਈਆਂ ਨਜ਼ਰਾਂ ਦੀ ਕਸਮ ਖਾ ਕੇ
ਹੱਥਾਂ 'ਤੇ ਪਏ ਰੱਟਣਾਂ ਦੀ ਕਸਮ ਖਾ ਕੇ
ਅਸੀਂ ਲੜਾਂਗੇ ਸਾਥੀ

ਅਸੀਂ ਲੜਾਂਗੇ ਤਦ ਤੱਕ
ਕਿ ਵੀਰੂ ਬੱਕਰੀਆਂ ਵਾਲਾ ਜਦੋਂ ਤੱਕ
ਬੱਕਰੀਆਂ ਦਾ ਮੂਤ ਪੀਂਦਾ ਹੈ
ਖਿੜੇ ਹੋਏ ਸਰ੍ਹੋਂ ਦੇ ਫੁੱਲਾਂ ਨੂੰ
ਜਦੋਂ ਤਕ ਵਾਹੁਣ ਵਾਲੇ ਆਪ ਨਹੀਂ ਸੁੰਘਦੇ
ਕਿ ਸੁੱਜੀਆਂ ਅੱਖੀਆਂ ਵਾਲੀ
ਪਿੰਡ ਦੀ ਅਧਿਆਪਕਾ ਦਾ ਪਤੀ ਜਦੋਂ ਤੱਕ
ਜੰਗ 'ਚੋਂ ਪਰਤ ਨਹੀਂ ਆਉਂਦਾ
ਜਦੋਂ ਤੱਕ ਪੁਲਸ ਦੇ ਸਿਪਾਹੀ
ਆਪਣੇ ਹੀ ਭਰਾਵਾਂ ਦਾ ਗਲਾ ਘੁੱਟਣ ਤੇ ਬਾਧਕ ਹਨ
ਕਿ ਬਾਬੂ ਦਫ਼ਤਰਾਂ ਵਾਲੇ
ਜਦੋਂ ਤੱਕ ਲਹੂ ਦੇ ਨਾਲ ਹਰਫ਼ ਪਾਉਂਦੇ ਹਨ......
ਅਸੀਂ ਲੜਾਂਗੇ ਜਦ ਤੱਕ
ਦੁਨੀਆਂ 'ਚ ਲੜਨ ਦੀ ਲੋੜ ਬਾਕੀ ਹੈ......

ਜਦੋਂ ਬੰਦੂਕ ਨਾ ਹੋਈ, ਓਦੋਂ ਤਲਵਾਰ ਹੋਵੇਗੀ
ਜਦੋਂ ਤਲਵਾਰ ਨਾ ਹੋਈ, ਲੜਨ ਦੀ ਲਗਨ ਹੋਵੇਗੀ
ਲੜਨ ਦੀ ਜਾਚ ਨਾ ਹੋਈ, ਲੜਨ ਦੀ ਲੋੜ ਹੋਵੇਗੀ
ਤੇ ਅਸੀਂ ਲੜਾਂਗੇ ਸਾਥੀ......

ਅਸੀਂ ਲੜਾਂਗੇ
ਕਿ ਲੜਨ ਬਾਝੋਂ ਕੁੱਝ ਵੀ ਨਹੀਂ ਮਿਲਦਾ
ਅਸੀਂ ਲੜਾਂਗੇ
ਕਿ ਹਾਲੇ ਤੱਕ ਲੜੇ ਕਿਉਂ ਨਹੀਂ
ਅਸੀਂ ਲੜਾਂਗੇ
ਆਪਣੀ ਸਜ਼ਾ ਕਬੂਲਣ ਲਈ
ਲੜ ਕੇ ਮਰ ਚੁੱਕਿਆਂ ਦੀ ਯਾਦ ਜ਼ਿੰਦਾ ਰੱਖਣ ਲਈ
ਅਸੀਂ ਲੜਾਂਗੇ ਸਾਥੀ......

●

ਯੁੱਗ ਪਲਟਾਵਾ

ਅੱਧੀ ਰਾਤੇ
ਮੇਰਾ ਕਾਂਬਾ ਸੱਤ ਰਜਾਈਆਂ ਨਾਲ ਵੀ ਨਾ ਰੁਕਿਆ,
ਸਤਲੁਜ ਮੇਰੇ ਬਿਸਤਰੇ ਤੇ ਲਹਿ ਗਿਆ
ਸੱਤੇ ਰਜਾਈਆਂ, ਗਿੱਲੀਆਂ,
ਤਾਪ ਇਕ ਸੌ ਛੇ, ਇਕ ਸੌ ਸੱਤ
ਹਰ ਸਾਹ ਮੁੜ੍ਹਕੋ ਮੁੜ੍ਹਕੀ
ਯੁੱਗ ਨੂੰ ਪਲਟਾਉਣ ਵਿਚ ਮਸਰੂਫ ਲੋਕ
ਬੁਖਾਰ ਨਾਲ ਨਹੀਂ ਮਰਦੇ ।
ਮੌਤ ਦੇ ਕੰਧੇ ਤੇ ਜਾਣ ਵਾਲਿਆਂ ਲਈ
ਮੌਤ ਤੋਂ ਪਿਛੋਂ ਜ਼ਿੰਦਗੀ ਦਾ ਸਫ਼ਰ ਸ਼ੁਰੂ ਹੁੰਦਾ ਹੈ
ਮੈਨੂੰ ਜਿਸ ਸੂਰਜ ਦੀ ਧੁੱਪ ਵਰਜਿਤ ਹੈ
ਮੈਂ ਉਸ ਦੀ ਛਾਂ ਤੋਂ ਵੀ ਇਨਕਾਰ ਕਰ ਦੇਵਾਂਗਾ
ਮੈਂ ਹਰ ਖਾਲੀ ਸੁਰਾਹੀ ਭੰਨ ਦਿਆਂਗਾ
ਮੇਰਾ ਲਹੂ ਤੇ ਮੁੜਕਾ ਮਿੱਟੀ ਵਿਚ ਡੁਲ੍ਹ ਗਿਆ ਹੈ
ਮੈਂ ਮਿੱਟੀ ਵਿਚ ਦੱਬੇ ਜਾਣ ਤੇ ਵੀ ਉੱਗ ਆਵਾਂਗਾ

●



ਹਰਸ਼ਰਨ ਗਿੱਲ, ਪਾਸ਼ ਤੇ ਜਸਪਾਲ ਸੂਸ

ਗੀਤ

ਸੋਨੇ ਦੀ ਸਵੇਰ ਜਦੋਂ ਆਊ ਹਾਣੀਆਂ
ਨੱਚੇਗਾ ਅੰਬਰ ਭੂਮੀ ਗਾਊ ਹਾਣੀਆਂ

ਮਿਹਨਤਾਂ ਦਾ ਮੁੱਲ ਆਪੇ ਪਉਣਾ ਲੋਕਾਂ ਨੇ
ਧਰਤੀ 'ਤੇ ਸੁਰਗ ਬਣਾਉਣਾ ਲੋਕਾਂ ਨੇ
ਇਕੋ ਜਿੰਨੀ ਖੁਸ਼ੀ ਸਾਰਿਆਂ ਦੇ ਜੀਣ ਨੂੰ
ਬਚੇਗਾ ਨਾ ਲੋਟੂ ਕੋਈ ਲਹੂ ਪੀਣ ਨੂੰ
ਸੂਹਾ ਝੰਡਾ ਉੱਚਾ ਲਹਿਰਾਊ ਹਾਣੀਆਂ

ਭੁੱਖਾ ਨੰਗਾ ਸੌਊ ਨਾ ਕੋਈ ਫੁੱਟਪਾਥ 'ਤੇ
ਜੀਣ ਦਾ ਸਮਾਨ ਹੋਊ ਸਭ ਵਾਸਤੇ
ਰੋਲੂ ਨਾ ਕੋਈ ਪੈਰੀਂ ਸੱਧਰਾਂ ਕੁਆਰੀਆਂ
ਦਿਲ 'ਤੇ ਗ਼ਰੀਬ ਦੇ ਨਾ ਫੇਰੂ ਆਰੀਆਂ
ਡਰੂ ਨਾ ਕੋਈ ਕਿਸੇ ਨੂੰ ਡਰਾਊ ਹਾਣੀਆਂ

ਭੁੱਖਾ ਕਿਸੇ ਮਾਂ ਦਾ ਨਾ ਜਵਾਕ ਰੋਊਗਾ
ਸਾਰਿਆਂ ਦੇ ਨਾਲ ਇਨਸਾਫ਼ ਹੋਊਗਾ
ਜੁੱਗਾਂ ਦੇ ਲਤਾੜੇ ਜ਼ਿੰਦਗੀ 'ਚ ਅਉਣਗੇ
ਜਨਤਾ ਦੇ ਦੋਖੀ ਪੂਰੀ ਸਜ਼ਾ ਪਉਣਗੇ
ਤਕੜਾ ਨਾ ਮਾੜੇ ਨੂੰ ਸਤਾਊ ਹਾਣੀਆਂ

ਵੈਰ ਭਾਵ ਅਤੇ ਸਾੜੇ ਮੁੱਕ ਜਾਣਗੇ
ਮਜ਼ਬਾਂ ਦੇ ਵੱਟਾਂ ਬੰਨੇ ਟੁੱਟ ਜਾਣਗੇ

ਦੁਨੀਆਂ 'ਤੇ ਇਕੋ ਹੀ ਜਮਾਤ ਹੋਏਗੀ
ਰੋਜ਼ ਹੀ ਦਿਵਾਲੀ ਵਾਲੀ ਰਾਤ ਹੋਏਗੀ
ਰੱਜ ਰੱਜ ਖਾਣਗੇ ਕਮਾਊ ਹਾਣੀਆਂ

ਸੋਨੇ ਦੀ ਸਵੇਰ ਜਦੋਂ ਆਊ ਹਾਣੀਆਂ
ਨੱਚੇਗਾ ਅੰਬਰ ਭੂਮੀ ਗਾਊ ਹਾਣੀਆਂ

●

ਭਾਰਤ

ਭਾਰਤ—
ਮੇਰੇ ਸਤਿਕਾਰ ਦਾ ਸਭ ਤੋਂ ਮਹਾਨ ਸ਼ਬਦ
ਜਿਥੇ ਕਿਤੇ ਵੀ ਵਰਤਿਆ ਜਾਏ
ਬਾਕੀ ਸਾਰੇ ਸ਼ਬਦ ਅਰਥ-ਹੀਣ ਹੋ ਜਾਂਦੇ ਹਨ
ਇਸ ਸ਼ਬਦ ਦੇ ਭਾਵ,
ਖੇਤਾਂ ਦੇ ਉਨ੍ਹਾਂ ਪੁਤਰਾਂ ਤੋਂ ਹਨ ।
ਜਿਹੜੇ ਅੱਜ ਵੀ ਰੁਖਾਂ ਦੇ ਪਰਛਾਵਿਆਂ ਨਾਲ,
ਵਕਤ ਮਿਣਦੇ ਹਨ ।
ਉਨ੍ਹਾਂ ਕੋਲ ਢਿੱਡ ਤੋਂ ਬਿਨਾਂ, ਕੋਈ ਸਮੱਸਿਆ ਨਹੀਂ ।
ਤੇ ਉਹ ਭੁੱਖ ਲੱਗਣ ਤੇ
ਆਪਣੇ ਅੰਗ ਵੀ ਚਬਾ ਸਕਦੇ ਹਨ,
ਉਨ੍ਹਾਂ ਲਈ ਜ਼ਿੰਦਗੀ ਇਕ ਪਰੰਪਰਾ ਹੈ
ਤੇ ਮੌਤ ਦੇ ਅਰਥ ਹਨ ਮੁਕਤੀ ।
ਜਦ ਵੀ ਕੋਈ ਸਮੁੱਚੇ ਭਾਰਤ ਦੀ
'ਕੌਮੀ ਏਕਤਾ' ਦੀ ਗੱਲ ਕਰਦਾ ਹੈ
ਤਾਂ ਮੇਰਾ ਚਿਤ ਕਰਦਾ ਹੈ—
ਉਸ ਦੀ ਟੋਪੀ ਹਵਾ 'ਚ ਉਛਾਲ ਦਿਆਂ ।
ਉਸ ਨੂੰ ਦੱਸਾਂ
ਕਿ ਭਾਰਤ ਦੇ ਅੱਰਥ
ਕਿਸੇ ਦੁਸ਼ਯੰਤ ਨਾਲ ਸਬੰਧਤ ਨਹੀਂ
ਸਗੋਂ ਖੇਤਾਂ ਵਿਚ ਦਾਇਰ ਹਨ ।
ਜਿਥੇ ਅੰਨ ਉੱਗਦਾ ਹੈ
ਜਿਥੇ ਸੰਨ੍ਹਾਂ ਲਗਦੀਆਂ ਹਨ.......

●